Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 30
November 2, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



**ਯੂਬਾ ਸਿਟੀ ਦਾ 37ਵਾਂ ਸਲਾਨਾ ਨਗਰ ਕੀਰਤਨ 6 ਨਵੰਬਰ ਨੂੰ**
ਅਦਾਰਾ 'ਦੇਸ਼ ਦੁਆਬਾ' ਵੱਲੋਂ ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਗੁਰਗੱਦੀ ਦਿਵਸ ਅਤੇ ਯੂਬਾ ਸਿਟੀ ਦੇ 37ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ।
**ਵਿਸਥਾਰ ਵਿਚ ਜਾਣਕਾਰੀ ਲਈ (ਦੇਖੋ ਸਫਾ 3 'ਤੇ)**

# ਰਾਸ਼ਟਰਪਤੀ ਓਬਾਮਾ ਨੇ ਪਹਿਲੀ ਵਾਰ ਓਵਲ ਦਫ਼ਤਰ 'ਚ ਮਨਾਈ ਦੀਵਾਲੀ

**ਵਾਸ਼ਿੰਗਟਨ (ਬਿਊਰੋ)–** ਰਾਸ਼ਟਰਪਤੀ ਬਰਾਕ ਓਬਾਮਾ ਨੇ ਪਹਿਲੀ ਵਾਰ ਇਥੇ ਵਾਈਟ ਹਾਊਸ ਸਥਿਤ ਆਪਣੇ ਓਵਲ ਦਫ਼ਤਰ ਵਿੱਚ ਦੀਵਾ ਜਗਾ ਕੇ ਦੀਵਾਲੀ ਦਾ ਤਿਓਹਾਰ ਮਨਾਇਆ। ਉਨ੍ਹਾਂ ਨਾਲ ਹੀ ਉਮੀਦ ਜ਼ਾਹਰ ਕੀਤੀ ਕਿ ਉਨ੍ਹਾਂ ਦੇ ਉਤਰਅਧਿਕਾਰੀ ਵੀ ਇਹ ਰਵਾਇਤ ਜਾਰੀ ਰੱਖਣਗੇ। ਵੱਖ-ਵੱਖ ਕਾਨੂੰਨਸਾਜ਼ਾਂ ਨੇ ਵੀ ਦੀਵਾਲੀ ਮੌਕੇ ਭਾਰਤੀ ਭਾਈਚਾਰੇ ਨੂੰ ਮੁਬਾਰਕਬਾਦ ਦਿੱਤੀ। ਸ੍ਰੀ ਓਬਾਮਾ ਹੀ ਮੁਲਕ ਦੇ ਅਜਿਹੇ ਪਹਿਲੇ ਸਦਰ ਸਨ ਜਿਨ੍ਹਾਂ 2009 ਵਿੱਚ ਵਾਈਟ ਹਾਊਸ ਵਿੱਚ ਨਿਜੀ ਤੌਰ 'ਤੇ ਦੀਵਾਲੀ ਮਨਾਉਣ ਦੀ ਸ਼ੁਰੂਆਤ ਕੀਤੀ ਸੀ। ਬੀਤੀ ਰਾਤ ਜਦੋਂ ਉਨ੍ਹਾਂ ਆਪਣੇ ਓਵਲ ਦਫ਼ਤਰ ਵਿੱਚ ਦੀਵਾ ਜਗਾਇਆ ਤਾਂ ਇਸ ਯਾਦਗਾਰੀ ਪਲ ਨੂੰ ਫੇਸਬੁੱਕ ਉਤੇ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਦੇ ਪ੍ਰਸ਼ਾਸਨ ਵਿਚਲੇ ਕਈ ਭਾਰਤੀ-ਅਮਰੀਕੀ ਵੀ ਹਾਜ਼ਰ ਸਨ। ਉਨ੍ਹਾਂ ਲਿਖਿਆ, "ਮੈਨੂੰ ਮਾਣ ਹੈ ਕਿ ਮੈਂ 2009 ਵਿੱਚ ਵਾਈਟ ਹਾਊਸ ਵਿੱਚ ਦੀਵਾਲੀ ਮਨਾਉਣ ਵਾਲਾ ਪਹਿਲਾ ਰਾਸ਼ਟਰਪਤੀ ਬਣਿਆ। ਰਾਸ਼ਟਰਪਤੀ ਓਬਾਮਾ ਨੇ ਸਿੱਖ ਭਾਈਚਾਰੇ ਨੂੰ ਉਚੇਚੇ ਤੌਰ ਤੇ ਬੰਦੀ ਛੋਡ ਦਿਵਸ ਦੀਆਂ ਵਧਾਈਆਂ ਦਿੱਤੀਆਂ।





ਹਰਦਿਆਲ ਸਿੰਘ ਥਿਆੜਾ ਨੇ ਕੀਤੀ ਇਲੈਕਟਰੋਨਿਕ ਕਾਰ ਈਜ਼ਾਦ, ਹਵਾ ਨਾਲ਼ ਚਲਦੀ ਕਾਰ ਹਵਾ ਨਾਲ਼ ਕਰੇਗੀ ਗੱਲਾਂ। **(ਰੇਸ਼ਮ ਕਰਨਾਣਵੀ ਦੀ ਵਿਸ਼ੇਸ਼ ਰਿਪੋਰਟ ਦੇਖੋ ਸਫਾ 16 'ਤੇ)**

# ਸਰਬਜੀਤ ਸਿੰਘ ਮਰਵਾਹ ਬਣੇ ਪਹਿਲੇ ਸਰਦਾਰ ਕੈਨੇਡੀਅਨ ਸੈਨੇਟਰ

**ਟੋਰਾਂਟੋ (ਬਿਊਰੋ)–** ਸਰਬਜੀਤ ਸਿੰਘ (ਸੈਬੀ) ਮਰਵਾਹ ਨੂੰ ਹਾਲ ਹੀ ਵਿੱਚ ਕੈਨੇਡਾ ਦੀ ਸੈਨੇਟ ਵਿੱਚ ਚੁਣਿਆ ਗਿਆ ਹੈ। ਉਹ ਪਹਿਲੇ ਸਰਦਾਰ ਅਤੇ ਅੰਮ੍ਰਿਤਸਰ ਦੀ ਰਤਨਾ ਉਮੀਦਵਾਰ ਤੋਂ ਬਾਅਦ ਦੂਜੇ ਪੰਜਾਬੀ ਹਨ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੁਲਕ ਦੀ ਸੈਨੇਟ ਵਿੱਚ ਨਿਵਾਜਿਆ ਹੈ। ਸ੍ਰੀ ਮਰਵਾਹ ਸਕੋਸ਼ੀਆ ਬੈਂਕ ਵਿੱਚ 35 ਸਾਲ ਦੀ ਨੌਕਰੀ ਬਾਅਦ ਦੋ ਸਾਲ ਪਹਿਲਾਂ ਉਪ ਪ੍ਰਧਾਨ ਬਣ ਕੇ ਸੇਵਾਮੁਕਤ ਹੋਏ ਹਨ। ਇਸ ਤੋਂ ਇਲਾਵਾ ਉਹ ਸੀਡੀ ਹੌਵੀ, ਰੌਇਲ ਓਂਟਾਰੀਓ ਮਿਊਜ਼ੀਅਮ, ਯੂਨਾਈਟਿਡ ਵੇਅ ਕੈਂਪੇਨ, ਟੋਰਾਂਟੋ ਫਿਲਮ ਫੈਸਟੀਵਲ ਤੇ ਸਿੱਕ ਕਿਡਜ਼ ਹਸਪਤਾਲ ਵਰਗੀਆਂ ਕਈ ਗੈਰ ਮੁਨਾਫ਼ਾ ਸੰਸਥਾਵਾਂ ਦੇ
**(ਬਾਕੀ ਸਫਾ 25 ਤੇ)**





ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਗੁਰਗੱਦੀ ਦਿਵਸ ਅਤੇ 37ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ। ਸਮੂਹ ਸਾਧ ਸੰਗਤ ਦੇ ਚਰਨਾਂ 'ਚ ਬੇਨਤੀ ਹੈ ਕਿ ਨਗਰ ਕੀਰਤਨ ਮੌਕੇ ਹਾਜ਼ਰੀਆਂ ਲਗਵਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538

RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets

## ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



### ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

**6 ਨਵੰਬਰ 2016 ਦਿਨ ਐਤਵਾਰ** ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਹੁਮ-ਹੁਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

## — : ਪ੍ਰੋਗਰਾਮ ਦਾ ਵੇਰਵਾ : —

**ਅਖੰਡ ਪਾਠ ਸਾਹਿਬ ਦੀ ਲੜੀ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 17 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ 4 ਨਵੰਬਰ ਸ਼ੁੱਕਰਵਾਰ ਤੋਂ ਆਰੰਭ ਹੋ ਕੇ 6 ਨਵੰਬਰ ਦਿਨ ਐਤਵਾਰ ਨੂੰ ਸਵੇਰੇ 8.00 ਵਜੇ ਭੋਗ ਪੈਣਗੇ।

**ਵਿਸ਼ੇਸ਼ ਕਵੀ ਦਰਬਾਰ**

21 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਵਿਸ਼ੇਸ਼ ਕਵੀ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10:30 ਵਜੇ ਤੱਕ ਹੋਵੇਗਾ।

**ਬੱਚਿਆਂ ਦਾ ਕੀਰਤਨ ਦਰਬਾਰ**

ਅਕਤੂਬਰ 29 ਦਿਨ ਸ਼ਨੀਵਾਰ ਨੂੰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10:00 ਵਜੇ ਤੱਕ ਹੋਵੇਗਾ।

**ਬੰਦੀ ਛੋੜ ਦਿਵਸ (ਦੀਵਾਲੀ)**

ਅਕਤੂਬਰ 30 ਦਿਨ ਐਤਵਾਰ ਨੂੰ ਸ਼ਾਮ 6.30 ਵਜੇ ਤੋਂ 10 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ।

**ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ**

ਅਕਤੂਬਰ 31 ਦਿਨ ਸੋਮਵਾਰ ਨੂੰ ਰਾਤ 6.30 ਵਜੇ ਤੋਂ ਰਾਤ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦੀਵਾਨ ਸਜਣਗੇ।

**ਆਤਿਸ਼ਬਾਜ਼ੀ**

4 ਨਵੰਬਰ ਦਿਨ ਸ਼ੁੱਕਰਵਾਰ ਨੂੰ ਰਾਤ 8:00 ਵਜੇ ਆਤਿਸ਼ਬਾਜ਼ੀ ਹੋਵੇਗੀ।

**ਅੰਮ੍ਰਿਤ ਸੰਚਾਰ**

5 ਨਵੰਬਰ ਦਿਨ ਸ਼ਨੀਵਾਰ ਸਵੇਰੇ 5 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਜੀ ਕੋਲ ਲਿਖਵਾ ਕੇ ਕਕਾਰ ਪ੍ਰਾਪਤ ਕਰ ਸਕਦੀਆਂ ਹਨ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ**

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ 5 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9.00 ਵਜੇ ਹੋਵੇਗੀ।

**ਓਪਨ ਹਾਊਸ/ਸੈਮੀਨਾਰ**

ਨਵੰਬਰ 5 ਦਿਨ ਸ਼ਨੀਵਾਰ ਨੂੰ ਓਪਨ ਹਾਊਸ/ਸੈਮੀਨਾਰ ਦਸਮੇਸ਼ ਹਾਲ ਵਿਚ 2 ਵਜੇ ਤੋਂ 6 ਵਜੇ ਤੱਕ ਹੋਵੇਗਾ।

**ਰੈਣ ਸਬਾਈ ਕੀਰਤਨ**

5 ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵਜੇ ਤੱਕ ਹੋਵੇਗਾ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

**ਰੋਜ਼ਾਨਾ ਕੀਰਤਨ ਦਰਬਾਰ**

19 ਅਕਤੂਬਰ ਤੋਂ 5 ਨਵੰਬਰ ਤੱਕ ਹਰ ਰੋਜ਼ ਕੀਰਤਨ ਸਮਾਗਮ ਸ਼ਾਮ 5.00 ਤੋਂ ਲੈ ਕੇ ਰਾਤ 10 ਵਜੇ ਤੱਕ ਹੋਣਗੇ।

**ਭੋਗ ਅਤੇ ਕੀਰਤਨ ਸਮਾਗਮ**

6 ਨਵੰਬਰ ਐਤਵਾਰ ਸਵੇਰੇ 8:00 ਵਜੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਕੀਰਤਨ ਸਮਾਗਮ ਹੋਣਗੇ।

**ਨਗਰ ਕੀਰਤਨ**

6 ਨਵੰਬਰ ਦਿਨ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 10:00 ਵਜੇ ਆਰੰਭ ਹੋ ਕੇ ਸ਼ਾਮ 4:00 ਵਜੇ ਗੁਰਦਵਾਰਾ ਸਾਹਿਬ ਪਹੁੰਚੇਗਾ, ਉਪਰੰਤ ਸਮਾਪਤੀ ਦੀ ਅਰਦਾਸ ਹੋਵੇਗੀ।

**ਬੇਨਤੀ**

ਸਮੁੱਚੇ ਨਗਰ ਕੀਰਤਨ ਵਿੱਚ ਕਿਸੇ ਵੀ ਕਿਸਮ ਦੀ ਸੇਵਾ ਕਰਕੇ ਸੰਗਤਾਂ ਇਸ ਮਹਾਨ ਕੁੰਭ ਵਿੱਚ ਹਿੱਸਾ ਪਾ ਸਕਦੀਆਂ ਹਨ।

ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ : (1) ਭਾਈ ਤਾਰਾ ਸਿੰਘ ਜੀ ਹਜ਼ੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ (2) ਭਾਈ ਗਗਨਦੀਪ ਸਿੰਘ ਜੀ ਗੰਗਾ ਨਗਰ ਵਾਲੇ, (3) ਭਾਈ ਉਂਕਾਰ ਸਿੰਘ ਜੀ ਊਨਾ ਵਾਲੇ (4) ਭਾਈ ਗੁਰਨਿਮਤ ਸਿੰਘ ਜੀ ਰਾਜ ਰੰਗੀਲਾ (5) ਭਾਈ ਹਰਨਾਮ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ (6) ਭਾਈ ਗੁਰਪ੍ਰੀਤ ਸਿੰਘ ਜੀ ਬਲੱਡਵਾਲ ਜਲੰਧਰ (7) ਭਾਈ ਦਲੀਪ ਸਿੰਘ ਜੀ ਹੀਰਾ (ਸਾਬਕਾ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ), (8) ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ (9) ਗਿਆਨੀ ਸੁਖਵਿੰਦਰ ਸਿੰਘ ਗਰੇਵਾਲ ਦਾ ਢਾਡੀ।

ਇਸ ਤੋਂ ਇਲਾਵਾ ਸਿੱਖ ਪੰਥ ਦੇ ਉੱਚ ਕੋਟੀ ਦੇ ਰਾਗੀ ਜੱਥੇ, ਕਥਾਵਾਚਕ ਅਤੇ ਪ੍ਰਚਾਰਕ ਵੀ ਹਾਜ਼ਰੀ ਭਰਨਗੇ।

| ਹੋਰ ਜਾਣਕਾਰੀ ਲਈ ਸੰਪਰਕ ਕਰੋ | | | |
|---|---|---|---|
| (ਹੈਡ ਗ੍ਰੰਥੀ) ਭਾਈ ਸਾਹਿਬ ਸਿੰਘ<br>530-673-9918 | ਸ: ਜਸਵੰਤ ਸਿੰਘ ਬੈਂਸ<br>530-701-3971 | ਸ: ਸਰਬਜੀਤ ਸਿੰਘ ਥਿਆੜਾ<br>530-682-5861 | ਸ: ਪਰਮਿੰਦਰ ਸਿੰਘ ਗਰੇਵਾਲ<br>530-682-5860 |

ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇ ਜੀ। ਰਿਵਰ ਵੈਲੀ ਹਾਈ ਸਕੂਲ ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।



ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ





# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।



ਹਰਜੀਤ ਸਿੰਘ ਧਾਂਦਲੀਆਂ



ਨਰ ਸਿੰਘ ਹੀਰ

# ਗ਼ੈਰਕਾਨੂੰਨੀ ਪ੍ਰਵਾਸ ਅਮਰੀਕਾ ਲਈ ਵੱਡੀ ਸਿਰਦਰਦੀ

**ਵਾਸ਼ਿੰਗਟਨ–** ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਦੇ ਯਤਨ ਕਰਨ ਵਾਲਿਆਂ ਵਿੱਚ ਵਿਸ਼ਵ ਦੇ ਦੂਜੇ ਸਿਰੇ 'ਤੇ ਵਸੇ ਮੁਲਕਾਂ ਦੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪਿਛਲੇ ਸਾਲ ਮੈਕਸਿਕਨ ਸਰਹੱਦ ਉਤੇ ਫੜੇ ਗਏ ਪਰਵਾਸੀਆਂ ਵਿੱਚੋਂ ਜ਼ਿਆਦਾਤਰ ਲਾਤੀਨੀ ਅਮਰੀਕੀ ਸਨ। ਇਹ ਅੰਕੜੇ ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਗਏ ਹਨ।

ਜਾਣਕਾਰੀ ਮੁਤਾਬਕ ਅਕਤੂਬਰ 2015 ਅਤੇ ਅਗਸਤ 2016 ਦੇ ਅਖ਼ੀਰ ਦਰਮਿਆਨ ਅੱਠ ਹਜ਼ਾਰ ਤੋਂ ਵੱਧ ਪਰਵਾਸੀ ਕਾਬੂ ਕੀਤੇ ਗਏ ਹਨ, ਜਿਨ੍ਹਾਂ ਵਿੱਚ ਭਾਰਤ, ਚੀਨ, ਰੋਮਾਨੀਆ, ਬੰਗਲਾਦੇਸ਼ ਤੇ ਨੇਪਾਲ ਦੇ ਲੋਕ ਸ਼ਾਮਲ ਹਨ। ਅਜਿਹੇ ਪਰਵਾਸੀਆਂ ਨੂੰ ਭਾਵੇਂ ਤੁਰੰਤ ਵਾਪਸ ਭੇਜ ਦਿੱਤਾ ਗਿਆ ਪਰ ਅਮਰੀਕਾ 'ਚ ਗ਼ੈਰਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ ਵਧਣ ਨਾਲ ਆਵਾਸ ਏਜੰਟਾਂ ਲਈ ਨਵੀਂ ਸਮੱਸਿਆ ਖੜ੍ਹੀ ਹੋ ਗਈ ਹੈ।

ਪਿਛਲੇ ਸਾਲ ਗ਼ੈਰਕਾਨੂੰਨੀ ਢੰਗ ਨਾਲ ਮੈਕਸਿਕਨ ਸਰਹੱਦ ਪਾਰ ਕਰਦੇ ਫੜੇ ਗਏ ਲੋਕਾਂ ਦੀ ਗਿਣਤੀ 408000 ਤੋਂ ਵੱਧ ਹੈ। ਪਰਵਾਸੀ 'ਸੁਪਨਿਆਂ ਦੀ ਧਰਤ' ਉੱਤੇ ਪੁੱਜਣ ਲਈ ਕਈ ਵਾਰ ਜਾਨ ਜ਼ੋਖ਼ਮ ਵਿੱਚ ਪਾ ਕੇ ਦੱਖਣੀ ਅਮਰੀਕੀ ਸਾਗਰ ਤੋਂ ਹੁੰਦੇ ਹੋਏ ਮੈਕਸਿਕੋ ਦੀ ਸਰਹੱਦ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਣ ਦੇ ਯਤਨ ਕਰਦੇ ਹਨ। ਦਹਾਕਿਆਂ ਤੋਂ ਗ਼ੈਰਕਾਨੂੰਨੀ ਪਰਵਾਸ ਦੇ ਮੁੱਦੇ ਉਤੇ ਬਹਿਸ ਵਿੱਚ ਮੈਕਸਿਕੋ, ਜਿਸ ਦੇ ਜ਼ਿਆਦਾਤਰ ਵਾਸੀ ਗ਼ੈਰਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ ਸਨ, ਛਾਇਆ ਰਿਹਾ ਹੈ ਪਰ ਹਾਲ ਹੀ ਦੇ ਸਾਲਾਂ ਵਿੱਚ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਦਾ ਯਤਨ ਕਰਨ ਵਾਲੇ ਮੈਕਸਿਕੋ ਵਾਸੀਆਂ ਦੀ ਗਿਣਤੀ ਘਟੀ ਹੈ।

ਅਮਰੀਕਾ ਵਿੱਚ ਵੜਨ ਦਾ ਯਤਨ ਕਰਦੇ ਫੜੇ ਗਏ ਮੁਲਕਾਂ ਦੇ ਲੋਕਾਂ ਵਿੱਚ ਭਾਰਤ ਤੇ ਚੀਨ ਟੌਪ-10 ਵਿੱਚ ਹਨ। ਇਨ੍ਹਾਂ ਦੋਵੇਂ ਮੁਲਕਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਕਾਨੂੰਨੀ ਢੰਗ ਨਾਲ ਵੀ ਆਉਂਦੇ ਹਨ ਅਤੇ ਕਈ ਵੀਜ਼ਿਆਂ ਦੀ ਮਿਆਦ ਲੰਘਣ ਬਾਅਦ ਵੀ ਇੱਥੇ ਡਟੇ ਹੋਏ ਹਨ। ਬਾਰਡਰ ਪੈਟਰੋਲ ਸੈਕਟਰ ਦੇ ਸਾਬਕਾ ਮੁਖੀ ਅਤੇ ਯੂਨੀਵਰਸਿਟੀ ਆਫ ਟੈਕਸਸ ਵਿੱਚ ਸੈਂਟਰ ਫਾਰ ਲਾਅ ਐਂਡ ਹਿਊਮਨ ਬੀਹੇਵੀਅਰ ਦੇ ਡਾਇਰੈਕਟਰ ਵਿਕਟਰ ਮਾਂਜਾਰੇਜ਼ ਨੇ ਕਿਹਾ ਕਿ ਅਮਰੀਕਾ ਤੋਂ ਲੱਖਾਂ ਕੋਹਾਂ ਦੂਰ ਵਸਦੇ ਮੁਲਕਾਂ ਵਿੱਚੋਂ ਪਰਵਾਸੀਆਂ ਦੀ ਗਿਣਤੀ ਵਧਣੀ ਚਿੰਤਾ ਦਾ ਵਿਸ਼ਾ ਹੈ। ਇਹ ਅਮਰੀਕਾ ਦੀ ਸਰਹੱਦੀ ਸੁਰੱਖਿਆ ਤੇ ਪਰਵਾਸ ਰੋਕੂ ਅਧਿਕਾਰੀਆਂ ਲਈ ਸੰਕਟ ਹੈ।

# ਸਿੱਧੂ ਖ਼ਾਤਰ ਪਾਰਟੀ ਸਿਧਾਂਤਾਂ ਨਾਲ ਕੋਈ ਸਮਝੌਤਾ ਨਹੀਂ ਕਰੇਗੀ : ਜਰਨੈਲ ਸਿੰਘ

**ਚੰਡੀਗੜ੍ਹ–** ਆਮ ਆਦਮੀ ਪਾਰਟੀ (ਆਪ) ਨੇ ਇਕ ਵਾਰ ਫੇਰ ਭਾਜਪਾ ਦੇ ਸਾਬਕਾ ਆਗੂ ਨਵਜੋਤ ਸਿੰਘ ਸਿੱਧੂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਬਾਰੇ ਸਖ਼ਤ ਰੁਖ਼ ਅਪਣਾ ਲਿਆ ਹੈ। ਪਾਰਟੀ ਦੇ ਪੰਜਾਬ ਸਹਿ ਇੰਚਾਰਜ ਅਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੇ ਅੱਜ ਕਿਹਾ ਹੈ ਕਿ ਸਿੱਧੂ ਨੂੰ ਪਾਰਟੀ ਦੇ ਸਿਧਾਂਤਾਂ ਨਾਲ ਕੋਈ ਸਮਝੌਤਾ ਕਰਕੇ 'ਆਪ' ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਸਿੱਧੂ ਨੂੰ ਅਗਾਊਂ ਸ਼ਰਤਾਂ ਦੇ ਅਧਾਰ 'ਤੇ ਵੀ ਪਾਰਟੀ ਵਿੱਚ ਸ਼ਾਮਲ ਕਰਨਾ ਨਾਮੁਮਕਿਨ ਹੈ। ਪਾਰਟੀ ਦੇ ਕੌਮੀ ਬੁਲਾਰੇ ਅਤੇ ਪੰਜਾਬ ਦੇ ਇੰਚਾਰਜ ਸੰਜੇ ਸਿੰਘ ਵੱਲੋਂ ਭਾਜਪਾ ਦੇ ਸਾਬਕਾ ਆਗੂ ਬਾਰੇ ਅਜਿਹੀ ਕੋਈ ਸਖ਼ਤ ਸ਼ਰਤ ਨਾ ਲਾਉਣ ਬਾਰੇ ਸ੍ਰੀ ਜਰਨੈਲ ਸਿੰਘ ਨੇ ਸਾਫ਼ ਕੀਤਾ ਕਿ ਉਹ ਆਪਣੀ ਗੱਲ ਉਪਰ ਕਾਇਮ ਹਨ ਅਤੇ ਸੰਜੇ ਸਿੰਘ ਦੇ ਉਨ੍ਹਾਂ ਤੋਂ ਵੱਖਰੇ ਵਿਚਾਰ ਹੋ ਸਕਦੇ ਹਨ। ਪਿਛਲੇ ਦਿਨਾਂ ਤੋਂ ਚਰਚਾ ਹੈ ਕਿ ਸਿੱਧੂ ਨੇ ਕਾਂਗਰਸ ਤੋਂ ਆਪਣਾ ਰੁਖ਼ ਬਦਲਦਿਆਂ 'ਆਪ' ਨਾਲ ਗੱਲਬਾਤ ਵਾਲੇ ਮਾਹੌਲ ਤੋਂ ਲੋਕਾ ਸ਼ੁਰੂ ਕੀਤੀ ਹੈ। ਸੰਜੇ ਸਿੰਘ ਨੇ ਵੀ ਇਸ ਦੀ ਪੁਸ਼ਟੀ ਕਰਦਿਆਂ ਆਸ ਪ੍ਰਗਟ ਕੀਤੀ ਸੀ ਕਿ ਜਲਦ ਹੀ ਆਵਾਜ਼-ਏ-ਪੰਜਾਬ ਦੀ ਸਮੁੱਚੀ ਟੀਮ ਨਾਲ ਉਨ੍ਹਾਂ ਦੀ ਸਾਂਝ ਪੈ ਸਕਦੀ ਹੈ। ਇਸ ਦੇ ਉਲਟ ਜਰਨੈਲ ਸਿੰਘ ਵੱਲੋਂ ਅੱਜ ਸਿੱਧੂ ਵਿਰੁੱਧ ਸਖ਼ਤ ਸਟੈਂਡ ਲੈਣ ਕਾਰਨ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਗਏ ਹਨ।

ਉਨ੍ਹਾਂ ਨੇ ਆਪਣਾ ਇਹ ਸਟੈਂਡ ਇਥੇ ਪ੍ਰੈਸ ਕਾਨਫਰੰਸ ਵਿੱਚ ਸਾਫ਼ ਕੀਤਾ। ਇਸ ਮੌਕੇ ਉਨ੍ਹਾਂ 32 ਸਾਲਾਂ ਬਾਅਦ ਵੀ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਨਾ ਮਿਲਣ ਅਤੇ ਦੋਸ਼ੀਆਂ ਨੂੰ ਸਜ਼ਾ ਨਾ ਦੇਣ ਉਪਰ ਦੁੱਖ ਜ਼ਾਹਰ ਕਰਦਿਆਂ 3 ਨਵੰਬਰ ਨੂੰ ਮੁਹਾਲੀ ਵਿੱਚ ਇਕ ਰੋਜ਼ਾ ਭੁੱਖ ਹੜਤਾਲ ਰੱਖ ਕੇ ਮੋਦੀ ਸਰਕਾਰ,



ਬਾਦਲ ਸਰਕਾਰ ਅਤੇ ਕੈਪਟਨ ਦੇ ਸਿੱਖ ਵਿਰੋਧੀ ਚਿਹਰਿਆਂ ਨੂੰ ਬੇਨਕਾਬ ਕਰਨ ਦਾ ਐਲਾਨ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜ ਕੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਬਣਾਈ ਵਿਸ਼ੇਸ਼ ਪੜਤਾਲੀਆ ਟੀਮ (ਐਸਆਈਟੀ) ਨੇ ਦੋ ਸਾਲਾਂ ਵਿੱਚ ਕੱਖ ਨਹੀਂ ਕੀਤਾ। ਉਨ੍ਹਾਂ ਸ੍ਰੀ ਮੋਦੀ ਕੋਲੋਂ ਮੰਗ ਕੀਤੀ ਕਿ ਐਸਆਈਟੀ ਰਾਹੀਂ ਦਿੱਲੀ ਪੁਲੀਸ ਵੱਲੋਂ ਸਿੱਖ ਕਤਲੇਆਮ ਦੇ ਬੰਦ ਕੀਤੇ 234 ਕੇਸ ਤਿੰਨ ਮਹੀਨਿਆਂ ਵਿੱਚ ਖੁੱਲ੍ਹਵਾਏ ਜਾਣ ਜਾਂ ਫਿਰ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਇਸ ਮੁੱਦੇ ਉਪਰ ਕਾਰਵਾਈ ਕਰਨ ਦੇ ਅਧਿਕਾਰ ਦਿੱਤੇ ਜਾਣ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਰਾਜ ਵਿੱਚ ਆ ਕੇ ਵੱਸੇ ਸਿੱਖ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਮਕਾਨ ਦੇਣ ਵਿੱਚ ਘਪਲੇ ਕੀਤੇ ਗਏ ਹਨ ਅਤੇ ਇਸ ਦੀ ਜਾਂਚ ਸੀਬੀਆਈ ਕੋਲੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਜਗਦੀਸ਼ ਟਾਈਟਲਰ ਤੇ ਕਮਲਨਾਥ ਨੂੰ ਕਲੀਨ ਚਿੱਟ ਦੇ ਕੇ ਸਿੱਖਾਂ ਨਾਲ ਧ੍ਰੋਹ ਕਮਾਇਆ ਹੈ। ਉਨ੍ਹਾਂ ਮੰਗ ਕੀਤੀ ਕਿ ਅਭਿਸ਼ੇਕ ਵਰਮਾ, ਜਗਦੀਸ਼ ਟਾਈਟਲਰ ਅਤੇ ਕੈਪਟਨ ਵਿਚਕਾਰਲੇ ਸਬੰਧਾਂ ਦੀ ਜਾਂਚ ਕਰਵਾਈ ਜਾਵੇ ਅਤੇ ਵਰਮਾ ਅਤੇ ਟਾਈਟਲਰ ਉਪਰ ਗਵਾਹ ਨੂੰ ਲਾਲਚ ਦੇ ਕੇ ਮੂੰਹ ਬੰਦ ਕਰਨ ਦੇ ਦੋਸ਼ਾਂ ਤਹਿਤ ਵੱਖਰਾ ਕੇਸ ਦਰਜ ਕੀਤਾ ਜਾਵੇ।

# ਪਾਕਿ ਦੀ ਗੋਲਾਬਾਰੀ ਨੇ ਲਈ ਅੱਠ ਨਾਗਰਿਕਾਂ ਦੀ ਜਾਨ

**ਜੰਮੂ–** ਜੰਮੂ ਖੇਤਰ ਵਿੱਚ ਪਾਕਿਸਤਾਨ ਵੱਲੋਂ ਮੋਰਟਾਰ ਦਾਗ਼ਣ ਕਾਰਨ ਅੱਠ ਨਾਗਰਿਕਾਂ ਦੀ ਮੌਤ ਹੋ ਗਈ ਤੇ 22 ਫੱਟੜ ਹੋ ਗਏ। ਭਾਰਤੀ ਫੌਜ ਨੇ ਵੀ ਜਵਾਬੀ ਕਾਰਵਾਈ ਕੀਤੀ, ਜਿਸ ਵਿੱਚ ਦੋ ਪਾਕਿਸਤਾਨੀ ਫ਼ੌਜੀ ਮਾਰੇ ਗਏ ਤੇ 11 ਆਮ ਸ਼ਹਿਰੀ ਜ਼ਖ਼ਮੀ ਹੋਏ ਹਨ। ਉਧਰ ਪਾਕਿਸਤਾਨ ਦੇ ਇਕ ਅਖ਼ਬਾਰ 'ਐਕਸਪ੍ਰੈਸ ਟ੍ਰਿਬਿਊਨ' ਮੁਤਾਬਕ ਸੋਮਵਾਰ ਨੂੰ ਮਕਬੂਜ਼ਾ ਕਸ਼ਮੀਰ ਵਿੱਚ ਭਾਰਤੀ ਗੋਲੀਬਾਰੀ ਕਾਰਨ ਚਾਰ ਆਮ ਸ਼ਹਿਰੀ ਮਾਰੇ ਗਏ ਤੇ ਛੇ ਫੱਟੜ ਹੋ ਗਏ। ਇਸੇ ਦੌਰਾਨ ਭਾਰਤ-ਪਾਕਿ ਸਰਹੱਦ 'ਤੇ ਤਣਾਅ ਕਾਰਨ ਹਾਲਤ ਦਾ ਜਾਇਜ਼ਾ ਲੈਣ ਲਈ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਅੱਜ ਉੱਚ ਪੱਧਰੀ ਮੀਟਿੰਗ ਕੀਤੀ ਜਿਸ ਵਿੱਚ ਰੱਖਿਆ ਮੰਤਰੀ ਮਨੋਹਰ ਪਰੀਕਰ ਵੀ ਸ਼ਾਮਲ ਹੋਏ। ਇਸੇ ਦੌਰਾਨ ਜੰਮੂ ਕਸ਼ਮੀਰ ਦੇ ਰਾਜਪਾਲ ਐਨਐਨ ਵੋਹਰਾ ਨੇ ਵੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਕੀਤੀ। ਅੱਜ ਤੜਕੇ ਤੋਂ ਹੀ ਪਾਕਿਸਤਾਨੀ ਫ਼ੌਜੀਆਂ ਨੇ ਜੰਮੂ ਕਸ਼ਮੀਰ ਵਿੱਚ ਕੌਮਾਂਤਰੀ ਸਰਹੱਦ ਨਾਲ ਲੱਗੀਆਂ ਬਸਤੀਆਂ, ਫ਼ੌਜੀ ਚੌਕੀਆਂ ਅਤੇ ਕੰਟਰੋਲ ਰੇਖਾ 'ਤੇ ਸਾਂਬਾ, ਜੰਮੂ, ਪੁਣਛ ਅਤੇ ਰਾਜੌਰੀ ਜ਼ਿਲ੍ਹਿਆਂ ਵਿੱਚ ਮੋਰਟਾਰ ਦਾਗੇ।

ਫ਼ੌਜੀ ਸੂਤਰਾਂ ਮੁਤਾਬਕ ਪਾਕਿਸਤਾਨੀ ਫੌਜੀਆਂ ਨੇ 120 ਅਤੇ 82 ਐਮਐਮ ਦੇ ਮੋਰਟਾਰ ਵਰਗੇ ਭਾਰੀ ਕੈਲੀਬਰ ਵਾਲੇ ਹਥਿਆਰਾਂ ਦੀ ਵਰਤੋਂ ਕੀਤੀ। ਸਾਂਬਾ ਦੇ ਡੀਸੀ ਸ਼ੀਤਲ ਨੰਦਾ ਨੇ ਦੱਸਿਆ ਕਿ ਜ਼ਿਲ੍ਹੇ ਦੇ ਰਾਮਗੜ੍ਹ ਸੈਕਟਰ ਵਿੱਚ ਅੱਜ ਮੋਰਟਾਰ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ ਤੇ ਨੌਂ ਜ਼ਖ਼ਮੀ ਹੋ ਗਏ। ਇਸੇ ਇਲਾਕੇ ਵਿੱਚ ਮੋਰਟਾਰ ਦਾਗ਼ਣ ਦੇ ਸਦਮੇ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ ਛੇ ਹੋ ਗਈ। ਰਾਜੌਰੀ ਦੇ ਡੀਸੀ ਸ਼ਬੀਰ ਅਹਿਮਦ ਭੱਟ ਨੇ ਦੱਸਿਆ ਕਿ ਜ਼ਿਲ੍ਹੇ ਦੇ ਮੰਜਾਕੋਟ ਇਲਾਕੇ ਦੇ ਰਾਜਗੜ੍ਹੀਆ ਹੱਦ 'ਤੇ ਬਸਤੀਆਂ ਉਪਰ ਪਾਕਿਸਤਾਨੀ ਫ਼ੌਜੀਆਂ ਵੱਲੋਂ ਕੀਤੀ ਗੋਲਬਾਰੀ ਤੇ ਮੋਰਟਾਰ ਕਾਰਨ ਦੋ ਔਰਤਾਂ ਦੀ ਮੌਤ ਹੋ ਗਈ। ਜ਼ਿਲ੍ਹੇ ਦੇ ਨੌਸ਼ਹਿਰਾ ਸੈਕਟਰ ਵਿੱਚ ਵੀ ਗੁਆਂਢੀ ਦੇਸ਼ ਦੀ ਫੌਜ ਵੱਲੋਂ ਮੋਰਟਾਰ ਦਾਗ਼ਣ ਕਾਰਨ ਫੌਜ ਦੇ ਤਿੰਨ ਕੁਲੀ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲੀਸ ਨੇ ਦੱਸਿਆ ਕਿ ਪਾਕਿਸਤਾਨ ਵੱਲੋਂ ਦਾਗ਼ਿਆ ਮੋਰਟਾਰ ਪੁਣਛ ਜ਼ਿਲ੍ਹੇ ਦੇ ਮੇਂਧੜ ਸੈਕਟਰ ਵਿੱਚ ਡਿੱਗਿਆ, ਜਿਸ ਨਾਲ ਤਿੰਨ ਵਿਅਕਤੀ ਫੱਟੜ ਹੋ ਗਏ। ਪਾਕਿਸਤਾਨ ਵੱਲੋਂ ਕੀਤੀ ਜਾ ਰਹੀ ਭਾਰੀ ਗੋਲੀਬਾਰੀ ਤੇ ਗੋਲਾਬਾਰੀ ਦੇ ਮੱਦੇਨਜ਼ਰ ਸਰਕਾਰ ਨੇ ਜੰਮੂ ਨਾਲ ਲੱਗਦੀ ਕੌਮਾਂਤਰੀ ਸਰਹੱਦ 'ਤੇ ਪੈਂਦੇ ਸਾਰੇ 174 ਸਕੂਲ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਹਨ। ਰਾਜਨਾਥ ਵੱਲੋਂ ਹਾਲਾਤ ਦਾ ਜਾਇਜ਼ਾ: ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਤਣਾਅ ਦੇ ਮੱਦੇਨਜ਼ਰ ਹਾਲਾਤ ਦਾ ਜਾਇਜ਼ਾ ਲੈਣ ਲਈ ਅੱਜ ਉੱਚ ਪੱਧਰੀ ਮੀਟਿੰਗ ਕੀਤੀ। ਇਸ ਵਿੱਚ ਰੱਖਿਆ ਮੰਤਰੀ ਮਨੋਹਰ ਪਰੀਕਰ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਥਲ ਸੈਨਾ ਮੁਖੀ ਦਲਬੀਰ ਸਿੰਘ ਸੁਹਾਗ ਤੇ ਹੋਰ ਉੱਚ ਅਧਿਕਾਰੀ ਹਾਜ਼ਰ ਸਨ। ਇਸ ਦੇ ਨਾਲ ਹੀ ਜੰਮੂ ਕਸ਼ਮੀਰ ਦੇ ਰਾਜਪਾਲ ਐਨਐਨ ਵੋਹਰਾ ਨੇ ਅੱਜ ਹੀ ਸ੍ਰੀ ਰਾਜਨਾਥ ਨਾਲ ਮੀਟਿੰਗ ਕਰਕੇ ਰਾਜ ਦੇ ਹਾਲਾਤ ਤੋਂ ਜਾਣੂ ਕਰਵਾਇਆ। ਇਸ ਤੀਹ ਮਿੰਟਾਂ ਦੀ ਮੀਟਿੰਗ ਦੌਰਾਨ ਹੋਰ ਕਈ ਮੁੱਦਿਆਂ ਸਣੇ ਵਾਦੀ ਵਿੱਚ ਬੀਤੇ 110 ਦਿਨਾਂ ਤੋਂ ਜਾਰੀ ਗੜਬੜ ਬਾਰੇ ਚਰਚਾ ਕੀਤੀ ਗਈ। ਇਸ ਮੌਕੇ ਬੰਦ ਸਕੂਲਾਂ ਨੂੰ ਖੋਲ੍ਹਣ ਤੇ ਬੀਤੇ ਦਿਨਾਂ ਦੌਰਾਨ 26 ਸਕੂਲਾਂ ਨੂੰ ਸਾੜਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।


# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੋਫੋਰਨੀਆ)

## ਨਵੰਬਰ ਮਹੀਨੇ ਦੇ ਅਹਿਮ ਦਿਹਾੜੇ ਅਤੇ ਧਾਰਮਿਕ ਪ੍ਰੋਗਰਾਮ

**ਨਵੰਬਰ 13, 2016**
**ਸੁਖਮਨੀ ਸਾਹਿਬ ਜੀ ਦਾ ਪਾਠ ਅਤੇ ਲੰਗਰ ਦੀ ਸੇਵਾ**
**(ਸੇਵਾ ਲਈ ਖੁੱਲ੍ਹਾ)**




**ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ**
**ਨਵੰਬਰ 18, 19, 20, 2016**

ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੋਫੋਰਨੀਆ) ਵੱਲੋਂ ਪਹਿਲੀ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 18, 19 ਅਤੇ 20 ਨਵੰਬਰ 2016 ਨੂੰ ਮਨਾਇਆ ਜਾ ਰਿਹਾ ਹੈ। ਅਖੰਡ ਪਾਠ ਸਾਹਿਬ ਜੀ 18 ਨਵੰਬਰ ਨੂੰ ਪ੍ਰਾਰੰਭ ਹੋਣਗੇ ਅਤੇ 20 ਨਵੰਬਰ ਨੂੰ ਭੋਗ ਉਪਰੰਤ ਰਸ ਭਿੰਨਾ ਕੀਰਤਨ ਅਤੇ ਸ਼ਬਦ ਗਾਇਨ ਹੋਵੇਗਾ। ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਅਪੀਲ ਹੈ ਕਿ ਇਸ ਦਿਹਾੜੇ ਮੌਕੇ ਗੁਰੂ ਘਰ ਵਿਖੇ ਹਾਜ਼ਰ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**Managing Committee**

**SRI GURU RAVIDASS SABHA PITTSBURG (CA)**

| Chairman | President |
|---|---|
| Shinder Pal Narabat | Kashmiri Bhatia |
| 925-683-0178 | 408-460-0262 |
| **General Secretary** | **Treasurer** |
| Gina Bhatia | Jasvir Chahal |
| 925-427-1572 | 209-627-7944 |

**WWW.SriGuruRavidassTemple.com**



**ਨਵੰਬਰ 6, 2016**
**ਜੋਤੀ ਜੋਤ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਦਿਵਸ ਨਵੰਬਰ 6, 2016 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਵੀਰ ਰਸੀ ਕਵਿਤਾਵਾਂ ਅਤੇ ਰਸ ਭਿੰਨਾ ਕੀਰਤਨ ਹੋਵੇਗਾ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾਵੇਗੀ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਭੋਜਨ ਅਤੇ ਹੋਰ ਸਟਾਲਾਂ ਦੇ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ। ਸਾਡੇ ਕੋਲ ਬਹੁਤ ਸੀਮਤ ਥਾਂ ਹੈ, ਕਿਰਪਾ ਕਰਕੇ ਸਟਾਲ ਲਈ ਥਾਂ ਬੁੱਕ ਕਰਵਾਉਣ ਲਈ ਅੱਜ ਹੀ ਸੰਪਰਕ ਕਰੋ ਜੀ। ਪਹਿਲਾਂ ਆਓ, ਪਹਿਲਾਂ ਪਾਓ।**

ਦੇਸ਼ ਦੁਆਬਾ

# ਪਟਾਕਿਆਂ ਦੇ ਸ਼ੋਰ ਵਿਚ ਬੁਝਦੇ ਹਜ਼ਾਰਾਂ ਅੱਖਾਂ ਦੇ ਸੁਪਨੇ

ਦੀਵਾਲੀ ਹਾਲਾਂਕਿ ਅੱਜ ਕੌਮਾਂਤਰੀ ਤਿਉਹਾਰ ਬਣ ਗਿਆ ਹੈ, ਪਰ ਭਾਰਤ ਵਿਚ ਕੁਝ ਸਾਲਾਂ ਤੋਂ ਇਸ ਤਿਉਹਾਰ ਤੇ ਪਟਾਕੇ ਵਜਾਉਣ ਦਾ ਨਵਾਂ ਰੁਝਾਨ ਜੋ ਪੈਦਾ ਹੋਇਆ ਹੈ, ਉਹ ਬੇਹੱਦ ਖਤਰਨਾਕ ਸਾਬਤ ਹੁੰਦਾ ਜਾ ਰਿਹਾ ਹੈ। ਵਾਤਾਵਰਣ ਸੁਰੱਖਿਆ ਦੇ ਮੱਦੇਨਜ਼ਰ ਹਾਲਾਂਕਿ ਹੁਣ ਭਾਰਤ ਸਮੇਤ ਪੰਜਾਬ ਵਿਚ ਜਾਗਰੂਕਤਾ ਵੱਧ ਰਹੀ ਹੈ ਅਤੇ ਇਸ ਸਾਲ ਪ੍ਰਦੂਸ਼ਣ ਵਿਚ ਵੀ ਕਮੀ ਆਈ ਹੈ, ਪਰ ਇਸ ਦੇ ਬਾਵਜੂਦ ਇਹ ਰੁਝਾਨ ਜਾਰੀ ਹੈ। ਪਟਾਕੇ ਚਲਾਉਣ ਦਾ ਸਿਲਸਿਲਾ ਦੀਵਾਲੀ ਤੋਂ ਕਈ ਦਿਨ ਪਹਿਲਾਂ ਆਰੰਭ ਹੋ ਜਾਂਦਾ ਹੈ ਅਤੇ ਦੀਵਾਲੀ ਤੋਂ ਕੁਝ ਦਿਨ ਬਾਅਦ ਵੀ ਚਲਦਾ ਰਹਿੰਦਾ ਹੈ। ਹੁਣ ਪਟਾਕੇ ਸਿਰਫ ਦੀਵਾਲੀ ਨੂੰ ਹੀ ਨਹੀਂ ਬਲਕਿ ਗੁਰਪੁਰਬਾਂ ਅਤੇ ਹਰ ਪ੍ਰੋਗਰਾਮਾਂ ਸਮੇਤ ਵਿਆਹਾਂ ਵਿਚ ਵੀ ਚਲਾਉਣਾ ਆਮ ਗੱਲ ਹੋ ਗਈ ਹੈ। ਇਸ ਦਾ ਨਤੀਜਾ ਇਹ ਹੈ ਕਿ ਭਾਰਤ ਦੁਨੀਆਂ ਦੇ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ ਮੁਲਕਾਂ ਵਿਚ ਸ਼ਾਮਲ ਹੋ ਗਿਆ ਹੈ। ਭਾਰਤ ਦੇ ਉਪਰ ਧੂੰਏ ਦਾ ਟੋਕਰਾ ਪੁਲਾੜ ਤੋਂ ਵੀ ਦਿੱਸਦਾ ਹੈ। ਹਾਲਾਂਕਿ ਪ੍ਰਦੂਸ਼ਣ ਲਈ ਸਿਰਫ ਪਟਾਕੇ ਨਹੀਂ ਬਲਕਿ ਉਦਯੋਗਿਕ ਅਤੇ ਖੇਤੀਬਾੜੀ ਸੈਕਟਰ ਤੋਂ ਉਠਦਾ ਧੂੰਆ ਵੀ ਜ਼ਿੰਮੇਵਾਰ ਹੈ। ਪੰਜਾਬ ਵਿਚ ਝੋਨੇ ਦੀ ਪਰਾਲੀ ਨੂੰ ਸਾੜਨ ਦਾ ਜੋ ਰੁਝਾਨ ਪੈਦਾ ਹੋਇਆ ਹੈ, ਉਸ ਕਾਰਨ ਪੰਜਾਬ ਅਕਤੂਬਰ-ਨਵੰਬਰ ਦੇ ਮਹੀਨੇ ਵਿਚ ਅਜਿਹਾ ਲੱਗਦਾ ਹੈ, ਜਿਵੇਂ ਸਾਰਾ ਪੰਜਾਬ ਅੱਗ ਵਿਚ ਝੁਲਸ ਰਿਹਾ ਹੋਵੇ। ਪੰਛੀਆਂ ਦਾ ਆਲ੍ਹਣੇ ਸੜ ਜਾਂਦੇ ਹਨ, ਬਿਮਾਰੀਆਂ ਤੇਜ਼ੀ ਨਾਲ ਵਧਦੀਆਂ ਹਨ ਅਤੇ ਸਰਦੀ ਦਾ ਮੌਸਮ ਹੋਣ ਕਾਰਨ ਧੂੰਆ ਜ਼ਿਆਦਾ ਸਮਾਂ ਵਾਤਾਵਰਣ ਵਿਚ ਘੁਲਿਆ ਰਹਿੰਦਾ ਹੈ।

ਦੀਵਾਲੀ ਦੇ ਪਟਾਕਿਆਂ ਕਾਰਨ ਹਰ ਸਾਲ ਕਈ ਥਾਵਾਂ ਤੇ ਅੱਗਾਂ ਲੱਗਦੀਆਂ ਹਨ, ਸੈਂਕੜੇ ਲੋਕੀ ਪਟਾਕੇ ਬਣਾਉਣ ਤੇ ਚਲਾਉਣ ਵੇਲੇ ਜ਼ਖਮੀ ਹੁੰਦੇ ਹਨ, ਬਹੁਤ ਸਾਰੀਆਂ ਜਾਨਾਂ ਅਜ਼ਾਂਈ ਚਲੀਆਂ ਜਾਂਦੀਆਂ ਹਨ ਅਤੇ ਬਹੁਤ ਸਾਰੇ ਲੋਕਾਂ ਦੀ ਅੱਖਾਂ ਦੀ ਰੋਸ਼ਨੀ ਚਲੀ ਜਾਂਦੀ ਹੈ। ਇਸ ਸਾਲ ਵੀ ਦੀਵਾਲੀ ਵਾਲੀ ਰਾਤ 20 ਤੋਂ ਜ਼ਿਆਦਾ ਲੋਕਾਂ ਦੀ ਅੱਖਾਂ ਦੀ ਰੌਸ਼ਨੀ ਚਲੇ ਜਾਣ ਦੀਆਂ ਰਿਪੋਰਟਾਂ ਆਈਆਂ ਹਨ। 50 ਦੇ ਕਰੀਬ ਲੋਕਾਂ ਦੇ ਅੱਖਾਂ ਤੇ ਸੱਟਾਂ ਵੱਜੀਆਂ ਹਨ ਅਤੇ ਹਾਦਸੇ ਵੀ ਕਾਫੀ ਗਿਣਤੀ ਵਿਚ ਵਾਪਰੇ ਹਨ। ਲੁਧਿਆਣਾ ਸਮੇਤ ਕਈ ਅਹਿਮ ਸ਼ਹਿਰਾਂ ਵਿਚ ਲੱਖਾਂ ਦੀ ਸੰਪਤੀ ਸੜ ਕੇ ਸੁਆਹ ਹੋ ਗਈ। ਮੋਗੇ ਦੇ ਇਕ ਪਿੰਡ ਵਿਚ ਪਟਾਕੇ ਚਲਾਉਣ ਕਾਰਨ ਝਗੜਾ ਹੋ ਗਿਆ ਅਤੇ ਗੋਲੀ ਚੱਲ ਗਈ, ਜਿਸ ਵਿਚ ਦੋ ਵਿਅਕਤੀ ਜ਼ਖਮੀ ਹੋ ਗਏ। ਦੀਵਾਲੀ ਹੁਣ ਬਜ਼ਾਰੀਕਰਨ ਦੇ ਕਾਰਨ ਇੰਨੀ ਜ਼ਿਆਦਾ ਵਿਗੜ ਗਈ ਹੈ ਕਿ ਇਹ ਇਨਸਾਨਾਂ ਦੇ ਨਾਲ ਸਾਰੇ ਪ੍ਰਾਣੀਆਂ ਦੇ ਲਈ ਮੁਸੀਬਤਾਂ ਖੜ੍ਹੀਆਂ ਕਰ ਰਹੀ ਹੈ। ਵਾਤਾਵਰਣ ਵਿਚ ਘੁਲ ਰਿਹਾ ਜ਼ਹਿਰ ਹਰੇਕ ਪ੍ਰਾਣੀ ਦੀ ਜ਼ਿੰਦਗੀ ਛੋਟੀ ਕਰ ਰਿਹਾ ਹੈ। ਮਨੁੱਖ ਆਪਣੇ ਸਵਾਰਥ ਲਈ ਇਸ ਗ੍ਰਹਿ ਦੇ ਹਰੇਕ ਪ੍ਰਾਣੀ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਰਿਹਾ ਹੈ। ਕਰੋੜਾਂ ਰੁਪਏ ਖਰਚ ਕਰਕੇ ਵਾਤਾਵਰਣ ਵਿਚ ਜ਼ਹਿਰ ਘੋਲਿਆ ਜਾ ਰਿਹਾ ਹੈ। ਕੀ ਇਸ ਤਰੀਕੇ ਨਾਲ ਤਿਉਹਾਰ ਮਨਾਉਣੇ ਜਾਇਜ਼ ਹਨ। ਦੀਵਾਲੀ ਵਰਗੇ ਤਿਉਹਾਰ ਪਟਾਕਿਆਂ ਦੇ ਨਹੀਂ ਬਲਕਿ ਰੌਸ਼ਨੀਆਂ ਦੇ ਤਿਉਹਾਰ ਮੰਨੇ ਜਾਂਦੇ ਹਨ ਪਰ ਹੁਣ ਪਟਾਕਿਆਂ ਕਾਰਨ ਹੋਣ ਵਾਲੇ ਪ੍ਰਦੂਸ਼ਣ ਕਾਰਨ ਅੱਖਾਂ, ਫੇਫੜਿਆਂ ਦੇ ਰੋਗ, ਬੋਲਾਪਣ, ਹਾਈ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ। ਇਕ ਰਿਪੋਰਟ ਮੁਤਾਬਕ ਦਿੱਲੀ ਦੇ ਆਸ ਪਾਸ ਦੇ ਖੇਤਰਾਂ ਵਿਚ ਆਤਿਸ਼ਬਾਜ਼ੀ ਤੋਂ ਬਾਅਦ ਪ੍ਰਦੂਸ਼ਣ ਦਾ ਤਿੰਨ ਸਾਲ ਦਾ ਰਿਕਾਰਡ ਟੁੱਟ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪੈਸੇ ਅਤੇ ਵਾਤਾਵਰਣ ਦੀ ਬਰਬਾਦੀ ਦੇ ਬਾਵਜੂਦ ਪਟਾਕੇ ਚਲਾਉਣ ਦੀ ਕੁਰੀਤੀ ਨਿਰੰਤਰ ਵਧਦੀ ਜਾ ਰਹੀ ਹੈ। ਇਸ ਸਾਲ ਖੁਸ਼ੀ ਵਾਲੀ ਗੱਲ ਇਹ ਹੈ ਕਿ ਪਹਿਲਾਂ ਦੇ ਮੁਕਾਬਲੇ ਲੋਕਾਂ ਵਿਚ ਜਾਗਰੂਕਤਾ ਜ਼ਿਆਦਾ ਵਧੀ ਹੈ ਅਤੇ ਬਹੁਤ ਸਾਰੇ ਲੋਕਾਂ ਨੇ ਪਟਾਕਿਆਂ ਤੋਂ ਕਿਨਾਰਾਕਸ਼ੀ ਕੀਤੀ ਹੈ। ਪਰ ਜਦੋਂ ਤੱਕ ਅਜਿਹੀ ਜਾਗਰੂਕਤਾ ਸਭ ਲੋਕਾਂ 'ਵਚ ਨਹੀਂ ਵਧਦੀ, ਮੁਸ਼ਕਿਲਾਂ ਵਧਦੀਆਂ ਜਾਂਦੀਆਂ ਹਨ। ਸਰਕਾਰਾਂ ਲੋਕਾਂ ਦੇ ਨਰਾਜ਼ ਹੋਣ ਦੇ ਡਰੋਂ ਸਖਤ ਕਦਮ ਚੁੱਕਣ ਤੋਂ ਕਿਨਾਰਾ ਕਰਦੀਆਂ ਹਨ। ਕੀ ਇਸ ਤਰ੍ਹਾਂ ਵਾਤਾਵਰਣ ਨੂੰ ਲਗਾਤਾਰ ਵਿਗਾੜ ਕੇ ਅਸੀਂ ਕੋਈ ਖੁਸ਼ੀ ਪ੍ਰਾਪਤ ਕਰ ਰਹੇ ਹਾਂ? ਖੁਸ਼ੀ ਨਹੀਂ ਬਲਕਿ ਆਪਣੇ ਨਾਲ ਅਤੇ ਭਵਿੱਖ ਦੀਆਂ ਪੀੜ੍ਹੀਆਂ ਨਾਲ ਧੋਖਾ ਕਰ ਰਹੇ ਹਾਂ। ਇੱਥੇ ਵਰਣਨਯੋਗ ਹੈ ਕਿ ਭਾਰਤ ਦਾ ਇਕ ਵਿਸ਼ੇਸ਼ ਵਰਗ ਦੀਵਾਲੀ, ਦੁਸ਼ਹਿਰਾ ਮਨਾਏ ਜਾਣ ਦੇ ਹੱਕ ਵਿਚ ਨਹੀਂ ਹੈ, ਜਿਸ ਬਾਰੇ ਆਉਣ ਵਾਲੇ ਸਮੇਂ ਵਿਚ ਜ਼ਿਕਰ ਕੀਤਾ ਜਾਵੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

(ਸੱਤਵੀ ਕਿਸਤ)

**ਬ੍ਰਹਸਪਤੀ–** ਸੂਰਜ ਮੰਡਲ ਦਾ ਪੰਜਵਾਂ ਗ੍ਰਹਿ ਬ੍ਰਹਸਪਤੀ ਹੈ। ਇਹ ਸਾਡੇ ਸੂਰਜ ਮੰਡਲ ਦੇ ਸਾਰੇ ਗ੍ਰਹਿਆਂ ਨਾਲੋਂ ਵੱਡਾ ਹੈ। ਇਹ ਪ੍ਰਿਥਵੀ ਨਾਲੋਂ 17 ਗੁਣਾ ਭਾਰੀ ਹੈ। ਵੱਧ ਭਾਰ ਕਾਰਨ ਇਸਦਾ ਗੁਰੂਤਾ ਆਕਰਸ਼ਣ ਸ਼ਕਤੀ ਵੀ ਵੱਧ ਹੈ ਇਸ ਲਈ 60 ਕਿਲੋ ਭਾਰਾ ਵਿਅਕਤੀ ਇਸ ਗ੍ਰਹਿ 'ਤੇ ਜਾ ਕੇ 140 ਕਿਲੋ ਭਾਰ ਵਾਲਾ ਬਣ ਜਾਂਦਾ ਹੈ। ਇਹ ਆਕਾਰ ਵਿੱਚ ਧਰਤੀ ਨਾਲੋਂ 1300 ਗੁਣਾ ਵੱਡਾ ਹੈ। ਇਸ ਦੇ ਦੁਆਲੇ ਚੱਕਰ ਕੱਟਣ ਵਾਲੇ ਚੰਨਾਂ ਦੀ ਗਿਣਤੀ 12 ਹੈ ਇਸ ਲਈ ਸਾਲ ਵਿੱਚ 4500 ਚੰਨ ਗ੍ਰਹਿਣ ਇਸ ਨੂੰ ਲਗਦੇ ਹਨ। ਅਜਿਹਾ ਕੋਈ ਸਮਾਂ ਨਹੀਂ ਹੁੰਦਾ ਜਦੋਂ ਇਸ ਗ੍ਰਹਿ ਨੂੰ ਗ੍ਰਹਿਣ ਨਾ ਲੱਗਿਆ ਹੋਵੇ। ਇਹ ਸੂਰਜ ਤੋਂ 77 ਕਰੋੜ ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਲਈ ਬਹੁਤ ਹੀ ਜ਼ਿਆਦਾ ਠੰਡਾ ਗ੍ਰਹਿ ਹੋਣ ਕਰਕੇ ਬਨਸਪਤੀ ਤੇ ਜੰਤੂ ਇੱਥੇ ਮੌਜੂਦ ਨਹੀਂ ਹਨ। ਇਸ ਗ੍ਰਹਿ ਦਾ ਇੱਕ ਵਰਖ਼ਾ ਸਾਡੀ ਧਰਤੀ ਦੇ 4380 ਦਿਨ ਦੇ ਬਰਾਬਰ ਹੈ। ਸੂਰਜ ਤੋਂ ਵੱਧ ਦੂਰੀ ਤੇ ਹੋਣ ਕਾਰਨ ਇਸ ਨੂੰ ਸੂਰਜ ਦੁਆਲੇ ਚੱਕਰ ਪੂਰਾ ਕਰਨ ਲਈ ਵੱਡਾ ਘੇਰਾ ਤੈਅ ਕਰਨਾ ਪੈਂਦਾ ਹੈ। ਇਸ ਕਾਰਨ ਇਸਦਾ ਇੱਕ ਸਾਲ ਧਰਤੀ ਦੇ 11.9 ਸਾਲਾਂ ਦੇ ਬਰਾਬਰ ਹੁੰਦਾ ਹੈ।

**ਸ਼ਨੀ–** ਸ਼ਨੀ ਸਾਡੇ ਗ੍ਰਹਿ ਮੰਡਲ ਵਿੱਚ ਛੇਵੇਂ ਸਥਾਨ 'ਤੇ ਹੈ। ਸੂਰਜ ਤੋਂ ਇੱਕ ਅਰਬ ਬਿਆਲੀ ਕਰੋੜ ਕਿਲੋਮੀਟਰ ਦੀ ਦੂਰੀ ਤੇ ਸਥਿਤ ਇਹ ਇੱਕ ਸੁੰਦਰ ਗ੍ਰਹਿ ਹੈ। ਵੱਡੇ ਘੇਰੇ ਕਾਰਨ ਇਸਦਾ ਇੱਕ ਸਾਲ 10631 ਦਿਨ ਦਾ ਹੁੰਦਾ ਹੈ। ਇਸ ਦੇ 9 ਚੰਨ ਹਨ। ਇਸ ਗ੍ਰਹਿ ਦੀ ਸਭ ਤੋਂ ਅਜੀਬ ਗੱਲ ਇਹ ਹੈ ਕਿ ਇਸ ਦੁਆਲੇ ਤਿੰਨ ਛੱਲੇ ਹਨ। ਇਹ ਛੱਲੇ ਗੈਸ, ਧੂੜ ਦੇ ਕਣ ਤੇ ਪੱਥਰ ਗੀਟਿਆਂ ਦੇ ਬਣੇ ਹੋਏ ਹਨ। 1921 ਵਿੱਚ ਸ਼ਨੀ ਨੇ ਵਾਰਸ਼ਿਕ ਗਤੀ ਕਰਦਿਆਂ ਸਾਡੇ ਵਲੋਂ ਆਪਣਾ ਮੁਖ ਉਲਟੇ ਪਾਸੇ ਕਰ ਲਿਆ ਸੀ ਅਤੇ ਸਾਰੇ ਯੂਰਪ ਵਿਚ ਪਾਦਰੀਆਂ ਨੇ ਇਹ ਹਾਲ ਦੁਹਾਈ ਪਾ ਦਿੱਤੀ ਸੀ ਕਿ "ਇਸਾਈ ਧਰਮ ਦੇ ਪੁਜਾਰੀਉ! ਆਪਣੇ ਭਗਵਾਨ ਨੂੰ ਯਾਦ ਕਰੋ, ਪਰਲੋ ਦਾ ਸਮਾਂ ਆਣ ਪੁੱਜਾ ਹੈ।'' ਪਰ ਅਜਿਹਾ ਕੁੱਝ ਨਾ ਵਾਪਰਿਆ।

**ਯੂਰੇਨਸ –** ਸੂਰਜ ਤੋਂ ਦੂਰੀ ਦੇ ਹਿਸਾਬ ਨਾਲ ਇਸਦਾ ਨੰਬਰ ਸੱਤਵਾਂ ਹੈ। ਸੂਰਜ ਤੋਂ ਇੱਕ ਅਰਬ ਅਠੱਤਰ ਕਰੋੜ ਤਿੰਨ ਲੱਖ ਕਿਲੋਮੀਟਰ ਦੀ ਦੂਰੀ ਤੇ ਹੋਣ ਕਰਕੇ ਇਸਨੂੰ ਸੂਰਜ ਦਾ ਇੱਕ ਚੱਕਰ ਪੂਰਾ ਕਰਨ ਲਈ 84 ਲੱਖ ਸਾਲ ਲੱਗ ਜਾਂਦੇ ਹਨ। ਆਪਣੀ ਧੁਰੀ ਦੁਆਲੇ ਸਿਰਫ 12 ਘੰਟਿਆਂ ਵਿੱਚ ਹੀ ਇਕ ਚੱਕਰ ਪੂਰਾ ਕਰ ਲੈਂਦਾ ਹੈ। ਇਹ ਪ੍ਰਿਥਵੀ ਨਾਲੋਂ ਵਿਆਸ ਵਿੱਚ ਚਾਰ ਗੁਣਾ ਵੱਡਾ ਹੈ। ਬੇਸ਼ੱਕ ਇਹ ਵੱਡਾ ਹੈ ਪਰ ਇਸ ਦਾ ਭਾਰ ਧਰਤੀ ਤੋਂ ਘੱਟ ਹੋਣ ਕਰਕੇ ਇਸਦੀ ਖਿੱਚ ਸ਼ਕਤੀ ਘੱਟ ਹੈ। ਇਥੇ ਹਰ ਚੀਜ਼ ਜੰਮੀ ਹੋਈ ਹਾਲਤ ਵਿੱਚ ਹੀ ਹੈ। ਇਸ ਕਹਿਰਾਂ ਦੀ ਸਰਦੀ ਵਿੱਚ ਭਲਾ ਕੋਈ ਜੰਤੂ ਜਾਂ ਪਰਿੰਦਾ ਯੂਰੇਨਸ ਤੇ ਕਿਵੇਂ ਰਹਿ ਸਕਦਾ ਹੈ। ਯੂਰੇਨਸ ਕੋਲ ਧਰਤੀ ਦੇ ਚੰਨ ਨਾਲੋਂ ਛੋਟੇ ਪੰਜ ਚੰਨ ਹਨ।

**ਨੈਪਚੂਨ –** ਇਹ ਸਾਡਾ ਅਗਲਾ ਗ੍ਰਹਿ ਹੈ। ਸੂਰਜ ਤੋਂ 455 ਕਰੋੜ ਕਿਲੋਮੀਟਰ ਦੀ ਦੂਰੀ ਤੁਹਾਨੂੰ ਇਸਦੇ ਲੰਬੇ ਵਰਿਖ਼ਆਂ ਤੇ ਅੰਤਾਂ ਦੀ ਸਰਦੀ ਦਾ ਅਹਿਸਾਸ ਕਰਵਾ ਦਿੰਦੀ ਹੈ। ਸੂਰਜ ਦੀ ਰੌਸ਼ਨੀ ਹੀ ਪਹੁੰਚਣ ਲਈ ਚਾਰ ਘੰਟੇ ਦਾ ਸਮਾਂ ਲੈ ਲੈਂਦੀ ਹੈ। ਇਸ ਲਈ ਮਨੁੱਖ ਦੁਆਰਾ ਭੇਜੇ ਰਾਕਟ ਤਾਂ 15 ਸਾਲਾਂ ਵਿੱਚ ਹੀ ਇਥੇ ਪੁੱਜ ਸਕਦੇ ਹਨ। ਇਹ ਸਾਡੀ ਧਰਤੀ ਤੋਂ 64 ਗੁਣਾ ਵੱਡਾ ਹੈ। ਸੂਰਜ ਦਾ ਇੱਕ ਚੱਕਰ ਪੂਰਾ ਕਰਨ ਲਈ ਇਹ 165 ਸਾਲ ਲਾ ਦਿੰਦਾ ਹੈ। ਨੈਪਚੂਨ ਦੋ ਉਪਗ੍ਰਹਿਆਂ ਦਾ ਮਾਲਕ ਵੀ ਹੈ।

**ਪਲੂਟੋ –** ਸਾਡੇ ਗ੍ਰਹਿਮੰਡਲ ਦਾ ਇਹ ਸਭ ਤੋਂ ਆਖਰੀ ਗ੍ਰਹਿ ਹੈ। ਸੂਰਜ ਤੋਂ ਇਸਦੀ ਦੂਰੀ 6 ਅਰਬ ਕਿਲੋਮੀਟਰ ਹੈ। 153 ਘੰਟੇ ਵਿੱਚ ਇਹ ਇੱਕ ਚੱਕਰ ਆਪਣੀ ਧੁਰੀ ਦੁਆਲੇ ਤੇ 247.7 ਸਾਲਾਂ ਵਿਚ ਇਹ ਸੂਰਜ ਦੁਆਲੇ ਇੱਕ ਚੱਕਰ ਪੂਰਾ ਕਰਦਾ ਹੈ। ਰੋਮ ਨਿਵਾਸੀ ਇਸ ਗ੍ਰਹਿ ਨੂੰ ਪਤਾਲਾਂ ਦਾ ਦੇਵਤਾ ਮੰਨਦੇ ਹਨ। ਇਸ ਗ੍ਰਹਿ ਤੋਂ ਜੇ ਸੂਰਜ ਨੂੰ ਵੇਖਿਆ ਜਾਵੇ ਤਾਂ ਇਹ ਮੋਮਬੱਤੀ ਦੀ ਲਾਟ ਜਿੰਨੇ ਆਕਾਰ ਦਾ ਹੀ ਨਜ਼ਰ ਆਵੇਗਾ।

**ਲਘੂ ਗ੍ਰਹਿ–** ਇਸ ਤਰਖ਼ਾਂ ਅਸੀਂ ਵੇਖ ਚੁੱਕੇ ਹਾਂ ਕਿ ਰਾਹੂ ਤੇ ਕੇਤੂ ਨਾਂ ਦੇ ਕੋਈ ਵੀ ਗ੍ਰਹਿ ਸਾਡੇ ਸੌਰ ਮੰਡਲ ਵਿੱਚ ਨਹੀਂ ਹਨ। ਪਰ "ਮਕਾਰ ਜੋਤਸ਼ੀ'' ਲੋਕਾਂ ਦੀ ਅਗਿਆਨਤਾ ਦਾ ਫਾਇਦਾ ਉਠਾਉਂਦੇ ਹੋਏ ਇਹਨਾਂ ਕਲਪਿਤ ਗ੍ਰਹਿਆਂ ਦੇ ਡਰ ਰਾਹੀਂ ਹੀ ਲੋਕਾਂ ਦੀ ਅੰਨਖ਼ੇਵਾਹ ਲੁੱਟ ਕਰ ਰਹੇ ਹਨ। ਜਦੋਂ ਅਸੀਂ ਦੂਰਬੀਨਾਂ ਰਾਹੀਂ ਸਾਡੇ ਗ੍ਰਹਿਮੰਡਲ ਨੂੰ ਵੇਖਦੇ ਹਾਂ ਤਾਂ ਸਾਨੂੰ 1600 ਤੋਂ ਵੱਧ ਅਜਿਹੇ ਟੁਕੜੇ ਵਿਖਾਈ ਦਿੰਦੇ ਹਨ ਜਿਹੜੇ ਸ਼ਨੀ ਤੇ ਬ੍ਰਹਸਪਤੀ ਦੇ ਵਿਚਕਾਰ ਸੂਰਜ ਦੁਆਲੇ ਚੱਕਰ ਲਾ ਰਹੇ ਹਨ। ਇਹਨਾਂ ਨੂੰ ਲਘੂ ਗ੍ਰਹਿ ਆਖਿਆ ਜਾਂਦਾ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਸ਼ਨੀ ਤੇ ਬ੍ਰਹਸਪਤੀ ਦੇ ਵਿਚਕਾਰ ਇੱਕ ਅਜਿਹਾ ਹੋਰ ਗ੍ਰਹਿ ਸੀ ਜੋ ਕਿਸੇ ਕਾਰਨ ਟੁਕੜੇ ਟੁਕੜੇ ਹੋ ਗਿਆ। ਇਹਨਾਂ ਲਘੂ ਗ੍ਰਹਿਆਂ ਦੇ ਆਕਾਰ 400 ਕਿਲੋਮੀਟਰ ਅਰਧ ਵਿਆਸ ਤੋਂ ਵੀ ਘੱਟ ਹਨ। ਇਹਨਾਂ ਲਘੂ ਗ੍ਰਹਿਆਂ ਤੋਂ ਇਲਾਵਾ ਵੀ ਧਰਤੀ ਦੀ ਖਿੱਚ ਸ਼ਕਤੀ ਤੋਂ ਬਾਹਰ ਉਲਕਾਵਾਂ ਦੇ ਰੂਪ ਵਿਚ ਵੱਡੇ ਵੱਡੇ ਪੱਥਰਾਂ ਦੇ ਟੁਕੜੇ ਵੀ ਬੇਤਰਤੀਬੇ ਢੰਗ ਨਾਲ ਘੁੰਮ ਰਹੇ ਹਨ। ਕਈ ਵਾਰ ਇਹ ਧਰਤੀ ਦੀ ਖਿੱਚ ਸ਼ਕਤੀ ਦੇ ਅੰਦਰ ਆ ਜਾਂਦੇ ਹਨ ਅਤੇ ਵਾਯੂ ਮੰਡਲ ਨਾਲ ਟਕਰਾ ਕੇ ਇਹਨਾਂ ਦੀ ਰਾਖ ਬਣ ਜਾਂਦੀ ਹੈ ਤੇ ਇਹ ਅਸਮਾਨ ਵਿਚ ਚਾਨਣ ਦੀ ਲਕੀਰ ਛੱਡਦੇ ਹੋਏ ਅਲੋਪ ਹੋ ਜਾਂਦੇ ਹਨ। ਕਈ ਵਾਰੀ ਇਹ ਵੱਡੇ ਪੱਥਰ ਬਗੈਰ ਜਲੇ ਵੀ ਧਰਤੀ ਨਾਲ ਟਕਰਾ ਜਾਂਦੇ ਹਨ। ਇਹਨਾਂ ਨੂੰ ਟੁੱਟਦੇ ਤਾਰੇ ਵੀ ਕਿਹਾ ਜਾਂਦਾ ਹੈ।

ਕਈ ਵਾਰੀ ਇਹ ਵੱਡੇ ਵੱਡੇ ਪੱਥਰ ਆਪਸ ਵਿਚ ਟਕਰਾ ਕੇ ਬਹੁਤ ਸਾਰੇ ਟੁਕੜਿਆਂ ਵਿਚ ਟੁੱਟ ਜਾਂਦੇ ਹਨ ਅਤੇ ਵਾਯੂ ਮੰਡਲ ਵਿੱਚ ਰੌਸ਼ਨੀ ਹੀ ਰੌਸ਼ਨੀ ਹੋ ਜਾਂਦੀ ਹੈ। ਇਹਨਾਂ ਨੂੰ ਉਲਕਾਵਾਂ ਦੀ ਵਰਖਾ ਵੀ ਕਿਹਾ ਜਾਂਦਾ ਹੈ।

**ਬੋਦੀ ਵਾਲੇ ਤਾਰੇ–** ਇਹ ਵੀ ਸਾਡੇ ਸੂਰਜੀ ਪ੍ਰੀਵਾਰ ਦੇ ਅੰਗ ਹਨ। ਇਹਨਾਂ ਵਿੱਚ ਚਟਾਨਾਂ ਧੂੜ ਤੇ ਗੈਸਾਂ ਦੀ ਭਰਮਾਰ ਹੁੰਦੀ ਹੈ। ਸੂਰਜ ਦੀ ਰੌਸ਼ਨੀ ਕਾਰਨ ਹੀ ਇਹਨਾਂ ਦੀ ਪੂਛ ਚਮਕਦੀ ਹੈ। ਇਹ ਕੁਝ ਨਿਸ਼ਚਿਤ ਸਮੇਂ ਬਾਅਦ ਹੀ ਵਿਖਾਈ ਦਿੰਦੇ ਹਨ। ਅਸਮਾਨ ਵਿੱਚ ਇੱਕ ਅਜਿਹਾ ਹੀ ਪੂਛਲ ਤਾਰਾ 1758, 1835, 1910 ਤੇ 1986 ਵਿਚ ਵੇਖਿਆ ਗਿਆ ਸੀ। ਇਸਨੂੰ ਹੈਲੇ ਦਾ ਪੂਛਲ ਤਾਰਾ ਕਿਹਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਪੂਛਲ ਤਾਰੇ ਨੂੰ ਵੇਖਣਾ ਅਸ਼ੁਭ ਮੰਨਿਆ ਜਾਂਦਾ ਸੀ ਤੇ ਕਈ ਅੰਧਵਿਸ਼ਵਾਸ ਇਹਨਾਂ ਤਾਰਿਆਂ ਨਾਲ ਜੋੜੇ ਗਏ ਸਨ। ਪਰ ਅੱਜ ਕੱਲਖ਼ ਲੋਕ ਇਹਨਾਂ ਬਾਰੇ ਫਿਕਰਮੰਦਨ ਨਹੀਂ ਹਨ ਕਿਉਂਕਿ ਸਾਡੀ ਧਰਤੀ ਇਹਨਾਂ ਪੂਛਲ ਤਾਰਿਆਂ ਦੀ ਪੂਛ ਵਿਚੋਂ ਕਈ ਵਾਰੀ ਲੰਘ ਚੁੱਕੀ ਹੈ। ਮਨੁੱਖ ਦੁਆਰਾ ਭੇਜੇ ਰਾਕਟਾਂ ਨੇ ਵੀ ਇਹਨਾਂ ਦੀਆਂ ਪੂਛਾਂ ਵਿੱਚੋਂ ਲੰਘ ਕੇ ਸਫਰ ਕੀਤਾ ਹੈ।

ਧਰਤੀ ਕੀ ਹੈ?

ਪ੍ਰਾਚੀਨ ਭਾਰਤੀ ਧਾਰਮਿਕ ਗਰੰਥਾਂ ਵਿੱਚ ਦਰਜ ਹੈ ਕਿ ਸਾਡੀ ਪ੍ਰਿਥਵੀ ਇੱਕ ਪਿਆਲੇ ਵਰਗੀ ਹੈ ਜਿਹੜੀ ਚਾਰ ਹਾਥੀਆਂ ਦੀ ਪਿੱਠ ਉਤੇ ਖੜੀ ਹੈ। ਇਹ ਹਾਥੀ ਇੱਕ ਕੱਛੂ ਉੱਪਰ ਖੜੇ ਹਨ। ਕੱਛੂ ਸੱਪ ਦੇ ਫਨ 'ਤੇ ਬੈਠਾ ਹੈ। ਜਦੋਂ ਹਾਥੀ ਹਿਲਜੁਲ ਕਰਦੇ ਹਨ ਤਾਂ ਧਰਤੀ ਤੇ ਭੂਚਾਲ ਆ ਜਾਂਦਾ ਹੈ। ਇੱਕ ਹੋਰ ਪੁਰਾਤਨ ਧਾਰਮਿਕ ਪੁਸਤਕ ਅਨੁਸਾਰ ਧਰਤੀ ਬਲਦ ਦੇ ਸਿੰਗਾਂ ਤੇ ਪਲੇਟ ਵਾਂਗ ਪਈ ਹੈ। ਜਦੋਂ ਬਲਦ ਥੱਕ ਕੇ ਸਿੰਗ ਬਦਲਦਾ ਹੈ ਤਾਂ ਧਰਤੀ ਕੰਬ ਜਾਂਦੀ ਹੈ ਅਤੇ ਭੂਚਾਲ ਆ ਜਾਂਦੇ ਹਨ। ਇਕ ਹੋਰ ਗਰੰਥ ਦੇ ਰਚਨਹਾਰੇ ਨੇ ਲਿਖਿਆ ਹੈ ਸਾਡੀ ਪ੍ਰਿਥਵੀ ਇੱਕ ਪਲੇਟ ਹੈ ਜਿਹੜੀ ਤਿੰਨ ਵੇਖ਼ਲ ਮੱਛੀਆਂ ਦੇ ਉੱਪਰ ਟਿਕੀ ਹੋਈ ਹੈ। ਇਹ ਕਾਲਪਨਿਕ ਵਿਚਾਰ ਇਹਨਾਂ ਪੁਸਤਕਾਂ ਦੇ ਲੇਖਕਾਂ ਦੇ ਹਨ। ਜਿਵੇਂ ਉਹਨਾਂ ਦੀ ਕਾਲਪਨਿਕ ਸ਼ਕਤੀ ਨੇ ਉਹਨਾਂ ਦੇ ਦਿਮਾਗਾਂ ਵਿਚ ਧਰਤੀ ਬਾਰੇ ਸੋਚਿਆ ਸੀ ਉਹਨਾਂ ਲਿਖ ਦਿੱਤਾ ਹੈ। ਪਰ ਅੱਜ ਦੇ ਵਿਗਿਆਨਕਾਂ ਆਪਣੇ ਨਵੀਨਤਮ ਉਪਕਰਨਾਂ ਦੀ ਸਹਾਇਤਾ ਨਾਲ ਉਹਨਾਂ ਦੀਆਂ ਧਰਤੀ ਬਾਰੇ ਧਾਰਨਾਵਾਂ ਨੂੰ ਗਲਤ ਸਿੱਧ ਕਰ ਦਿੱਤਾ ਹੈ।

ਮਨੁੱਖੀ ਹੱਥਾਂ ਨੇ ਧਰਤੀ ਦਾ ਚੱਪਾ ਚੱਪਾ ਛਾਣ ਮਾਰਿਆ ਹੈ। ਸਾਡੀ ਧਰਤੀ 6378 ਕਿਲੋਮੀਟਰ ਅਰਧ ਵਿਆਸ ਦਾ ਇੱਕ ਗੋਲਾ ਹੈ ਜਿਹੜਾ ਧਰੁਵਾਂ ਤੋਂ 21 ਕਿਲੋਮੀਟਰ ਅੰਦਰ ਨੂੰ ਧਸਿਆ ਹੈ। ਜਿਸ ਕਾਰਨ ਧਰਤੀ ਦੇ ਆਮ ਤਲ ਤੋਂ ਨੀਵੇਂ ਇਹਨਾਂ ਇਲਾਕਿਆਂ ਵਿੱਚ ਛੇ ਮਹੀਨੇ ਦਾ ਦਿਨ ਤੇ ਛੇ ਮਹੀਨੇ ਦੀ ਰਾਤ ਹੁੰਦੀ ਹੈ। ਧਰਤੀ ਦਾ 71ਗ਼ ਭਾਗ ਪਾਣੀ ਨਾਲ ਢੱਕਿਆ ਹੋਇਆ ਹੈ ਤੇ ਸਿਰਫ 29ਗ਼ ਭਾਗ ਖੁਸ਼ਕ ਹੈ। ਇਸਦੇ ਖੁਸ਼ਕ ਭਾਗ ਉੱਤੇ ਪਹਾੜ, ਰੇਗਿਸਤਾਨ, ਮੈਦਾਨ ਤੇ ਜੰਗਲ ਹਨ। ਧਰਤੀ ਦੇ ਕੁਝ ਭਾਗ ਅਜਿਹੇ ਵੀ ਹਨ ਜਿੱਥੇ ਹਮੇਸ਼ਾ ਬਰਫ ਜੰਮੀ ਰਹਿੰਦੀ ਹੈ।

ਸਾਡੀ ਧਰਤੀ ਦਾ ਕੁਲ ਭਾਰ 657 ਮਹਾਂ ਸੰਖ ਟਨ ਹੈ। ਧਰਤੀ ਤੋਂ ਜੇ ਅਸੀਂ ਉੱਪਰ ਵੱਲ ਨੂੰ ਜਾਈਏ ਤਾਂ ਇਸਦੇ ਪਹਿਲੇ 15 ਕਿਲੋਮੀਟਰ ਦੀ ਉਚਾਈ ਤੱਕ ਨਾਈਟ੍ਰੋਜਨ, ਆਕਸੀਜਨ, ਕਾਰਬਨ ਡਾਈਆਕਸਾਈਡ, ਧੂੜ ਦੇ ਕਣ ਜਲ ਵਾਸ਼ਪ ਤੇ ਧੂੰਆਂ ਆਦਿ ਹੁੰਦਾ ਹੈ। 16 ਕਿਲੋਮੀਟਰ ਤੋਂ 80 ਕਿਲੋਮੀਟਰ ਦੀ ਉਚਾਈ ਤੱਕ ਉਜੋਨ ਨਾਂ ਦੀ ਗੈਸ ਭਰੀ ਹੋਈ ਹੈ। ਇਹ ਗੈਸ ਧਰਤੀ 'ਤੇ ਜੀਵ ਜੰਤੂਆਂ ਦੀ ਹੋਂਦ ਲਈ ਅਤਿ ਜ਼ਰੂਰੀ ਹੈ ਕਿਉਂਕਿ ਇਹ ਗੈਸ ਸੂਰਜ ਤੋਂ ਆਉਣ ਵਾਲੀਆਂ ਪਰਾਬੈਂਗਣੀ ਕਿਰਨਾਂ ਨੂੰ ਆਪਣੇ ਵਿਚ ਜਜ਼ਬ ਕਰ ਲੈਂਦੀ ਹੈ। ਜੇ ਇਹ ਗੈਸ ਨਾਂ ਹੁੰਦੀ ਤਾਂ ਸੂਰਜ ਤੋਂ ਆਉਣ ਵਾਲੀਆਂ ਇਹਨਾਂ ਖਤਰਨਾਕ ਕਿਰਨਾਂ ਨੇ ਧਰਤੀ ਤੇ ਉਪਲਬਧ ਜੀਵਨ ਨੂੰ ਖਤਮ ਕਰ ਦੇਣਾ ਸੀ। ਅੱਜ ਵੀ ਕੀੜੇ ਮਾਰ ਦਵਾਈਆਂ ਦੀ ਭਰਮਾਰ ਤੇ ਰਸਾਇਣਕ ਉਦਯੋਗਾਂ ਵਿੱਚੋਂ ਨਿਕਲਣ ਵਾਲਾ ਧੂੰਆਂ ਇਸ ਉਜੋਨ ਦੇ ਗਿਲਾਫ ਵਿੱਚ ਸੁਰਾਖ ਪੈਦਾ ਕਰ ਰਹੇ ਹਨ।

(ਚਲਦਾ)



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸਮੂਹ ਸੰਗਤ ਨੇ ਮਿਲ ਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਵਿਖੇ ਬੀਤੀ 30 ਅਕਤੂਬਰ 2016, ਦਿਨ ਐਤਵਾਰ ਨੂੰ ਬੰਦੀ ਛੋੜ ਦਿਵਸ ਮਨਾਇਆ। ਇਸ ਮੌਕੇ ਕਮੇਟੀ ਨੇ ਸੰਗਤ ਨੂੰ ਗੁਰੂ ਘਰ ਦੀ ਬਿਲਡਿੰਗ ਲਈ ਵੱਧ ਚੜ੍ਹ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਿਸ਼ਵੀਕਰਨ ਬਨਾਮ ਸਾਹਿਤ, ਸਭਿਆਚਾਰ ਅਤੇ ਆਮ ਲੋਕ, ਵਿਸ਼ੇ ਉਤੇ ਵਿਚਾਰ ਚਰਚਾ

**ਸਟਾਕਟਨ (ਬਿਊਰੋ)-** ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਸਮੂਹ ਮੈਂਬਰਾਂ ਵਲੋਂ ਮਿਤੀ 23 ਅਕਤੂਬਰ ਨੂੰ ਇਸ ਨੇੜਲੇ ਕਸਬੇ ਫਰੈਂਚ ਕੈਂਪ ਦੇ 'ਇੰਡੀਆ ਤਾਜ਼ ਕੁਜ਼ੀਨ' ਵਿਖੇ ਰੱਖੀ ਗਈ ਮੀਟਿੰਗ, 'ਵਿਸ਼ਵੀਕਰਨ ਬਨਾਮ ਸਾਹਿਤ, ਸਭਿਆਚਾਰ ਅਤੇ ਆਮ ਲੋਕ' ਵਿਸ਼ੇ ਉੱਪਰਵਿਚਾਰ-ਚਰਚਾ ਕਰਦਿਆਂ ਸਫਲਤਾ ਸਹਿਤ ਸਪੰਨ ਹੋਈ।ਹਰਜਿੰਦਰ ਪੰਧੇਰ ਵਲੋਂ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਕਹਿਣ ਉਪਰੰਤ ਗੋਸ਼ਟੀ ਲਈ ਚੁਣੇ ਗਏ ਇਸ ਮਹੱਤਵ ਪੂਰਣ ਵਿਸ਼ੇ ਤੇ ਉਹਨਾਂ ਦਾ ਧਿਆਨ ਕੇਂ-ਦਰਤ ਕੀਤਾ ਗਿਆ। ਆਪਣੇ ਵਿਚਾਰ ਪ੍ਰਗਟਾਉਂਦਿਆਂ ਉਹਨਾਂ ਵਿਸ਼ਵੀਕਰਨ ਨੂੰ ਇੱਕ ਮੱਕੜਜਾਲ ਦਸਦਿਆਂ ਕਿਹਾ ਕਿਹਾ ਕਿ ਭਾਵੇਂ ਵਿਸ਼ਵੀਕਰਣ ਦੇ ਕੁਝ ਚੰਗੇ ਪੱਖ ਵੀ ਹਨ, ਪਰ ਇਹਨਾਂ ਦੇਉਲਟ ਇਹ ਆਪਣੇ ਸਵਾਰਥੀ ਹਿੱਤਾਂ ਨੂੰ ਪਾਲਣ ਲਈ ਪੂਰੀ ਦੁਨੀਆਂ ਦੇ ਲਾਹੇਵੰਦ ਕੁਦਰਤੀ ਸਰੋਤਾਂ ਤੇ ਸਾਧਨਾ ਨੂੰ ਬੇਕਿਰਕੀ ਨਾਲ ਆਪਣੇ ਕਬਜੇ ਹੇਠ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਇਸਦੇ ਗੈਰ ਮਨੁੱਖੀ ਵਰਤਾਰੇ ਕਾਰਣ ਉੱਠ ਰਹੀਆਂ ਸਮਾਜਿਕ ਸਮਸਿਆਂ ਬਾਰੇ ਵੀ ਰੋਸ਼ਨੀ ਪਾਈ। ਪ੍ਰੋ: ਹਰਭਜਨ ਸਿੰਘ ਨੇ ਵਿਸ਼ਵੀਕਰਨ ਕੀ ਹੈ? ਨੂੰ ਸਰਲ ਸੰਖੇਪ ਸ਼ਬਦਾਂ ਵਿੱਚ ਵਿਉਂਤਦਿਆਂ ਸਮਝਾਉਂਦਿਆਂ ਇਸ ਦੇ ਆਰਥਿਕ,



ਰਾਜਨੀਤਕ, ਸਾਹਿਤੱਕ ਅਤੇ ਸਭਿਆਚਾਰਕ ਪਹਿਲੂਆਂ ਬਾਰੇ ਭਰਭੂਰ ਜਾਣਕਾਰੀ ਦਿੱਤੀ। ਉਨ੍ਹਾਂ ਸਰੋਤਿਆਂ ਵਲੋਂ ਉਠਾਏ ਗਏ ਸਵਾਲਾਂ ਦੇ ਯਥਾ-ਯੋਗ ਜਵਾਬ ਵੀ ਦਿਤੇ । ਤ੍ਰਿਪਤ ਭੱਟੀਨੇ ਸਾ-ਹਤੱਕ ਕ੍ਰਿਤਾਂ ਦੇ ਅਨੁਵਾਦੀ ਕਰਣ ਤੇ ਪੈ ਰਹੇ ਪਰਭਾਵਾਂ ਨੂੰ ਉਜਾਗਰ ਕੀਤਾ। ਲਗਾਤਾਰ ਇੱਕ ਘੰਟਾ ਚਲੀ ਇਸ ਬਹਿਸ ਵਿੱਚ ਹਰਨੇਕ ਸਿੰਘ, ਚਰਨਜੀਤ ਸਿੰਘ ਸਾਹੀ, ਗੁਰਪ੍ਰੀਤ ਕੌਰ, ਮਨਜੀਤ ਕੌਰ, ਰੁਪਿੰਦਰ ਕੌਰ ਅਤੇ ਅਮਰਪਾਲ ਸਿੰਘ ਨੇ ਭਾਗ ਲਿਆ। ਸਮਾਗਮ ਦੇ ਅਗਲੇ ਦੌਰ ਵਿੱਚ ਤ੍ਰਿਪੱਤ ਸਿੰਘ ਭੱਟੀ ਨੇ 'ਮੁਸਕਾਣ ਦਾ ਫੁਲ'। ਹਰਨੇਕ ਸਿੰਘ ਨੇ 'ਕਾਮਯਾਬੀ' ਅਤੇ 'ਇਕੋ ਰੈਂਕ' ਮਿੰਨੀ ਕਹਾਣੀਆਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਉਪਰੰਤ ਚਰਨਜੀਤ ਸਿੰਘ ਸਾਹੀ, ਅਮਰਪਾਲ ਸਿੰਘ ਅਤੇ ਪ੍ਰੋ: ਹਰਭਜਨ ਸਿੰਘ ਨੇ ਆਪਣੀਆਂ ਕਵਿਤਾਵਾਂ ਨਾਲ ਰੰਗ ਬੰਨਿਆ। ਇਸ ਬੈਠਕ ਦੌਰਾਨ ਮੌਜੂਦਾ ਕਾਰਜ ਕਰਣੀ ਕਮੇਟੀ ਵਿੱਚ ਵਾਧਾ ਕਰਦਿਆਂ ਗੁਰਪ੍ਰੀਤ ਕੌਰ ਨੂੰ ਪ੍ਰਬੰਧਕ, ਤ੍ਰਿਪੱਤ ਸਿੰਘ ਭੱਟੀ ਨੂੰ ਮੀਤ ਪ੍ਰਧਾਨ, ਅਤੇ ਚਰਨਜੀਤ ਸਿੰਘ ਸਾਹੀ ਨੂੰ ਮੀਤ ਸਕੱਤਰ ਦੇ ਤੌਰ ਤੇ ਸ਼ਾਮਲ ਕੀਤਾ ਗਿਆ। ਇੱਕ ਅਹਿਮ ਫੈਸਲਾ ਲੈਂਦਿਆਂ ਇਹ ਐਲਾਨ ਵੀ ਕੀਤਾ ਗਿਆ ਕਿ ਇਸ ਸਭਾ ਦੀ ਨਵੀਂ ਕਮੇਟੀ ਦੀ ਚੋਣ ਮਾਰਚ ਮਹੀਨੇ ਵਿੱਚ ਕੀਤੀ ਜਾਵੇਗੀ ਅਤੇ ਨਵੇਂ ਸਵਿਧਾਨ ਨੂੰ ਅੰਤਮ ਰੂਪ ਦਿੱਤਾ ਜਾਵੇਗਾ। ਸਭਾ ਦੀ ਇਸ ਮੀਟਿੰਗ ਵਿੱਚ ਉਪਰੋਕਤ ਮੈਂਬਰਾਂ ਤੋ ਇਲਾਵਾ ਤਾਰਾ ਸਿੰਘ ਸਾਗਰ, ਦਲਜਿੰਦਰ ਸਿੰਘ ਸਹੋਤਾ, ਅਨਮੋਲ ਸ਼ਰਮਾਂ, ਰਾਜਕੁਮਾਰੀ, ਸੁੱਚੀ ਕੰਬੋਜ, ਕਮਲਾ ਕੰਬੋਜ, ਹਰਜਿੰਦਰ ਕੌਰ, ਸਤਵਿੰਦਰ ਸਿੰਘ ਆਦਿ ਨੇ ਭਾਗ ਲਿਆ।

**-ਹਰਜਿੰਦਰ ਪੰਧੇਰ** ( 209-610- 5055)

## ਕੇਂਦਰੀ ਪੰਜਾਬੀ ਲੇਖਕ ਸਭਾ ਚੋਣਾਂ

# ਡਾ. ਸਰਬਜੀਤ ਸਿੰਘ, ਸੁਸ਼ੀਲ ਦੁਸਾਂਝ, ਅਤੇ ਡਾ. ਜੋਗਾ ਸਿੰਘ ਪ੍ਰਧਾਨ, ਜਨਰਲ ਸਕੱਤਰ ਅਤੇ ਸੀ. ਮੀਤ ਪ੍ਰਧਾਨ ਬਣੇ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੀ 6 ਨਵੰਬਰ 2016 ਨੂੰ ਹੋ ਰਹੀ ਚੋਣ ਸਬੰਧੀ ਕਾਗਜ਼ ਵਾਪਸ ਲੈਣ ਤੋਂ ਬਾਅਦ ਸਾਰੇ ਅਹੁਦਿਆਂ ਤੇ ਸਰਵ ਸੰਮਤੀ ਹੋ ਗਈ ਹੈ। ਪ੍ਰਧਾਨ ਦੇ ਅਹੁਦੇ ਤੇ ਸ੍ਰੀ ਅਤਰਜੀਤ, ਪ੍ਰੋ. ਸੁਰਜੀਤ ਜੱਜ , ਸੁਸ਼ੀਲ ਦੁਸਾਂਝ, ਡਾ. ਕਰਮਜੀਤ ਸਿੰਘ, ਸ੍ਰੀ ਦਰਸ਼ਨ ਬੁੱਟਰ ਦੇ ਕਾਗਜ਼ ਵਾਪਸ ਲੈ ਲੈਣ ਤੋਂ ਬਾਅਦ ਡਾ. ਸਰਬਜੀਤ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ ਨੂੰ ਸਰਵ ਸੰਮਤੀ ਨਾਲ ਪ੍ਰਧਾਨ ਐਲਨਿਆ ਜਾਂਦਾ ਹੈ। ਇਸੇ ਤਰਾਂ ਜਨਰਲ ਸਕੱਤਰ ਦੇ ਅਹੁਦੇ ਲਈ ਡਾ. ਸਰਬਜੀਤ ਸਿੰਘ, ਡਾ. ਕਰਮਜੀਤ ਸਿੰਘ, ਸ੍ਰੀ ਮੱਖਣ ਕੁਹਾੜ ਦੇ ਕਾਗਜ਼ ਵਾਪਸ ਲੈਣ ਤੋਂ ਬਾਅਦ ਸ੍ਰੀ ਸੁਸ਼ੀਲ ਦੁਸਾਂਝ ਸੰਪਾਦਕ ਹੁਣ ਨੂੰ ਸਰਵ ਸੰਮਤੀ ਨਾਲ ਜਨਰਲ ਸਕੱਤਰ ਐਲਾਨਿਆ ਜਾਂਦਾ ਹੈ। ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਸ਼੍ਰੀ ਸੁਲੱਖਣ ਸਰਹੱਦੀ, ਡਾ. ਗੁਰਮੇਲ ਸਿੰਘ ਅਤੇ ਸ਼੍ਰੀ ਮੱਖਣ ਕੁਹਾੜ ਦੇ ਕਾਗਜ਼ ਵਾਪਸ ਲੈ ਲੈਣ ਤੋਂ ਬਾਅਦ ਡਾ. ਜੋਗਾ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਸਰਵ ਸੰਮਤੀ ਨਾਲ ਸੀਨੀਅਰ ਮੀਤ ਪ੍ਰਧਾਨ ਐਲਾਨਿਆਂ ਜਾਂਦਾ ਹੈ।

ਮੀਤ ਪ੍ਰਧਾਨ ( ਪੰਜ ) ਸੂਬਾ ਸੁਰਿੰਦਰ ਕੌਰ ਖਰਲ, ਸ੍ਰੀ ਸੁਰਿੰਦਰਪ੍ਰੀਤ ਘਣੀਆਂ, ਜਸਪਾਲ ਮਾਨਖੇੜਾ, ਸ੍ਰੀ ਜਸਬੀਰ ਝੱਜ, ਦੀਪ ਦੇਪਿੰਦਰ ਸਿੰਘ ਸਰਬ ਸੰਮਤੀ ਨਾਲ ਜੇਤੂ ਐਲਾਨਿਆਂ ਜਾਂਦਾ ਹੈ।

ਚਾਰ ਸਕੱਤਰ ਸ. ਕਰਮ ਸਿੰਘ ਵਕੀਲ, ਡਾ ਹਰਵਿੰਦਰ ਸਿੰਘ ਸਿਰਸਾ, ਵਰਗਿਸ ਸਲਾਮਤ, ਸ੍ਰੀ ਮਤੀ ਅਰਤਿੰਦਰ ਕੌਰ ਸੰਧੂ ਸਕੱਤਰ ਦੇ ਤੋਰ ਤੇ ਜੇਤੂ ਐਲਾਨੇ ਗਏ ਹਨ।

ਮੀਤ ਪ੍ਰਧਾਨਾਂ ਵਿੱਚ ਸ੍ਰੀ ਮਤੀ ਅਮਰਜੀਤ ਕੌਰ ਹਿਰਦੇ, ਡਾ. ਸੁਰਜੀਤ ਬਰਾੜ, ਸ੍ਰੀ ਮਤੀ ਸੁਖਵਿੰਦਰ ਆਹੀ, ਪ੍ਰੋ ਹਰਜਿੰਦਰ ਸਿੰਘ ਅਟਵਾਲ ਸ੍ਰੀ ਜਸਪਾਲ ਮਾਨਖੇੜਾ, ਸ੍ਰੀ ਤਰਸੇਮ, ਸ੍ਰੀ ਤਰਲੋਚਨ ਝਾਂਡੇ, ਸ੍ਰੀ ਮਤੀ ਮਨਜੀਤ ਕੌਰ ਮੀਤ, ਡਾ. ਰਾਮ ਮੂਰਤੀ ਨੇ ਆਪਣੀ ਉਮੀਦਵਾਰੀ ਦੇ ਕਾਗਜ਼ ਵਾਪਸ ਲੈ ਲਏ ਹਨ। ਇਸੇ ਤਰਾਂ ਸਕੱਤਰਾਂ ਵਿੱਚੋ ਸ੍ਰੀ ਅਸਵਨੀ ਬਾਗੜੀਆਂ, ਸ੍ਰੀ ਮਤੀ ਸੁਰਿੰਦਰ ਕੌਰ, ਸੂਬਾ ਸੁਰਿੰਦਰ ਕੌਰ ਖਰਲ, ਸਰਦਾਰਾ ਸਿੰਘ ਚੀਮਾ, ਡਾ. ਹਰਵਿੰਦਰ ਸਿੰਘ, ਸ੍ਰੀ ਤਰਲੋਚਨ ਝਾਂਡੇ, ਦੀਪ ਦੇਵਿੰਦਰ ਸਿੰਘ, ਸ੍ਰੀ ਮਤੀ ਮਨਜੀਤ ਕੌਰ ਮੀਤ ਨੇ ਆਪਣੀ ਉਮੀਦਵਾਰੀ ਦੇ ਕਾਗਜ਼ ਵਾਪਸ ਲੈ ਲਏ ਹਨ।

ਚੋਣ ਅਧਿਕਾਰੀ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਸਰਵ ਸੰਮਤੀ ਨਾਲ ਹੋਈ ਚੋਣ ਦੀ ਸਮਾਜ ਦੇ ਸਾਰੇ ਪਾਸਿਆਂ ਤੋਂ ਸ਼ਲਾਘਾ ਹੋ ਰਹੀ ਹੈ। ਸਰਬ ਸੰਮਤੀ ਦੀ ਸਾਰੀ ਪ੍ਰਕਿਰਿਆ ਵਿਚ ਡਾ. ਸੁਖਦੇਵ ਸਿੰਘ ਸਿਰਸਾ, ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸੇ ਤਰਾਂ ਸ੍ਰੀ ਤਰਲੋਚਨ ਝਾਂਡੇ ਨੇ ਆਪਣੇ ਕਾਗਜ਼ ਵਾਪਸ ਲੈਦਿਆਂ ਸਮੁੱਚੇ ਕਾਗਜ਼ ਵਾਪਸ ਲੈਣ ਵਾਲੇ ਉਮੀਦਵਾਰਾਂ ਦਾ ਧੰ-ਨਵਾਦ ਕੀਤਾ ਹੈ ਅਤੇ ਜੇਤੂ ਐਲਾਨੇ ਗਏ ਉਮੀਦਵਾਰਾਂ ਨੂੰ ਵਧਾਈ ਦਿੱਤੀ।

ਮੁੱਖ ਚੋਣ ਅਧਿਕਾਰੀ ਡਾ. ਗੁਲਜਾਰ ਸਿੰਘ ਪੰਧੇਰ, ਸਹਾਇਕ ਚੋਣ ਅਧਿਕਾਰੀ ਡਾ. ਕੁਲਵਿੰਦਰ ਕੌਰ ਮਿਨਹਾਸ ਅਤੇ ਸ. ਹਕੀਕਤ ਸਿੰਘ ਮਾਂਗਟ ਨੇ ਸਮੁੱਚੇ ਲੇਖਕਾਂ ਦੇ ਇਸ ਪ੍ਰਕਿਰਿਆ ਵਿੱਚ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਸਮੁੱਚੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ 6 ਨਵੰਬਰ 2016 ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਆਉਣ ਲਈ ਆਖਿਆ ਤਾਂ ਕਿ ਉਹਨਾਂ ਦਾ ਹਾਰ ਪਾ ਕੇ ਸਨਮਾਨ ਕੀਤਾ ਜਾ ਸਕੇ ਅਤੇ ਅਹੁਦਿਆਂ ਦੇ ਸਰਟੀਫਿਕੇਟ ਦਿਤਤੇ ਜਾ ਸਕਣ ਇਹ ਸਮੁੱਚੀ ਟੀਮ ਭਾਸ਼ਾ ਸਾਹਿਤ ਤੇ ਸਭਿਆਚਾਰ ਸਬੰਧੀ ਮਸਲਿਆਂ ਤੇ ਕੋਈ ਢੁੱਕਵੀਂ ਯੋਜਨਾਬੰਦੀ ਦਾ ਐਲਾਨ ਕਰਨ।

# ਕਾਂਸਲੇਟ ਜਰਨਲ ਨੂੰ ਪ੍ਰਵਾਸੀ ਸਿੱਖਾਂ ਦੇ ਲਟਕ ਰਹੇ ਮਸਲਿਆਂ ਬਾਰੇ ਦਿੱਤੀ ਜਾਣਕਾਰੀ

**ਮਿਲਵਾਕੀ (ਹੁਸਨ ਲੜੋਆ ਬੰਗਾ)-** ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ ਖਾਸ ਕਰਕੇ ਜਿਹਨਾਂ ਨੇ ਰਾਜਨੀਤਿਕ ਸ਼ਰਨ ਲਈ ਹੋਈ ਹੈ, ਉਹਨਾਂ ਦੇ ਭਾਰਤੀ ਸਫਾਰਤਖਾਨਿਆਂ ਵਿਚ ਲਟਕ ਰਹੇ ਮਸਲਿਆਂ, ਜਿਹਨਾਂ ਵਿਚ ਪਾਸਪੋਰਟ, ਵੀਜ਼ਾ, ਪਾਵਰ ਆਫ ਅਟਾਰਨੀ ਆਦਿ ਮਸਲਿਆਂ ਬਾਰੇ ਜਾਣਕਾਰੀ ਦੇਣ ਲਈ, ਗੈਸ ਸਟੇਸ਼ਨਾਂ ਦੇ ਮਾਲਕ ਧਨਾਢ ਸਿੱਖ ਆਗੂ ਦਰਸ਼ਨ ਸਿੰਘ ਧਾਰੀਵਾਲ ਦੇ ਘਰ ਇਕ ਵਿਸ਼ੇਸ਼ ਮਿਲਣੀ ਹੋਈ, ਜਿਸ ਵਿਚ ਕਾਂਸਲੇਟ ਜਰਨਲ ਡਾ. ਅਸਾਫ ਸਈਅਦ (ਸ਼ਿਕਾਗੋ)



ਅਤੇ ਭਾਰਤੀ ਜਨਤਾ ਪਾਰਟੀ ਦੇ 16 ਦੇਸ਼ਾਂ ਦੇ ਇੰਚਾਰਜ ਚੇਅਰਮੈਨ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਸ਼ਵਾਸ ਪਾਤਰ ਵੀਭਾਵ ਕਾਂਤ ਉਪਾਧਿਆਏ ਇਹਨਾਂ ਮਸਲਿਆਂ ਬਾਰੇ ਜਾਣਕਾਰੀ ਦੇਣ ਆਏ। ਦੋਹਾਂ ਆਗੂਆਂ ਨੇ ਇਹਨਾਂ ਮਸਲਿਆਂ ਤੇ ਸੰਜੀਦਗੀ ਨਾਲ ਭਾਰਤ ਸਰਕਾਰ ਨਾਲ ਗੱਲਬਾਤ ਕਰਨ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਕਾਫੀ ਹੱਦ ਤੱਕ ਇਹ ਮਸਲੇ ਹੱਲ ਹੋ ਚੁੱਕੇ ਹਨ ਅਤੇ ਵੀਜ਼ੇ ਪਾਸਪੋਰਟ ਕਾਨੂੰਨ ਅਨੁਸਾਰ ਦਿੱਤੇ ਜਾ ਰਹੇ ਹਨ। ਇਸ ਸਮੇਂ ਇਸ ਮਿਲਣੀ ਵਿਚ ਸੁਖਵਿੰਦਰ ਸਿੰਘ ਅਬਲੋਵਾਲ, ਬਚਨ ਸਿੰਘ ਗਿੱਲ, ਕਰਨਦੀਪ ਸਿੰਘ ਰੱਖੜਾ, ਅਰਸ਼ ਚਾਹਲ, ਬਖਸ਼ਿੰਦਰ ਸਿੰਘ, ਵਿਪਨ ਦੱਤਾ ਅਤੇ ਮਹਾਜਨ ਸ਼ਾਮਲ ਸਨ।

# ਸਨਵਾਕੀਨ ਵਿਖੇ ਹੋਈ ਪਰਿਵਾਰਕ ਪਿਕਨਿਕ ਨੇ ਪਰੰਪਰਾਗਤ ਖੇਡਾ ਦਾ ਕੀਤਾ ਸ਼ਾਨਦਾਰ ਪ੍ਰਦਰਸ਼ਨ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕੈਲੀਫੋਰਨੀਆਂ ਵਿੱਚ 'ਸਨਵਾਕੀਨ' ਸ਼ਹਿਰ ਪੁਰਾਤਨ ਸਮਿਆ ਵਿੱਚ ਸ਼ਹਿਰ 'ਯੂਬਾ ਸਿਟੀ' ਤੋਂ ਬਾਅਦ ਖੇਤੀ-ਬਾੜੀ ਨਾਲ ਸੰਬੰਧਤ ਕੰਮ ਹੋਣ ਕਰਕੇ ਪਸੰਦੀ ਦਾ ਸ਼ਹਿਰ ਸੀ। ਇੱਥੇ ਹੀ ਇਲਾਕੇ ਦਾ ਪਹਿਲਾ ਸ਼ਾਨਦਾਰ ਗੁਰਦੁਆਰਾ ਹੈ। ਪਰ ਸਮੇਂ ਦੇ ਬਦਲਣ ਨਾਲ ਇੱਥੋ ਦੇ ਲੋਕ ਪੜਾਈ ਕਰਕੇ ਚੰਗੇ ਕੰਮ ਧੰਦੇ ਲਈ ਹੋਰ ਵੱਡੇ ਸ਼ਹਿਰਾਂ ਵਿੱਚ ਜਾ ਵਸੇ। ਇੱਥੋ ਦੇ ਸਭ ਤੋਂ ਪੁਰਾਣੇ ਗੁਰੂ ਨਾਨਕ ਸਪੋਰਟਸ ਕਲੱਬ ਦੇ ਸਹਿਯੋਗ ਸਦਕਾ ਇੱਥੇ ਰਹਿ ਚੁੱਕੇ ਨਿਵਾਸੀ ਖੇਡਾਂ, ਤਿਉਹਾਰ ਅਤੇ ਸਲਾਨਾ ਪਰਿਵਾਰਕ ਪਿਕਨਿਕ ਰਲਕੇ ਹਮੇਸਾ ਵਾਂਗ ਇਸੇ ਸ਼ਹਿਰ ਵਿੱਚ ਰਲ ਮਨਾਉਦੇ ਹਨ। ਜਿਸ ਬਹਾਨੇ ਇਕੱਠੇ ਹੋ ਪਰਿਵਾਰਕ ਸਾਝਾ ਵੀ ਵਧਾਉਦੇ ਹਨ। ਇਸੇ ਲੜੀ ਅਧੀਨ ਪੰਜਾਬੀ ਪਰਿਵਾਰਾ ਨੇ ਪਿਕਨਿਕ ਮਨਾਉਦੇ ਹੋਏ ਪੰਜਾਬ ਦੀਆਂ ਵਿਸਰ ਰਹੀਆਂ ਪਰੰਪਰਾਗਤ ਖੇਡਾਂ ਅਤੇ ਰਸ਼ਮਾਂ ਦਾ ਪਰਦਰਸ਼ਨ ਕਰਦੇ ਹੋਏ ਖੂਬ ਅਨੰਦ ਮਾਣਿਆਂ। ਇਸ ਪਿਕਨਿਕ ਵਿੱਚ ਛੋਟੀ ਉਮਰ ਦੇ ਬੱਚਿਆ ਤੋਂ ਲੈ ਕੇ ਬਜੁਰਗਾ ਤੱਕ ਹਰ ਇਕ ਉਮਰ ਦੀਆਂ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਸੀ। ਜਿਸ ਵਿੱਚ ਵੱਖ-ਵੱਖ ਉਮਰ ਦੇ ਬੱਚਿਆ ਅਤੇ ਬਜ਼ੁਰਗਾ ਦੀਆਂ ਦੌੜਾ, ਬਾਸਕਟ ਬਾਲ, ਵਾਲੀਬਾਲ, ਰਸਾਕਸੀ, ਚਾਟੀ ਰੇਸ਼, ਤਿੰਨ ਟੰਗੀ ਰੇਸ਼, ਘੋੜਾ ਕਬੱਡੀ, ਬੋਲੀਆਂ ਦਾ ਮੁਕਾਬਲਾ, ਗਿੱਧਾ, ਭੰਗੜਾ ਆਦਿਕ ਮੁੱਖ ਅਕਰਸ਼ਣ ਸਨ। ਇਸ ਸਮੇਂ ਕਰਮਨ ਪੰਜਾਬੀ ਸਕੂਲ, ਜੀ. ਐਚ. ਜੀ. ਅਕੈਡਮੀ ਅਤੇ ਹੋਰ ਸਥਾਨਿਕ ਸਕੂਲਾ ਦੇ ਬੱਚਿਆ ਵੱਲੋਂ ਗਿੱਧੇ ਅਤੇ ਭੰਗੜੇ ਦਾ ਖੂਬ ਪ੍ਰਦਰਸ਼ਨ ਕੀਤਾ ਗਿਆ। ਬੱਚਿਆ ਤੋਂ ਇਲਾਵਾ ਘਰ ਦੀ ਚਾਰ ਦੀਵਾਰੀ 'ਚੋ ਨਿਕਲ ਔਰਤਾਂ ਦੁਆਰਾ ਖੇਡੀਆਂ ਗਈਆਂ ਖੇਡਾਂ ਵੀ ਦਰਸ਼ਕਾ ਲਈ ਖਿੱਚ ਦਾ ਕੇਂਦਰ ਰਹੀਆਂ।

ਇਸ ਸਮੇਂ ਗਾਇਕ ਜੀਤ ਜਗਜੀਤ ਨੇ ਵੀ ਹਾਜ਼ਰੀਨ ਦਾ ਭਰਪੂਰ ਮੰਨੋਰੰਜ਼ਨ ਕੀਤਾ। ਭਾਰਤ ਤੋਂ ਆਏ ਬਹੁਪੱਖੀ ਸਖਸੀਅਤ ਅਸ਼ੋਕ ਬਾਸ਼ਲ ਮਾਨਸਾ ਨੇ ਵੀ ਬਤੌਰ ਮਹਿਮਾਨ ਹਾਜ਼ਰੀ ਲਾਈ ਅਤੇ ਬੋਲਦਿਆ ਇਸ ਪਰੰਪਰਾਂ ਦੀ ਸਲਾਹੁਣਾ ਕੀਤੀ।

ਇਸ ਸਮੇਂ ਖੇਡਾਂ ਆਦਿਕ ਵਿੱਚ ਹਿੱਸਾ ਲੈਣ ਵਾਲੇ ਸਮੂੰਹ ਬਜੁਰਗਾਂ ਔਰਤਾਂ ਅਤੇ ਬੱਚਿਆ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪ੍ਰੋਗਰਾਮ ਹੋਸਟ ਦੀ ਬੀਬੀ ਆਸ਼ਾ ਸ਼ਰਮਾਂ ਨੇ ਬਾਖੂਬੀ ਨਿਭਾਈ। ਇਹੋ ਜਿਹੇ ਖੇਡ ਮੇਲਿਆ ਦਾ ਵਿਦੇਸਾਂ ਵਿੱਚ ਹੋਣਾ ਬਹੁਤ ਜਰੂਰੀ ਹੈ ਤਾਂ ਕਿ ਆਪਣੇ ਦੇਸ਼ਾ ਤੋਂ ਦੂਰ ਜਨਮੇਂ ਬੱਚਿਆਂ ਨੂੰ ਆਪਣੇ ਸੱਭਿਆਚਾਰਕ ਖੇਡਾਂ ਅਤੇ ਰੀਤਾਂ ਰਸ਼ਮਾਂ ਨਾਲ ਜੋੜ ਕੇ ਰੱਖਿਆਂ ਜਾ ਸਕੇ। ਇਸ ਪਰਿਵਾਰਕ ਪਿਕਨਿਕ ਲਈ ਗੁਰੂ ਨਾਨਕ ਸਪੋਰਟਸ਼ ਕਲੱਬ ਦੇ ਸਮੂੰਹ ਮੈਂਬਰ ਵਧਾਈ ਦੇ ਪਾਤਰ ਹਨ ਜੋ ਹਰ ਸਾਲ ਇਨ੍ਹਾਂ ਪਰੰਪਰਾਗਤ ਵਿਰਾਸਤੀ ਖੇਡਾਂ ਅਤੇ ਰਸ਼ਮਾਂ ਨੂੰ ਪਿਕਨਿਕ ਦੇ ਰੂਪ ਵਿੱਚ ਕਰਾ ਕੇ ਪੰਜਾਬੀਅਤ ਦੇ ਵਿਕਾਸ਼ ਵਿੱਚ ਹਿੱਸਾ ਪਾ ਰਹੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ. ਬਲਬੀਰ ਸਿੰਘ ਬਸਰਾ ਨੇ ਮੈਰਾਥਨ ਦੌੜ ਕੇ ਵਧਾਈ ਸਰਦਾਰਾਂ ਦੀ ਸ਼ਾਨ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਅੱਜ ਆਕਲੈਂਡ ਸ਼ਹਿਰ ਦੇ ਡੈਵਨਪੋਰਟ ਤੋਂ ਸਲਾਨਾ ਆਕਲੈਂਡ ਮੈਰਾਥਨ ਦੌੜ (42 ਕਿਲੋਮੀਟਰ) ਦਾ ਆਯੋਜਨ ਕੀਤਾ ਗਿਆ ਜਿਸ ਦੇ ਵਿਚ ਲਗਪਗ 14000 ਵੱਖ-ਵੱਖ ਕੌਮਾਂ ਅਤੇ ਦੇਸ਼ਾਂ ਦੇ ਲੋਕਾਂ ਨੇ ਭਾਗ ਲਿਆ। ਸਵੇਰੇ 6 ਵਜੇ ਤੋਂ ਸ਼ੁਰੂ ਹੋ ਕੇ 3 ਵਜੇ ਖਤਮ ਹੋਈ ਇਹ ਦੌੜ ਭਾਰਤੀ ਭਾਈਚਾਰੇ ਲਈ ਖਾਸ ਕਰ ਸਿੱਖ ਭਾਈਚਾਰੇ ਉਸ ਸਮੇਂ ਹੋਰ ਮਹੱਤਵਪੂਰਨ ਅਤੇ ਪ੍ਰੇਰਨਾ ਸਰੋਤ ਬਣ ਗਈ ਜਦੋਂ ਜਵਾਨੀ ਦੀ ਭਾਵਨਾ ਰੱਖਣ ਵਾਲੇ 77 ਸਾਲਾ ਅੰਮ੍ਰਿਤਧਾਰੀ ਸ. ਬਲਬੀਰ ਸਿੰਘ ਬਸਰਾ ਨੇ ਛੇਵੀਂ ਵਾਰ ਇਸ ਦੌੜ ਵਿਚ ਭਾਗ ਲੈ ਕੇ 42.19 ਕਿਲੋਮੀਟਰ ਦਾ ਸਫਰ 5 ਘੰਟੇ 41 ਮਿੰਟ 54 ਸੈਕਿੰਡ ਦੇ ਵਿਚ ਪੂਰਾ ਕਰ ਲਿਆ। ਆਪਣੀ ਉਮਰ ਵਰਗ ਦੇ ਲੋਕਾਂ ਦੇ ਆਏ ਰੈਂਕ ਵਿਚ ਉਹ ਉਪਰਲੀ ਸ਼੍ਰੇਣੀ ਵਿਚ ਆਏ। ਉਨ੍ਹਾਂ ਆਪਣੀ ਇਸ ਪ੍ਰਾਪਤੀ ਅਤੇ ਤੰਦਰੁਸਤੀ ਦਾ ਰਾਜ ਆਪਣੇ ਪੁੱਤਰ




ਗੁਰਦੀਪ ਸਿੰਘ ਬਸਰਾ ਅਤੇ ਨੂੰਹ ਬਲਜਿੰਦਰ ਕੌਰ ਵੱਲੋਂ ਕੀਤੀ ਜਾ ਰਹੀ ਸੇਵਾ ਅਤੇ ਹੌਂਸਲਾ ਅਫ਼ਜਾਈ ਮੰਨਿਆ ਹੈ ਜਿਨ੍ਹਾਂ ਦੇ ਪਿਆਰ ਆਸਰੇ ਉਹ ਇਸ ਮੈਰਾਥਨ ਦੌੜ ਦੇ ਵਿਚ ਹਿੱਸਾ ਲੈ ਰਹੇ ਹਨ। ਕਈ ਵਾਰ ਸ. ਬਲਬੀਰ ਸਿੰਘ ਬਸਰਾ ਦਿਨ ਦੇ ਵਿਚ 61 ਕਿਲੋਮੀਟਰ ਤੱਕ ਪੈਦਲ ਚੱਲ ਲੈਂਦੇ ਹਨ। ਸ਼ਾਲਾ ਇਹ 77 ਸਾਲਾ ਬਜ਼ੁਰਗ ਨੌਜਵਾਨ ਆਉਣ ਵਾਲੇ ਸਮੇਂ ਵਿਚ ਵੀ ਪੰਜਾਬੀਆਂ ਦੀ ਤੰਦਰੁਸਤੀ ਅਤੇ ਸਿਹਤ ਦਾ ਪ੍ਰਦਰਸ਼ਨ ਕਰਕੇ ਨਿਊਜ਼ੀਲੈਂਡ ਦਾ ਫੌਜਾ ਸਿੰਘ ਕਹਾਵੇ। ਸ. ਬਲਬੀਰ ਸਿੰਘ ਬਸਰਾ ਤੋਂ ਇਲਾਵਾ ਇਸ ਵਾਰ ਹੋਰ ਵੀ ਕਈ ਪੰਜਾਬੀਆਂ ਅਤੇ ਭਾਰਤੀਆਂ ਨੇ ਹਿੱਸਾ ਲਿਆ। ਪਰਮਜੀਤ ਸਿੰਘ ਅਤੇ ਪਰਵਿੰਦਰ ਸਿੰਘ ਹੋਰਾਂ ਵੀ 42 ਕਿਲੋਮੀਟਰ ਦੌੜ ਪੂਰੀ ਕੀਤੀ। ਜਦ ਕਿ ਅਮਨ ਸਿੰਘ, ਗੁਰਦੀਪ ਸਿੰਘ, ਹਰੀ ਸਿੰਘ, ਨਰਿੰਜਣ ਸਿੰਘ, ਸ਼ਾਮ ਸਿੰਘ, ਸੁਨੀਲ ਸਿੰਘ ਅਤੇ ਵਰਸ਼ਾ ਸਿੰਘ ਨੇ 21 ਕਿਲੋਮਟੀਰ (ਅੱਧੀ ਮੈਰਾਥਨ) ਦੌੜ ਪੂਰੀ ਕੀਤੀ।

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)-7

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥?



ਅਵਤਾਰ ਸਿੰਘ ਮਿਸ਼ਨਰੀ
510-432-5827

ਜਪੁਜੀ ਦੀ ਤੀਜੀ ਪੌੜੀ-ਪ੍ਰਮਾਤਮਾਂ ਨੂੰ ਲੋਕ ਕਿਉਂ ਗਾਉਂਦੇ ਹਨ? ਕੋਈ ਪ੍ਰਮਾਤਮਾਂ ਨੂੰ ਬਲਵਾਨ ਸਮਝ, ਕੋਈ ਉਸ ਦੀਆਂ ਦਾਤਾਂ ਨੂੰ ਦੇਖ, ਕੋਈ ਸ਼ੁਭ ਗੁਣਾਂ ਤੇ ਸੁੰਦਰ ਵਡਿਆਈਆਂ, ਕੋਈ ਵਿਦਿਆ ਦੇ ਕਠਨ ਵਿਚਾਰਾਂ, ਕੋਈ ਸਰੀਰ ਸਾਜਨਾ ਤੇ ਨਾਸ਼ ਕਰਨ।

ਕੋਈ ਨੇੜੇ, ਦੂਰ ਤੇ ਕੋਈ ਹਜੂਰ ਦਿਸਣ ਕਰਕੇ ਉਸ ਨੂੰ ਗਾ ਰਿਹਾ ਹੈ। ਕਥਨ ਵਾਲਿਆਂ ਨੇ ਲੱਖਾਂ ਕਰੋੜਾਂ ਵਾਰ ਉਸ ਬਾਰੇ ਕਥਾ ਕਰਕੇ, ਉਸ ਦੀ ਸਿਫਤ ਸਾਲਾਹ ਕੀਤੀ ਫਿਰ ਵੀ ਉਸ ਦੀ ਵਿਚਾਰ ਦੀ ਤੋਟ ਨਹੀਂ ਆਉਂਦੀ। ਕੋਈ ਉਸ ਨੂੰ ਇਸ ਕਰਕੇ ਗਾਉਂਦਾ ਹੈ ਕਿ ਉਹ ਦਾਤਾ ਹਰ ਵੇਲੇ ਦੇਈ ਜਾਂਦਾ, ਜੀਵ ਜੁੱਗਾਂ ਤੋਂ ਖਾ ਰਹੇ ਤੇ ਲੈਣ ਵਾਲੇ ਥੱਕ ਜਾਂਦੇ ਹਨ। ਹੁਕਮ ਵਾਲੇ ਰੱਬ ਦਾ ਹੁਕਮ ਹੀ ਸੰਸਾਰ ਦੀ ਕਾਰ ਵਾਲਾ ਰਸਤਾ ਚਲਾਉਂਦਾ ਅਤੇ ਰੱਬ ਆਪ ਸਦਾ ਵੇਪ੍ਰਵਾਹ ਹੈ। ਭਾਵ ਕਰਣਹਾਰ ਕਰਤਾਰ ਦੇ ਵੱਖੋ ਵੱਖਰੇ ਕੰਮ ਵੇਖ ਕੇ, ਮਨੁੱਖ ਆਪੋ ਆਪਣੀ ਸਮਝ ਅਨੁਸਾਰ ਉਸ ਦੀ ਹੁਕਮ ਰੂਪ ਤਾਕਤ ਦਾ ਅੰਦਾਜਾ ਲਾਉਂਦੇ ਆ ਰਹੇ ਹਨ ਪਰ ਕੋਈ ਸੰਪੂਰਨ ਤੌਰ ਤੇ ਦੱਸ ਨਹੀ ਸੱਕਿਆ।

ਕੋਈ ਉਸ ਦੀਆਂ ਦਾਤਾਂ ਅਤੇ ਕੁਦਰਤ ਨਜਾਰਿਆਂ ਨੂੰ ਤੱਕ ਕੇ ਗਾਉਂਦਾ ਅਤੇ ਕੋਈ ਮਾਇਆ ਖਾਤਰ ਗਾ ਰਿਹਾ ਹੈ। ਗੁਰ ਪੁਰਬਾਂ ਅਤੇ ਨੱਗਰ ਕੀਰਤਨਾਂ ਵਿੱਚ ਊਚੀ ਊਚੀ ਗਾਉਣਾ ਵਜਾਉਣਾ ਕੀ ਅਰਥ ਰੱਖਦਾ ਭਾਵ ਲੋਕ ਦਿਖਾਵਾ ਹੀ ਹੈ ਜੇ ਗੁਰਬਾਣੀ ਸਮਝ ਕੇ ਜੀਵਨ ਨਾ ਬਦਲਿਆ। ਹਾਂ ਗਾਉਣਾ ਉਸ ਦਾ ਹੀ ਸਫਲਾ ਜੋ ਉਸ ਦੀ ਹੁਕਮ ਰਜ਼ਾਈ ਵਿੱਚ ਜੀਵਨ ਬਸਰ ਕਰਦਾ ਹੈ-ਗਾਵਿਆ ਸੁਣਿਆ ਤਿਨ ਕਾ ਹਰਿ ਥਾਂਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥ (੬੬੯) ਗੁਰਬਾਣੀ ਤਾਂ ਇਹ ਵੀ ਚਿਤਾਵਨੀ ਦਿੰਦੀ ਹੈ ਕਿ ਜੇ ਮਨ ਵਿੱਚ ਰੱਬੀ ਪਿਆਰ, ਗੁਰੂ ਗਿਆਨ ਅਤੇ ਜੀਵਨ ਗੁਰੂ ਸਮਰਪਿਤ ਨਹੀਂ ਤਾਂ ਗਾਉਣਾ ਵਜਾਉਣਾ ਰੋਣਾ ਹੀ ਹੈ-ਕੋਈ ਗਾਵੈ ਰਾਗੀ ਨਾਦੀਂ ਬੇਦੀਂ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥...ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥ (੪੫੦)

ਭਾਈ ਗੁਰਦਾਸ ਜੀ ਵੀ ਦਰਸਾਉਂਦੇ ਹਨ ਕਿ-ਗਾਂਇ ਸੁਨੈ ਆਂਖੇਂ ਮੀਚੈ ਪਾਈਐ ਨ ਪਰਮ ਪਦ ਗੁਰ ਉਪਦੇਸ਼ ਗਹਿ ਜੌ ਲੌ ਨ ਕਮਾਈਐ॥ ਸੋ ਕਪਟੀ ਗਾਉਣਾ ਕੂੜ ਦੀ ਪਾਲ ਅਤੇ ਪ੍ਰਭੂ ਪਿਆਰ ਵਿੱਚ ਗਾਉਂਦੇ ਜੀਵਨ ਹੁਕਮ ਰਜਾਈ ਚਲਦੇ, ਕੂੜ ਦੀ ਕੰਧ ਤੋੜ, ਉਸ ਨੂੰ ਮਿਲਣਾ ਹੈ।

(ਚਲਦਾ)

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਗੁਰਦੁਆਰਾ ਸਾਹਿਬ ਟਾਇਰਾ ਬਿਉਨਾ ਵਿਖੇ ਕਵੀ ਦਰਬਾਰ ਕਰਵਾਇਆ





















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ, (ਦੇਸ਼ ਦੁਆਬਾ)

**ਯੂਬਾ ਸਿਟੀ (ਬਿਊਰੋ)-** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਬੀਤੇ ਸ਼ੁੱਕਰਵਾਰ 21 ਅਕਤੂਬਰ ਸ਼ਾਮ ਨੂੰ 6.30 ਵਜੇ ਤੋਂ 8.30 ਵਜੇ ਤੱਕ ਗੁਰਦੁਆਰਾ ਸਾਹਿਬ ਟਾਇਰਾ ਬਿਉਨਾ ਯੂਬਾ ਸਿਟੀ ਵਿਖੇ ਚੱਲ ਰਹੇ ਗੁਰਤਾ ਗੱਦੀ ਦੇ ਸਮਾਗਮਾਂ ਵਿਚ ਗੁਰੂ ਘਰ ਵਿਖੇ ਕਵੀ ਦਰਬਾਰ ਕੀਤਾ ਗਿਆ, ਜਿਸ ਵਿਚ ਪਸਸਕ ਦੇ ਸਾਹਿਤਕਾਰਾਂ ਅਤੇ ਕਵੀਆਂ ਦੇ ਨਾਲ-ਨਾਲ ਸਥਾਨਕ ਪੰਜਾਬੀ ਸਕੂਲਾਂ ਦੇ ਬੱਚਿਆਂ ਨੇ ਵੀ ਹਿੱਸਾ ਲਿਆ।

ਗੁਰੂ ਘਰ ਟਾਇਰਾ ਬਿਉਨਾ, ਯੂਬਾ ਸਿਟੀ ਦੇ ਪ੍ਰਬੰਧਕਾਂ ਅਤੇ ਦੇ ਸਹਿਯੋਗ ਨਾਲ ਹੋਏ ਧਾਰਮਿਕ ਕਵੀ-ਦਰਬਾਰ ਵਿਚ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਤੋਂ ਪਹੁੰਚੇ ਕਵੀਆਂ ਨੂੰ ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਪਸਸਕ ਸਭਾ ਦੇ ਉਪ ਪ੍ਰਧਾਨ ਹਰਭਜਨ ਸਿੰਘ ਢੇਰੀ ਨੇ ਸੰਗਤਾਂ ਦੇ ਸਨਮੁਖ ਕੀਤਾ, ਜਿਹਨਾਂ ਵਿਚ ਹਰਭਜਨ ਸਿੰਘ ਢੇਰੀ, ਇੰਦਰਜੀਤ ਗਰੇਵਾਲ ਥਰੀਕੇ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਜਗਤਾਰ ਸਿੰਘ ਸੰਧੂ, ਪਰਮਿੰਦਰ ਸਿੰਘ ਰਾਏ, ਜੋਗਿੰਦਰ ਸਿੰਘ ਧਾਮੀ, ਨਿਰਮਲ ਸਿੰਘ ਲਾਲੀ, ਜਸਵਿੰਦਰ ਸਿੰਘ ਉਪਲ ਅਤੇ ਸੁਖਦੇਵ ਸਿੰਘ ਢਿੱਲੋਂ ਨੇ ਆਪੋ-ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ।

ਪੰਜਾਬੀ ਸਕੂਨਾ ਦੇ ਅਧਿਆਪਕਾਂ ਸੁਖਦੇਵ ਸਿੰਘ ਢਿੱਲੋਂ, ਨੀਨਾ ਕੌਰ ਜੌਹਲ ਅਤੇ ਕਿਰਨਪ੍ਰੀਤ ਕੌਰ ਦੀ ਦੇਖ-ਰੇਖ ਹੇਠ ਤਿਆਰ ਕੀਤੇ ਬੱਚਿਆਂ ਨੂੰ ਸੁਖਦੇਵ ਸਿੰਘ ਢਿੱਲੋਂ ਜੀ ਨੇ ਸਟੇਜ ਤੋਂ ਵਾਰੀ-ਵਾਰੀ ਸੰਗਤਾਂ ਦੇ ਸਨਮੁਖ ਕੀਤਾ। ਜਿਹਨਾਂ ਵਿਚ ਹਰਲੀਨ ਕੌਰ, ਜਸਰੂਪ ਕਿਰਨ ਕੌਰ, ਹਰਮਨਜੀਤ ਸਿੰਘ, ਸੁਖਜੋਤ ਸਿੰਘ, ਸਿਵਰੀਨ ਕੌਰ, ਸਾਰੀਵ ਸਿੰਘ, ਗੁਰਲੀਨ ਕੌਰ, ਜੰਨਤਪਰੀਤ ਕੌਰ, ਮਨਵੀਰ ਕੌਰ, ਸਹਿਜਦੀਪ ਕੌਰ, ਚਰਨਜੋਤ ਕੌਰ, ਰਵਨੀਤ ਕੌਰ, ਜਸਲੀਨ ਕੌਰ ਅਤੇ ਜਤਿੰਦਰ ਕੌਰ ਨੇ ਆਪਣੀਆਂ ਮਿੱਠੀਆਂ-ਪਿਆਰੀਆਂ ਆਵਾਜ਼ਾਂ ਨਾਲ, ਸ਼ਬਦਾਂ ਅਤੇ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਐਲ. ਏ. ਸਟੋਰ ਦੇ ਮਾਲਕ ਹਰਦੇਵ ਸਿੰਘ ਬੀਸਲਾ ਜੀ ਵੱਲੋਂ ਬੱਚਿਆਂ ਨੂੰ ਗਿਫਟ ਪੈਕ ਭੇਂਟ ਕੀਤੇ ਗਏ। ਦੇਸ਼ ਦੁਆਬਾ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ। ਉਹਨਾਂ ਕਵੀ, ਕਲਮ ਅਤੇ ਮੀਡੀਆ ਪ੍ਰਤੀ ਆਪਣੇ ਵਿਚਾਰ ਰੱਖੇ। ਗੁਰੂ ਘਰ ਟਾਇਰਾ ਬਿਉਨਾ, ਯੂਬਾ ਸਿਟੀ ਦੇ ਪ੍ਰਬੰਧਕਾਂ ਵੱਲੋਂ ਕਵੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ

ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD

ELITE REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

# ਗ਼ਦਰੀ ਬਾਬਿਆਂ ਦੇ ਮੇਲੇ 'ਚ ਖਿੜ੍ਹੇ ਬਹੁ-ਪੱਖੀ ਕਲਾਵਾਂ ਦੇ ਰੰਗ

## ਜੇ. ਐਨ. ਯੂ. ਤੋਂ ਆਏ ਵਿਦਿਆਰਥੀ ਆਗੂ ਕਨੱ੍ਹਈਆਂ ਕੁਮਾਰ, ਅਨਿਰਬਾਨ ਭੱਟਾਚਾਰੀਆ ਤੇ ਉਮਰ ਖਾਲਿਦ ਨੇ ਕੀਤਾ ਸੰਬੋਧਨ, ਵਿਚਾਰ-ਚਰਚਾ, ਗੀਤ-ਸੰਗੀਤ ਅਤੇ ਨਾਟਕਾਂ ਨੇ ਲੋਕ ਕੀਲੇ

**ਜਲੰਧਰ–** ਗ਼ਦਰੀ ਬਾਬਿਆਂ ਦੇ ਸਿਲਵਰ ਜੁਬਲੀ ਮੇਲੇ 'ਚ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਢੁੱਡੀਕੇ ਨੇ ਅਦਾ ਕੀਤੀ। ਝੰਡਾ ਲਹਿਰਾਉਣ ਦੀ ਰਸਮ ਸਮੇਂ ਕਮੇਟੀ ਦੇ ਕਾਰ-ਜਕਾਰੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਡਾ. ਰਘਬੀਰ ਕੌਰ, ਸਭਿਆਚਾਰ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਖਜ਼ਾਨਚੀ ਸੀਤਲ ਸਿੰਘ ਸੰਘਾ, ਸਹਾਇਕ ਸਕੱਤਰ ਪ੍ਰਗਟ ਸਿੰਘ ਜਾਮਾਰਾਏ ਅਤੇ ਕਮੇਟੀ ਮੈਂਬਰ ਹਾਜ਼ਰ ਸਨ।

ਅਮਰਜੀਤ ਸਿੰਘ ਨੇ ਆਜ਼ਾਦੀ ਇਤਿਹਾਸ ਦੇ ਅਣਛੋਹੇ ਪੰਨੇ ਫਰੋਲਦਿਆਂ ਦੱਸਿਆ ਕਿ ਗ਼ਦਰ ਪਾਰਟੀ ਦਾ ਨਿਸ਼ਾਨਾ, ਸਾਡੇ ਮੁਲਕ ਨੂੰ ਸਾਮਰਾਜਵਾਦ ਅਤੇ ਦੇਸੀ ਲੁੱਟ ਤੋਂ ਮੁਕਤ ਕਰਾਉਣਾ ਸੀ। ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਅੱਜ ਵੀ ਮਿਹਨਤਕਸ਼ ਲੋਕ ਸੰਘਰਸ਼ ਕਰ ਰਹੇ ਹਨ। ਉਹਨਾਂ ਕਿਹਾ ਕਿ ਆਪਣੇ ਇਨਕਲਾਬੀ ਇਤਿਹਾਸ ਦੀ ਲੋਅ ਮਘਦੀ ਰੱਖਣ ਦਾ ਵੇਲਾ ਆਵਾਜ਼ਾਂ ਮਾਰ ਰਿਹਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਇਸ ਮੌਕੇ ਦੇਸ਼ ਭਗਤ ਲਹਿਰ 'ਚ ਸ਼ਹਾਦਤਾਂ ਪਾਉਣ ਵਾਲਿਆਂ ਦੇ ਪਰਿਵਾਰਾਂ ਅਤੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਹਿੰਦਿਆਂ ਮੇਲੇ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਾਲੇ ਲੋਕਾਂ ਦਾ ਧੰਨਵਾਦ ਕੀਤਾ।

ਕਮੇਟੀ ਦੇ ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਕੋਛੜ ਨੇ ਕਿਹਾ ਕਿ ਗ਼ਦਰ ਲਹਿਰ ਨੂੰ ਸ਼ਤਾਬਦੀ ਵਰ੍ਹੇ ਸਿਰਫ਼ ਯਾਦ ਕਰਨ ਦਾ ਮਾਮਲਾ ਨਹੀਂ ਸਗੋਂ ਗ਼ਦਰ ਲਹਿਰ ਦੇ ਦਰਸ਼ਨ, ਰਾਜਨੀਤੀ, ਸਾਹਿਤ ਅਤੇ ਉਦੇਸ਼ਾਂ ਨੂੰ ਸਮਝਣ ਅਤੇ ਉਹਨਾਂ ਉਪਰ ਚੱਲਣ ਦੀ ਲੋੜ ਹੈ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੁਆਰਾ ਲਿਖੇ ਕਾਵਿ ਨਾਟ ਰੂਪੀ ਝੰਡੇ ਦੇ ਗੀਤ 'ਜੰਝ ਲਾੜਿਆਂ ਦੀ' ਸੈਂਕੜੇ ਕਲਾਕਾਰਾਂ ਵੱਲੋਂ ਪੇਸ਼ ਕੀਤਾ ਗਿਆ। ਕੋਈ ਪੌਣਾ ਘੰਟਾ ਲੰਮੇ ਇਸ ਗੀਤ 'ਚ ਹਜ਼ਾਰਾਂ ਲੋਕਾਂ ਨੇ ਬਾਰ ਬਾਰ ਤਾੜੀਆਂ ਦੀ ਗੂੰਜ ਪਾਈ। ਲਾਹੌਰ ਸਾਜ਼ਿਸ਼ ਕੇਸ, ਬਰਮਾ ਸਾਜ਼ਿਸ਼ ਕੇਸ, ਪੱਧਰੀ ਕੇਸ 'ਚ ਸ਼ਹਾਦਤਾਂ ਪਾਉਣ ਵਾਲਿਆਂ ਦੀ ਸ਼ਤਾਬਦੀ ਨੂੰ



ਗੀਤ 'ਚ ਬਾਖੂਬੀ ਪਰੋਇਆ ਗਿਆ। ਦਲਿਤਾਂ ਉਪਰ ਜ਼ਬਰ, ਕਸ਼ਮੀਰ ਦੀ ਦਰਦ ਭਰੀ ਕਹਾਣੀ, ਕਰਜ਼ੇ, ਖੁਦਕੁਸ਼ੀਆਂ, ਬੇਰੁਜ਼ਗਾਰੀ, ਪਰਵਾਸ, ਧੀਆਂ ਦੇ ਦਰਦ ਆਦਿ ਕਿੰਨੇ ਹੀ ਭਖ਼ਦੇ ਸੁਆਲਾਂ ਨੂੰ ਇਸ ਸੰਗੀਤਕ ਨਾਟ 'ਚ ਪਰੋਇਆ ਗਿਆ।

ਇਸ ਉਪਰੰਤ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਅਜਮੇਰ ਸਿੰਘ ਨੇ ਬੋਲਦਿਆਂ ਕਿਹਾ ਕਿ ਲੋਕਾਂ ਅੱਗੇ ਸਭ ਤੋਂ ਤਿੱਖਾ ਸੁਆਲ ਉਹਨਾਂ ਦੀ ਮੁਕਤੀ ਦਾ ਹੈ। ਇਸ ਲਈ ਮੇਲਾ ਅਤੇ ਗ਼ਦਰ ਸ਼ਤਾਬਦੀ ਸਾਨੂੰ ਇਹੋ ਸਿਖਾਉਂਦੀ ਹੈ ਕਿ ਲੋਕਾਂ ਨੂੰ ਮੁਕਤੀ ਦੇ ਰਾਹ ਵੱਲ ਤੋਰਨ ਦਾ ਯਤਨ ਕੀਤਾ ਜਾਏ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਕਨੱ੍ਹਈਆ ਕੁਮਾਰ ਨੇ ਮੋਦੀ ਸਰਕਾਰ ਦੀਆਂ ਦੇਸ਼ ਵੇਚੂ ਲੋਕ ਵਿਰੋਧੀ ਨੀਤੀਆਂ ਨੂੰ ਰਗੜੇ ਲਾਏ। ਉਹਨਾਂ ਨੇ ਕੌਮੀ ਅੰਧ ਵਿਸ਼ਵਾਸ, ਫ਼ਿਰਕੂਪੁਣੇ ਦਾ ਤਿੱਖਾ ਵਿਰੋਧ ਕੀਤਾ। ਕਨੱ੍ਹਈਆਂ ਕੁਮਾਰ ਨੇ ਕਿਹਾ ਕਿ ਦਲਿਤ ਵਰਗ ਉਪਰ ਹੱਲੇ, ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਹੋਰ ਅਨੇਕਾਂ ਮੁੱਦੇ ਸਾਨੂੰ ਸੰਘਰਸ਼ ਕਰਨ ਲਈ ਵੰਗਾਰ ਰਹੇ ਹਨ।

ਅਨਿਰਬਾਨ ਭੱਟਾਚਾਰੀਆ ਨੇ ਮੇਲੇ ਨੂੰ ਸੰਬੋਧਨ 'ਚ ਕਰਦਿਆਂ ਕਿਹਾ ਕਿ ਫ਼ਿਰਕੂ ਤੱਤਾਂ ਨੂੰ ਥਾਪੜਾ ਦੇਣ ਵਾਲੀ ਭਾਜਪਾ ਕੋਈ ਪਲਾਂ ਛਿਣਾਂ ਵਿੱਚ ਅੰਬਰ ਤੋਂ ਨਹੀਂ ਉੱਤਰੀ। ਆਰ.ਐਸ.ਐਸ. ਦੀ ਇਸ ਵਿਚਾਰ ਧਾਰਾ ਦੀ ਜੜ੍ਹ 1947 ਤੋਂ ਲੈ ਕੇ ਹੁਣ ਤੱਕ ਦੀਆਂ ਹਾਕਮ ਜਮਾਤਾਂ ਦੀ ਨੀਤੀਆਂ ਅੰਦਰ ਸਮੋਈ ਹੋਈ ਹੈ। ਇਸ ਕਰਕੇ ਜਮਹੂਰੀ ਸ਼ਕਤੀਆਂ ਨੂੰ ਹਰ ਤਰ੍ਹਾਂ ਦੀਆਂ ਫ਼ਿਰਕੂ ਤਾਕਤਾਂ ਦੇ ਖਿਲਾਫ਼ ਆਵਾਜ਼ ਉਠਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁਲਕ ਭਰ ਅੰਦਰ ਉਠ ਰਹੇ ਲੋਕ ਸੰਘਰਸ਼ ਇਕ ਆਸ ਦੀ ਕਿਰਨ ਜਗਾਉਂਦੇ ਹਨ ਕਿ ਆਉਣ ਵਾਲਾ ਕੱਲ੍ਹ ਲੋਕਾਂ ਦਾ ਹੈ। ਜੇ.ਐਨ.ਯੂ. ਤੋਂ ਹੀ ਆਏ ਆਗੂ ਉਮਰ ਖਾਲਿਦ ਨੇ ਕਿਹਾ ਕਿ ਬੀਤੇ ਦਿਨੀਂ ਜੇਲ੍ਹ ਚੋਂ ਭਗੌੜੇ ਕੈਦੀਆਂ ਦੇ ਨਾਂਅ 'ਤੇ ਮਾਰੇ ਗਏ ਵਿਅਕਤੀਆਂ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਣੀ ਹੈ। ਉਨ੍ਹਾਂ ਕਿਹਾ ਕਿ ਜੰਗਲ, ਜਲ, ਜ਼ਮੀਨ ਦੀ ਰਾਖੀ ਲਈ ਲੜ ਰਹੇ ਲੋਕਾਂ ਤੋਂ ਲੈ ਕੇ ਮੁਲਕ ਦੇ ਸਮੂਹ ਮਿਹਨਤਕਸ਼ ਤਬਕਿਆਂ ਨੂੰ ਜੋਟੀ ਪਾਉਣ ਦੀ ਲੋੜ ਹੈ। ਉਨ੍ਹਾਂ ਨੇ ਕਸ਼ਮੀਰ ਅੰਦਰ ਜਮਹੂਰੀ ਹੱਕਾਂ ਦੀ ਕੀਤੀ ਜਾ ਘਾਣ ਖਿਲਾਫ਼ ਜਮਹੂਰੀ ਸ਼ਕਤੀਆਂ ਨੂੰ ਸੰਘਰਸ਼ ਦੇ ਮੈਦਾਨ ਵਿੱਚ ਨਿਤਰਨ ਦਾ ਸੱਦਾ ਦਿੱਤਾ। ਜ਼ਿਕਰਯੋਗ ਹੈ ਕਿ ਅਨਿਰਬਾਨ ਭੱਟਾਚਾਰੀਆਂ ਤੇ ਉਮਰ ਖਾਲਿਦ ਨੇ ਇਤਿਹਾਸ, ਲੋਕ ਮਸਲੇ ਅਤੇ ਜ਼ਬਰ ਜੁਲਮ ਦੇ ਖਿਲਾਫ਼ ਜੂਝਦੇ ਲੋਕਾਂ ਦੀ ਕਹਾਣੀ ਜਿਵੇਂ ਝੰਡੇ ਦੇ ਗੀਤ ਵਿੱਚ ਦਿਖਾਈ ਗਈ, ਇਸ ਲੋਕ ਕਲਾ ਦਾ ਬੇਹਰਤਰੀਨ ਨਮੂਨਾ ਹੈ। ਜੇ.ਐਨ.ਯੂ. ਸਟੂਡੈਂਟਸ ਯੂਨੀਅਨ ਦੇ ਸਾਬਕਾ ਸਕੱਤਰ ਮਾਰਾਬਾਗਾ ਨੇ ਕਿਹਾ ਕਿ ਉਨ੍ਹਾਂ ਸਾਰੀਆਂ ਧਿਰਾਂ ਨੂੰ ਇਕੱਠੇ ਹੋ ਕੇ ਆਪਣੇ ਮਤਭੇਦ ਭੁਲਾ ਕੇ ਫਾਸੀ ਤਾਕਤਾਂ ਦੇ ਖਿਲਾਫ਼ ਲੜਨਾ ਜ਼ਰੂਰੀ ਹੈ।

ਦਿਨ ਦੇ ਸੈਸ਼ਨ 'ਚ ਜੋਗਾ ਸਿੰਘ ਜੋਗੀ, ਗੁਰਮੁਖ ਸਿੰਘ ਐਮ.ਏ. ਦੇ ਕਵੀਸ਼ਰੀ ਜੱਥੇ, ਲੋਕ ਸੰਗੀਤ ਮੰਡਲੀ ਭਦੌੜ ਨੇ ਗੀਤ-ਸੰਗੀਤ ਪੇਸ਼ ਕੀਤੇ। ਮੇਲੇ ਦਾ ਸੋਵੀਨਰ ਅਤੇ ਲਾਹੌਰ ਸਾਜ਼ਿਸ਼ ਕੇਸ ਬਾਰੇ ਹਰਵਿੰਦਰ ਭੰਡਾਲ ਦੀ ਪੁਸਤਕ ਜਾਰੀ ਕੀਤੀ ਗਈ। **–ਤਰਸੇਮ ਜਲੰਧਰੀ**

# ਬਸਪਾ ਰਾਜਨੀਤਿਕ ਪਾਰਟੀ ਹੀ ਨਹੀ ਬਲਕਿ ਗੁਰੂਆਂ ਦੀ ਸੋਚ ਤੇ ਚੱਲਣ ਵਾਲੀ ਵਿਚਾਰਧਾਰਾ ਹੈ : ਕਰੀਮਪੁਰੀ

**ਫਿਲੌਰ (ਨਿਰਮਲ ਗੁੜਾ)–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਇੰਚਾਰਜ ਸਾਬਕਾ ਰਾਜ ਸਭਾ ਮੈਂਬਰ ਤੇ ਫਿਲੌਰ ਤੋਂ ਬਸਪਾ ਦੇ ਉਮੀਦਵਾਰ ਐਡਵੋਕੇਟ ਸ. ਅਵਤਾਰ ਸਿੰਘ ਕਰੀਮਪੁਰੀ ਵਲੋਂ ਅੱਜ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਆਪਣੇ ਨਿਵਾਸ ਅਸਥਾਨ ਗੋਪਾਲ ਇਨਕਲੇਵ ਵਿਖੇ ਗ੍ਰਹਿ ਪ੍ਰਵੇਸ ਕੀਤਾ ਗਿਆ। ਸਮਾਗਮ ਦੌਰਾਨ ਸੰਤ ਬਾਬਾ ਸੁਖਵਿੰਦਰ ਸਿੰਘ ਜੀ ਡੇਰਾ ਆਲੋਵਾਲ, ਸੰਤ ਸੁਰਿੰਦਰ ਦਾਸ ਜੀ ਖੁਰਾਲਗੜ, ਸੰਤ ਆਤਮਾ ਦਾਸ ਜੀ ਡੇਰਾ ਟਹਿਲ ਦਾਸ ਅਤੇ ਗੜਪਧਾਣੇ ਵਾਲੇ ਕੀਰਤਨੀ ਜੱਥਿਆ ਨੇ ਗੁਰੂ ਸਾਹਿਬਾਨਾਂ ਦੀ ਬਾਣੀ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਸੰਬੋਧਨ ਕਰਦਿਆ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਇਕ ਰਾਜਨੀਤੀਕ ਪਾਰਟੀ ਹੀ ਨਹੀ ਬਲਕਿ ਗੁਰੂ ਸਾਹਿਬਾਨਾਂ ਦੀ ਸੋਚ ਤੇ ਚੱਲਣ ਵਾਲੀ ਪਾਰਟੀ ਹੈ, ਜਿਸ ਦਾ ਇੱਕੋ ਇਕ ਮਕਸਦ ਹੱਕ ਸੱਚ ਤੇ ਪਹਿਰਾ ਦਿੰਦੇ ਹੋਏ



ਹਲਕੇ ਸਮੇਤ ਸੂਬੇ ਭਰ ਅੰਦਰ ਬੇਕਸੂਰਾ ਤੇ ਹੋ ਰਹੇ ਜੁਲਮ, ਡਰੱਗ ਮਾਫੀਆ, ਰੇਤ ਮਾਫੀਆ, ਭੂ ਮਾਫੀਆ, ਰਾਜਨੀਤੀਕ ਜਬਰ ਸਮੇਤ ਹਰ ਇਕ ਰਾਜਨੀਤੀਕ ਧੱਕੇਸਾਹੀ ਤੇ ਨਕੇਲ ਕੱਸਣਾ ਹੈ। ਉਨ੍ਹਾ ਕਿਹਾ ਕਿ ਬਸਪਾ ਦਾ ਮਕਸਦ ਹਲਕਾ ਫਿਲੌਰ ਸਮੇਤ ਸੂਬੇ ਭਰ ਦੇ ਲੋਕਾ ਨੂੰ ਆਪਸੀ ਭਾਈਚਾਰੇ ਦੀ ਮਾਲਾ ਵਿਚ ਪਰੋ ਕੇ ਸੂਬੇ ਨੂੰ ਇਕ ਖੁਸਹਾਲ ਸੂਬਾ ਬਣਾਉਣਾ ਹੈ ਜਿਸ ਦੀ ਸੁਰੂਆਤ ਗੁਰੂ ਸਾਹਿਬਾਨ ਜੀ ਦੇ ਓਟ ਆਸਰੇ ਨਾਲ ਫਿਲੌਰ ਤੋਂ ਕਰ ਦਿੱਤੀ ਗਈ ਹੈ। ਇਸ ਮੌਕੇ ਡਾ. ਮੇਘ ਰਾਜ ਇੰਚਾਰਜ ਬਸਪਾ ਪੰਜਾਬ, ਪ੍ਰਕਾਸ ਭਾਰਤੀ ਇੰਚਾਰਜ ਬਸਪਾ ਪੰਜਾਬ, ਰਛਪਾਲ ਰਾਜੂ ਸੂਬਾ ਪ੍ਰਧਾਨ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਰਦਾਰਨੀ ਹਰਜਿੰਦਰ ਕੌਰ ਕਰੀਮਪੁਰੀ, ਚੌਧਰੀ ਗੁਰਨਾਮ, ਸੁਖਵਿੰਦਰ ਕੋਟਲੀ, ਬਲਵਿੰਦਰ ਕੁਮਾਰ, ਰਾਮ ਸਰੂਪ ਸਰੋਏ, ਹਰਮੇਸ ਗੜਾ, ਅੰਮ੍ਰਿਤਪਾਲ ਭੌਂਸਲੇ, ਸੁਸੀਲ ਬਿਰਦੀ, ਲਾਲਾ ਚੰਦ ਔਜਲਾ, ਰਾਮ ਕਿਸ਼ਨ ਬੱਛੋਵਾਲ, ਰਜਿੰਦਰ ਰੀਹਲ, ਸੁੰਦਰ ਪਾਲ, ਜੀਵਨ ਮਾਹਲ, ਹਰਮਨਜੀਤ ਪ੍ਰਕਾਸ, ਖੁਸੀ ਰਾਮ ਸਰਪੰਚ, ਸੁਖਵਿੰਦਰ ਬਿੱਟੂ, ਤੀਰਥ ਰਾਜਪੁਰਾ, ਸੁਰਜੀਤ ਨਗਰ, ਡਾ.ਲਖਵੀਰ, ਠੇਕੇਦਾਰ ਰਜਿੰਦਰ, ਜਗਦੀਸ ਸ਼ੇਰਪੁਰੀ, ਗੁਰਮੇਲ ਚੁੰਬਰ, ਰਣਜੀਤ ਸਰਪੰਚ ਤੇ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀ ਹਾਜਰ ਸਨ।

# ਦੀਵਾਲੀ ਦੇ ਪਟਾਕਿਆਂ ਨੇ ਖੋਹੀ ਦਰਜਨਾਂ ਅੱਖਾਂ ਦੀ ਰੋਸ਼ਨੀ

**ਚੰਡੀਗੜ੍ਹ–** ਦੀਵਾਲੀ ਦੀ ਰਾਤ ਇੱਕ ਸੌ ਦੇ ਕਰੀਬ ਲੋਕਾਂ ਦੀ ਖੁਸ਼ੀ ਪਟਾਕਿਆਂ ਨਾਲ ਵਾਪਰੇ ਹਾਦਸਿਆਂ ਨੇ ਖੋਹ ਲਈ ਹੈ। ਪੀਜੀਆਈ ਸਮੇਤ ਸ਼ਹਿਰ ਦੇ ਤਿੰਨ ਵੱਡੇ ਹਸਪਤਾਲਾਂ ਵਿੱਚ ਅੱਖ ਦੀ ਗੰਭੀਰ ਸੱਟ ਅੱਗ ਨਾਲ ਝੁਲਸਣ ਦੇ ਮਰੀਜ਼ ਇਲਾਜ ਲਈ ਦਾਖ਼ਲ ਹੋਏ ਹਨ। ਇਨ੍ਹਾਂ 'ਚੋਂ 14 ਜਣਿਆਂ ਦੀਆਂ ਅੱਖਾਂ ਦੀ ਜੋਤ ਦੁਬਾਰਾ ਪਰਤ ਆਉਣ ਦੀ ਆਸ ਨਹੀਂ ਹੈ। ਜਾਣਕਾਰੀ ਮੁਤਾਬਕ ਪੀਜੀਆਈ ਵਿੱਚ ਦੀਵਾਲੀ ਦੀ ਰਾਤ ਪਟਾਕਿਆਂ ਨਾਲ ਵਾਪਰੇ ਹਾਦਸਿਆਂ ਦੇ 36 ਮਰੀਜ਼ ਦਾਖ਼ਲ ਹੋਏ ਹਨ। ਇਨ੍ਹਾਂ ਵਿਚੋਂ 33 ਦੀਆਂ ਅੱਖਾਂ ਨੂੰ ਸੱਟ ਲੱਗੀ ਹੈ ਅਤੇ ਤਿੰਨ ਬੁਰੀ ਤਰ੍ਹਾਂ ਝੁਲਸ ਗਏ ਹਨ। ਅੱਖਾਂ ਦੇ ਮਰੀਜ਼ਾਂ ਨੂੰ ਐਡਵਾਂਸ ਆਈ ਸੈਂਟਰ ਵਿੱਚ ਦਾਖ਼ਲ ਕਰਾਇਆ ਗਿਆ ਹੈ ਜਦੋਂਕਿ ਤਿੰਨ ਹੋਰਾਂ ਦਾ ਟਰੌਮਾ ਸੈਂਟਰ ਵਿੱਚ ਇਲਾਜ ਚਲ ਰਿਹਾ ਹੈ। ਜਨਰਲ ਹਸਪਤਾਲ, ਸੈਕਟਰ 16 ਵਿੱਚ ਅੱਗ ਨਾਲ ਫੱਟੜ ਹੋਏ 48 ਮਰੀਜ਼ਾਂ ਨੂੰ ਦਾਖ਼ਲ ਕਰਾਇਆ ਗਿਆ ਹੈ।

ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ 32 ਵਿੱਚ 19 ਮਰੀਜ਼ ਆਏ। ਸ਼ਹਿਰ ਦੇ ਹਸਪਤਾਲਾਂ ਵਿੱਚ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਵਿੱਚ ਚੰਡੀਗੜ੍ਹ, ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ 'ਚ ਵਾਪਰੀਆਂ ਘਟਨਾਵਾਂ ਦੇ ਪੀੜਤ ਲੋਕ ਹਨ। ਪੀਜੀਆਈ ਦੇ ਐਡਵਾਂਸ ਪੀਡੀਐਟ੍ਰਿਕ ਸੈਂਟਰ ਵਿੱਚ ਅੱਖ ਦੀ ਸੱਟ ਦੇ 33 ਮਰੀਜ਼ ਇਲਾਜ ਲਈ ਆਏ ਹਨ। ਇਨ੍ਹਾਂ ਵਿਚੋਂ ਪੰਦਰਾਂ ਮਰੀਜ਼ ਟ੍ਰਾਈਸਿਟੀ ਅਤੇ ਗਿਆਰਾਂ ਗੁਆਂਢੀ ਰਾਜਾਂ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਦੂਜੇ ਹਿੱਸਿਆਂ ਤੋਂ ਦੱਸੇ ਜਾ ਰਹੇ ਹਨ। ਕੁੱਲ 33 ਮਰੀਜ਼ਾਂ ਵਿਚੋਂ 26 ਪੁਰਸ਼ ਅਤੇ ਸੱਤ ਮਹਿਲਾਵਾਂ ਹਨ। ਦਸ ਮਰੀਜ਼ਾਂ ਦੀ ਉਮਰ ਸੋਲਾਂ ਸਾਲ ਤੋਂ ਹੇਠਾਂ ਹੈ। ਚਾਲੀ ਸਾਲ ਤੋਂ ਵੱਧ ਉਮਰ ਦੇ ਤਿੰਨ ਮਰੀਜ਼ ਹਨ। ਤੇਰਾਂ ਹੋਰਾਂ ਦੀ ਉਮਰ ਸਤਾਰਾਂ ਤੋਂ ਚਾਲੀ ਸਾਲ ਦੇ ਵਿੱਚ ਦੱਸੀ ਜਾ ਰਹੀ ਹੈ। ਪੀਜੀਆਈ 'ਚ ਦਾਖ਼ਲ ਮਰੀਜ਼ਾਂ ਵਿਚੋਂ 14 ਅਜਿਹੇ ਹਨ ਜਿਹੜੇ ਰਾਹ 'ਚ ਤੁਰੇ ਜਾਂਦਿਆਂ ਪਟਾਕਿਆਂ ਦੀ ਲੇਪਟ ਵਿੱਚ ਆ ਗਏ ਹਨ। 19 ਵਿਅਕਤੀਆਂ ਦੀਆਂ ਅੱਖਾਂ ਨੂੰ ਪਟਾਕੇ ਚਲਾਉਣ ਨਾਲ ਚੋਟ ਆਈ ਹੈ। 14 ਮਰੀਜ਼ਾਂ ਦੀਆਂ ਅੱਖ ਦਾ ਅਪਰੇਸ਼ਨ ਹੋਇਆ ਹੈ ਅਤੇ ਉਨ੍ਹਾਂ ਦੀ ਅੱਖ ਦੀ ਜੋਤ ਦੁਬਾਰਾ ਪਰਤ ਆਉਣ ਬਾਰੇ ਡਾਕਟਰ ਵਧੇਰੇ ਆਸਵੰਦ ਨਹੀਂ ਹਨ। ਪੀਜੀਆਈ 'ਚ ਪੰਜਾਬ ਦੇ ਕਸਬਾ ਮਾਨਸਾ ਦੇ 52 ਸਾਲਾ ਵਿਅਕਤੀ ਦੀ ਅੱਖ ਨੂੰ ਉਸ ਵੇਲੇ ਗੰਭੀਰ ਸੱਟ ਲੱਗੀ ਜਦੋਂ ਉਹ ਪਟਾਕੇ ਚਲਾਉਣ ਵੇਲੇ ਉਪਰ ਕੱਚ ਦਾ ਘੜਾ ਰੱਖ ਕੇ ਵਧੇਰੇ ਆਨੰਦ ਲੈ ਰਿਹਾ ਸੀ। ਅੰਬਾਲਾ ਦੀ 37 ਸਾਲਾ ਰਾਜੇਸ਼ ਦੀ ਅੱਖ 'ਚ ਬੰਬ ਪਟਾਕਾ ਜ਼ੋਰ ਦੀ ਆ ਕੇ ਵੱਜਾ ਸੀ। ਉਹ ਸੜਕ ਤੋਂ ਦੀ ਲੰਘ ਰਿਹਾ ਸੀ ਕਿ ਨਾਲ ਖੜ੍ਹੇ ਬੱਚਿਆਂ ਵਲੋਂ ਚਲਾਇਆ ਬੰਬ ਉਸ ਦੀ ਅੱਖ ਕੋਲ ਆ ਕੇ ਫਟ ਗਿਆ ਸੀ।



ਰੋਪੜ ਦੀ ਚਾਰ ਸਾਲਾ ਬੱਚੀ ਰੁਚਿਕਾ ਦੀ ਕਹਾਣੀ ਬਿਲਕੁਲ ਹੀ ਅਚਾਨਕ ਵਾਪਰੀ ਹੈ। ਉਹ ਫੁਲਝੜੀ ਚਲਾ ਕੇ ਰੰਗਾਂ ਨਾਲ ਖੇਡ ਰਹੀ ਸੀ ਕਿ ਉਸ ਨੂੰ ਘੰਮਾਉਂਦਿਆਂ ਪਟਾਕੇ ਦੇ ਫੀਤੇ ਨੂੰ ਲੱਗ ਗਈ ਅਤੇ ਬੰਬ ਉਸ ਦੇ ਮੂੰਹ 'ਤੇ ਆ ਵੱਜਾ ਸੀ। ਪੀਜੀਆਈ ਵਲੋਂ ਦੀਵਾਲੀ ਵਾਸਤੇ ਵਿਸ਼ੇਸ਼ ਬੰਦੋਬਸਤ ਕੀਤੇ ਗਏ ਸਨ। ਆਈ ਸੈਂਟਰ 29 ਤੋਂ 31 ਅਕਤੂਬਰ ਤਕ 24 ਘੰਟੇ ਖੁੱਲ੍ਹਾ ਰਿਹਾ ਹੈ।

### ਐਤਕੀਂ ਘੱਟ ਪ੍ਰਦੂਸ਼ਿਤ ਰਹੀ ਦੀਵਾਲੀ

ਇਸ ਵਰ੍ਹੇ ਦੀਵਾਲੀ ਮੌਕੇ ਪਟਾਕਿਆਂ ਦਾ ਪ੍ਰਦੂਸ਼ਣ ਪਿਛਲੇ ਸਾਲਾਂ ਨਾਲੋਂ ਘੱਟ ਰਿਹਾ। ਅਜਿਹੇ ਤੱਥ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅੰਕੜਿਆਂ ਤੋਂ ਸਾਹਮਣੇ ਆਏ ਹਨ। ਸ਼ਾਹੀ ਸ਼ਹਿਰ ਪਟਿਆਲਾ ਵਿੱਚ ਐਤਕੀਂ ਪ੍ਰਦੂਸ਼ਣ ਬਾਕੀ ਸ਼ਹਿਰਾਂ ਮੁਕਾਬਲੇ ਘੱਟ ਰਿਹਾ। ਦੀਵਾਲੀ ਵਾਲੇ ਦਿਨ ਬੋਰਡ ਨੇ ਪ੍ਰਦੂਸ਼ਣ ਮਾਪਣ ਲਈ ਪਟਿਆਲਾ, ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਮੰਡੀ ਗੋਬਿੰਦਗੜ੍ਹ ਵਿੱਚ ਵਪਾਰਕ ਖੇਤਰ, ਰਿਹਾਇਸ਼ੀ ਖੇਤਰ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਯੰਤਰ ਲਗਾਏ ਸਨ।

ਸ਼ਹਿਰਾਂ ਵਿਚਲੇ ਰਿਹਾਇਸ਼ੀ ਖੇਤਰਾਂ ਵਿੱਚੋਂ ਲੁਧਿਆਣਾ 302 ਮਾਈਕ੍ਰੋਗ੍ਰਾਮKਘਣ ਮੀਟਰ ਨਾਲ ਸਭ ਤੋਂ ਵੱਧ ਦੁਸ਼ਿਤ ਰਿਹਾ, ਜਦਕਿ 187 ਮਾਈਕ੍ਰੋਗ੍ਰਾਮKਘਣ ਮੀਟਰ ਨਾਲ ਸ਼ਾਹੀ ਸ਼ਹਿਰ ਪਟਿਆਲਾ ਸਭ ਤੋਂ ਘੱਟ ਪ੍ਰਦੂਸ਼ਿਤ ਸ਼ਹਿਰ ਮਾਪਿਆ ਗਿਆ। ਵਪਾਰਕ ਖੇਤਰਾਂ ਵਿੱਚੋਂ ਅੰਮ੍ਰਿਤਸਰ ਵੱਧ ਪ੍ਰਦੂਸ਼ਿਤ ਰਿਹਾ, ਜਿੱਥੇ ਕਿ ਪ੍ਰਦੂਸ਼ਣ 302 ਮਾਈਕ੍ਰੋਗ੍ਰਾਮ/ਘਣ ਮੀਟਰ ਰਿਹਾ, ਜਦਕਿ 160 ਮਾਈਕ੍ਰੋਗ੍ਰਾਮK ਘਣ ਮੀਟਰ ਰਹਿਣ ਕਰ ਕੇ ਪਟਿਆਲਾ ਦਾ ਵਪਾਰਕ ਖੇਤਰ ਸਭ ਤੋਂ ਘੱਟ ਪ੍ਰਦੂਸ਼ਿਤ ਰਿਹਾ। ਸੰਵੇਦ-ਨਸ਼ੀਲ ਖੇਤਰਾਂ 'ਚੋਂ ਲੁਧਿਆਣਾ ਵੱਧ ਪ੍ਰਦੂਸ਼ਿਤ (260 ਮਾਈਕ੍ਰੋਗ੍ਰਾਮKਘਣ ਮੀਟਰ) ਰਿਹਾ।

ਇਸ ਪੱਖ ਤੋਂ ਵੀ ਸ਼ਾਹੀ ਸ਼ਹਿਰ ਪਟਿਆਲਾ ਦੀ ਚੜ੍ਹਤ ਰਹੀ। ਇੱਥੋਂ ਦੇ ਸੰਵੇਦਨਸ਼ੀਲ ਖੇਤਰਾਂ ਵਿੱਚ 116 ਮਾਈਕ੍ਰੋਗ੍ਰਾਮ/ਘਣ ਮੀਟਰ ਪ੍ਰਦੂਸ਼ਣ ਰਿਹਾ। ਬੋਰਡ ਦੇ ਚੇਅਰਮੈਨ ਮਨਪ੍ਰੀਤ ਸਿੰਘ ਨੇ ਕਿਹਾ ਕਿ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਦੇ ਮਾੜੇ ਪੱਖਾਂ ਤੋਂ ਜਾਗਰੂਕ ਕਰਨ ਲਈ ਅਧਿਆਪਕਾਂ, ਪ੍ਰਿੰਸੀਪਲਾਂ, ਹਰਿਆਵਲ ਦਸਤਿਆਂ ਅਤੇ ਬੋਰਡ ਵੱਲੋਂ ਵੀ ਪਿਛਲੇ ਸਾਲਾਂ ਤੋਂ ਲਗਾਤਾਰ ਇੱਕ ਖਾਸ ਮੁਹਿੰਮ ਵਿੱਢੀ ਹੋਈ ਹੈ।

### ਸ੍ਰੀ ਹਰਿਮੰਦਰ ਸਾਹਿਬ 'ਚ ਘਟਿਆ ਪ੍ਰਦੂਸ਼ਣ

ਬੋਰਡ ਦੇ ਚੇਅਰਮੈਨ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿੱਚ ਵੀ ਦੀਵਾਲੀ ਵਾਲੇ ਦਿਨ ਪਿਛਲੇ ਸਾਲਾਂ ਨਾਲੋਂ ਘੱਟ ਪ੍ਰਦੂਸ਼ਣ ਰਿਕ-ਾਰਡ ਕੀਤਾ ਗਿਆ, ਜਿਸ ਲਈ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।

### ਗਲੀਆਂ-ਨਾਲੀਆਂ ਦੀ ਸਫਾਈ ਕਰਕੇ ਗਰੀਨ ਦੀ-ਵਾਲੀ ਮਨਾਈ

ਸੁਖਸਾਲ (ਬਿਊਰੋ)– ਦੀਵਾਲੀ ਦੇ ਤਿਉਹਾਰ ਮੌਕੇ ਸਥਾਨਕ ਪਿੰਡ ਦੀਆਂ ਔਰਤਾਂ ਅਤੇ ਛੋਟੇ ਬੱਚਿਆਂ ਨੇ ਮੁਹੱਲੇ ਦੀਆਂ ਗਲੀਆਂ ਨਾਲੀਆਂ ਦੀ ਸਫਾਈ ਕਰਕੇ ਗਰੀਨ ਦੀਵਾਲੀ ਮਨਾਈ। ਆਪਣੇ ਦਿਲ ਦੀ ਭਾਵਨਾ ਪ੍ਰਗਟ ਕਰਦਿਆਂ ਉਹਨਾਂ ਕਿਹਾ ਕਿ ਦੀਵਾਲੀ ਦੇ ਤਿਉਹਾਰ ਮੌਕੇ ਲੋਕ ਹਜ਼ਾਰਾਂ ਰੁਪਏ ਦੇ ਪਟਾਕੇ ਚਲਾ ਕੇ ਜਿੱਥੇ ਆਪਣਾ ਮਾਲੀ ਨੁਕਸਾਨ ਕਰਦੇ ਹਨ, ਵੁਥੇ ਹੀ ਪਟਾਕੇ ਫਟਣ ਤੋਂ ਨਿਕਲਣ ਵਾਲੀਆਂ ਗੈਸਾਂ ਕਾਰਨ ਵਾਤਾਵਰਣ ਵੀ ਪਲੀਤ ਕਰਕੇ ਅਨੇਕਾਂ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਨ। ਜਿਸ ਤੋਂ ਬਚਣਾ ਸਮੇਂ ਦੀ ਮੁੱਖ ਮੰਗ ਹੈ। ਇਸ ਮੌਕੇ ਉਹਨਾਂ ਸਾਂਝੀਆਂ ਥਾਵਾਂ 'ਤੇ ਛਾਂਅਦਾਰ ਦਰਖਤ ਵੀ ਲਗਾਏ। ਇਸ ਮੌਕੇ ਮਨਿੰਦਰ ਸਿੰਘ ਬਾਰਡਾ, ਸਾਹਿਲ ਬਾਰਡਾ, ਰੋਹਿਤ ਬਾਰਡਾ, ਪ੍ਰੀਤੀ, ਰਾਕੇਸ਼ ਕੁਮਾਰ, ਪ੍ਰਿਅੰਕਾ, ਨਰੇਸ਼ ਕੁਮਾਰ, ਪਵਨ ਕੁਮਾਰ, ਹਰਜੀਤ ਕੁਮਾਰ ਆਦਿ ਹਾਜ਼ਰ ਸਨ।

# ਖੇਤੀ ਸੰਕਟ ਦੇ ਚੱਲਦਿਆਂ ਪ੍ਰਕਾਸ਼ ਵਿੱਚ ਆਇਆ ਨਵਾਂ ਵਰਤਾਰਾ

## ਕਿਸਾਨੀ ਦੇ ਨਾਂਅ 'ਤੇ ਦੇਸ ਦੇ ਖ਼ਜ਼ਾਨੇ ਨੂੰ ਚੂਨਾ ਲਾਉਣ ਲੱਗੇ ਮੁਫ਼ਾਦਪ੍ਰਸਤ



ਗੁਰਮੀਤ ਸਿੰਘ ਪਲਾਹੀ
91-98158-02070

**ਖੇਤੀ ਵਿਗਿਆਨੀ ਕੇ. ਜੈਰਾਮ ਦੇ 2007 ਦੇ ਪੰਜਾਬ ਦੇ ਮਾਲਵਾ ਖਿੱਤੇ 'ਚ ਕੀਤੇ ਸਰਵੇਖਣ ਅਨੁਸਾਰ ਇਸ ਸਾਲ 17 ਕੰਪਨੀਆਂ ਵੱਲੋਂ 10,000 ਲਿਟਰ ਇਹ ਰਸਾਇਣ ਵੇਚਿਆ ਗਿਆ ਅਤੇ ਇੱਕ ਏਕੜ ਫ਼ਸਲ ਉੱਤੇ ਤਿੰਨ ਤੋਂ ਚਾਰ ਹਜ਼ਾਰ ਦਾ ਰੁਪਏ ਇਸ ਉੱਤੇ ਖ਼ਰਚਾ ਹੈ। ਹਾਈਬ੍ਰਿਡ ਅਤੇ ਬੀ ਟੀ ਕਾਟਨ ਬੀਜਾਂ ਦੇ ਉਪਯੋਗ ਕਾਰਨ ਫ਼ਸਲ ਨੂੰ 162 ਤਰ੍ਹਾਂ ਦੀਆਂ ਕੀਟਾਂ ਦੀਆਂ ਪ੍ਰਜਾਤੀਆਂ ਨੁਕਸਾਨ ਪਹੁੰਚਾ ਸਕਦੀਆਂ ਹਨ, ਜਿਨ੍ਹਾਂ ਵਿੱਚੋਂ 15 ਪ੍ਰਮੁੱਖ ਹਨ। ਬੀਜਾਂ ਦੀ ਬਿਜਾਈ ਤੋਂ ਪੱਕਣ ਤੱਕ ਫ਼ਸਲ ਨੂੰ ਨੁਕਸਾਨ ਤੋਂ ਬਚਾਉਣ ਲਈ ਭਾਰਤ 'ਚ 28 ਅਰਬ ਰੁਪਏ ਦੇ ਕੀਟ ਨਾਸ਼ਕ ਵਰਤਣੇ ਪੈ ਰਹੇ ਹਨ, ਜਿਨ੍ਹਾਂ ਵਿੱਚੋਂ 16 ਅਰਬ ਰੁਪਏ ਦੇ ਕੀਟ ਨਾਸ਼ਕ ਸਿਰਫ਼ ਕਪਾਹ ਦੀ ਖੇਤੀ ਲਈ ਹੀ ਵਰਤੇ ਜਾ ਰਹੇ ਹਨ।**

ਪਿਛਲਾ ਲੰਮਾ ਸਮਾਂ ਦੇਸ਼ ਵਿੱਚ ਕੋਈ ਖੇਤੀ ਕ੍ਰਾਂਤੀ ਨਹੀਂ ਆਈ। ਇਹ ਗੱਲ ਹੈਰਾਨੀ ਜਨਕ ਹੈ ਕਿ ਦਸ ਸਾਲ ਪਹਿਲਾਂ ਜਿੱਥੇ ਕੇਵਲ ਇੱਕ ਵਿਅਕਤੀ ਨੇ ਖੇਤੀ ਦੇ ਧੰਦੇ 'ਚ ਇੱਕ ਲੱਖ ਰੁਪਏ ਦੀ ਆਮਦਨੀ ਦਾ ਐਲਾਨ ਕੀਤਾ ਸੀ, ਉਥੇ ਹੁਣ ਉਸ ਦੀ ਖੇਤੀ ਤੋਂ ਕਮਾਈ 20 ਲੱਖ ਰੁਪਏ ਤੱਕ ਪਹੁੰਚ ਗਈ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਜਦੋਂ ਦੇਸ਼ 'ਚ ਕੋਈ ਵੱਡੀ ਖੇਤੀ ਕ੍ਰਾਂਤੀ ਨਹੀਂ ਹੋਈ ਤਾਂ ਖੇਤੀ ਖੇਤਰ ਦੀ ਆਮਦਨ ਵਿੱਚ ਚਮਤਕਾਰੀ ਵਾਧਾ ਕਿਵੇਂ ਹੋ ਗਿਆ?

ਇੱਕ ਪਾਸੇ ਜਿੱਥੇ ਦੇਸ਼ ਦੇ ਹਜ਼ਾਰਾਂ ਕਿਸਾਨਾਂ ਲਈ ਘਾਟੇ ਦੀ ਖੇਤੀ ਮੌਤ ਦਾ ਸਬੱਬ ਬਣ ਰਹੀ ਹੈ, ਉਥੇ ਦੂਜੇ ਪਾਸੇ ਕਾਲੇ ਧਨ ਨੂੰ ਸਫੈਦ ਕਰਨ ਲਈ ਇਸ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ, ਕਿਉਂਕਿ ਦੇਸ਼ ਵਿੱਚ ਖੇਤੀ ਤੋਂ ਹੋਣ ਵਾਲੀ ਆਮਦਨ ਕਰ-ਮੁਕਤ ਹੈ। ਸਾਲ 2005 ਵਿੱਚ ਦੇਸ਼ ਵਿੱਚ ਇੱਕ ਵਿਅਕਤੀ ਨੇ ਹੀ ਖੇਤੀ ਤੋਂ ਆਮਦਨ ਸਿਰਫ਼ ਇੱਕ ਲੱਖ ਰੁਪੱਈਆ ਦਿਖਾਈ ਸੀ। ਸਾਲ 2007 ਵਿੱਚ ਇਹੋ ਜਿਹੇ ਕਿਸਾਨਾਂ ਦੀ ਗਿਣਤੀ 78000 ਤੋਂ ਉੱਪਰ ਚਲੇ ਗਈ ਅਤੇ ਇਨ੍ਹਾਂ ਕਿਸਾਨਾਂ ਨੇ ਆਪਣੀ ਸਾਲਾਨਾ ਆਮਦਨ 23 ਅਰਬ 61 ਕਰੋੜ ਰੁਪਏ ਦਿਖਾਈ। ਇਹੋ ਜਿਹੇ ਕਿਸਾਨਾਂ ਦੀ ਗਿਣਤੀ ਲਗਾਤਾਰ ਵਧਦੀ ਗਈ ਅਤੇ ਚਾਰ ਸਾਲ ਬਾਅਦ ਸਾਲ 2011'ਚ ਇਹ ਗਿਣਤੀ 6 ਲੱਖ ਤੱਕ ਪਹੁੰਚ ਗਈ। ਸਾਲ 2012 ਵਿੱਚ ਖੇਤੀ ਤੋਂ ਆਮਦਨ ਦਿਖਾਉਣ ਵਾਲੇ ਕਿਸਾਨਾਂ ਦੀ ਸੰਖਿਆ 8,12, 226 ਸੀ ਅਤੇ ਉਨ੍ਹਾਂ ਦੀ ਆਮਦਨ ਸਾਢੇ ਛੇ ਲੱਖ ਅਰਬ ਰੁਪੱਈਏ।

ਹੁਣ ਵੀ 8 ਲੱਖ ਕਿਸਾਨ ਦੇਸ਼ ਵਿੱਚ ਇਹੋ ਜਿਹੇ ਹਨ, ਜੋ ਆਪਣੀ ਆਮਦਨੀ ਕਰੋੜਾਂ ਰੁਪਏ ਸਾਲਾਨਾ ਦਿਖਾ ਰਹੇ ਹਨ। ਦੇਸ਼ ਦੀਆਂ ਵੱਡੀਆਂ ਕੰਪਨੀਆਂ ਅਤੇ ਬਹੁ-ਰਾਸ਼ਟਰੀ ਕੰਪਨੀਆਂ ਵੀ ਇਨ੍ਹਾਂ ਵਿੱਚ ਸ਼ਾਮਲ ਹਨ। ਸਾਲ 2014-15 ਵਿੱਚ ਕਾਵੇਰੀ ਸੀਡਲ ਨੂੰ ਖੇਤੀ ਦੇ ਨਾਮ 'ਤੇ 86.83 ਕਰੋੜ ਰੁਪਏ ਦੀ ਆਮਦਨ ਕਰ ਛੋਟ ਮਿਲੀ ਅਤੇ ਉਸ ਨੂੰ 215.36 ਕਰੋੜ ਰੁਪਏ ਦਾ ਮੁਨਾਫਾ ਵੀ ਹੋਇਆ। ਮੌਨਸੈਂਟੋ ਇੰਡੀਆ ਲਿਮਟਿਡ ਨੂੰ 94.40 ਕਰੋੜ ਰੁਪਏ ਦੀ ਛੋਟ ਮਿਲੀ ਅਤੇ ਉਸ ਨੂੰ 138.74 ਕਰੋੜ ਰੁਪਏ ਦਾ ਸ਼ੁੱਧ ਲਾਭ ਹੋਇਆ। ਇਸੇ ਤਰ੍ਹਾਂ ਮਹਾਂਨਗਰਾਂ ਵਿੱਚ ਬੈਠੇ ਕਿਸਾਨ ਵੀ ਹਜ਼ਾਰਾਂ ਕਰੋੜ ਰੁਪਏ ਦੀ ਖੇਤੀ ਆਮਦਨ ਦਾ ਦਾਅਵਾ ਕਰਦੇ ਹਨ, ਹਾਲਾਂਕਿ ਬੈਂਗਲੌਰ, ਦਿੱਲੀ, ਕਲਕੱਤਾ, ਮੁੰਬਈ, ਪੂਨਾ, ਚੇਨੱਈ ਅਤੇ ਹੈਦਰਾਬਾਦ ਵਰਗੇ ਸ਼ਹਿਰਾਂ 'ਚ ਖੇਤੀ ਲਈ ਜ਼ਮੀਨ ਸ਼ਾਇਦ ਹੀ ਬਚੀ ਹੋਵੇ। ਇਨ੍ਹਾਂ ਮਹਾਂਨਗਰਾਂ ਦੇ ਕਥਿਤ ਕਿਸਾਨਾਂ ਨੇ 10 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੀ ਆਮਦਨ ਕਰ ਛੋਟ ਖੇਤੀ ਉਤਪਾਦਨ ਦੇ ਨਾਂਅ 'ਤੇ ਪ੍ਰਾਪਤ ਕੀਤੀ।

ਸਵਾਲ ਪੈਦਾ ਹੁੰਦਾ ਹੈ ਕਿ ਇਸ ਹਾਲਤ ਵਿੱਚ ਅਸਲੀ ਕਿਸਾਨ ਕੌਣ ਹੈ ਅਤੇ ਨਕਲੀ ਕਿਸਾਨ ਕੌਣ ਹੈ? ਸਰਕਾਰ ਵੱਲੋਂ ਇਸ ਮਾਮਲੇ 'ਚ ਕੀਤੀ ਜਾ ਰਹੀ ਅਣਦੇਖੀ ਟੈਕਸ ਹੈਵਨ ਦਾ ਨਵਾਂ ਰੂਪ ਅਖਤਿਆਰ ਕਰਦੀ ਜਾ ਰਹੀ ਹੈ, ਅਤੇ ਇਸ 'ਟੈਕਸ ਹੈਵਨ' ਵਿੱਚ ਖੇਤੀ ਆਮਦਨ ਦੇ ਨਾਮ ਉੱਤੇ ਕਾਲਾ ਧਨ ਚਿੱਟਾ ਕੀਤਾ ਜਾ ਰਿਹਾ ਹੈ। ਸਰਕਾਰ, ਜਿਹੜੀ ਕਿਸਾਨਾਂ ਦੀ ਆਮਦਨ 5 ਸਾਲਾਂ ਵਿੱਚ ਦੁੱਗਣੀ ਕਰਨ ਦੇ ਸਬਜ਼ ਬਾਗ਼ ਵਿਖਾ ਰਹੀ ਹੈ, ਕੀ ਉਹ ਕਿਸਾਨਾਂ ਦੇ ਨਾਮ ਉੱਤੇ ਟੈਕਸ ਚੋਰੀ ਦੀ ਲੁੱਟ 'ਚ ਸ਼ਾਮਲ ਨਹੀਂ? ਇੱਕ ਪਾਸੇ ਇਹ ਕਥਿਤ ਕਿਸਾਨ ਅਤੇ ਕੰਪਨੀਆਂ ਆਮਦਨ ਕਰ 'ਚ ਛੋਟ ਦੇ ਨਾਮ ਉੱਤੇ ਕਿਸਾਨਾਂ ਦਾ ਨਾਮ ਵਰਤ ਕੇ ਆਪਣੀਆਂ ਝੋਲੀਆਂ ਭਰ ਰਹੀਆਂ ਹਨ, ਦੂਜੇ ਪਾਸੇ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਕਿਸਾਨਾਂ ਦੀ ਲੁੱਟ ਦਾ ਸਾਧਨ ਬਣ ਚੁੱਕੀ ਹੈ।

ਜਦੋਂ ਰਾਸ਼ਟਰੀ ਖੇਤੀ ਬੀਮਾ ਯੋਜਨਾ ਅਤੇ ਸੋਧੀ ਹੋਈ ਰਾਸ਼ਟਰੀ ਖੇਤੀ ਬੀਮਾ ਯੋਜਨਾ ਨੂੰ ਹਟਾ ਕੇ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ (ਪੀ ਐੱਮ ਐੱਫ਼ ਬੀ ਵਾਈ) ਸ਼ੁਰੂ ਕੀਤੀ ਗਈ ਸੀ ਤਾਂ ਇਸ ਦੀ ਤਾਰੀਫ ਦੇ ਪੁਲ ਬੰਨ੍ਹੇ ਗਏ ਸਨ। ਕਿਹਾ ਗਿਆ ਸੀ ਕਿ ਇਸ ਨਾਲ ਕਿਸਾਨਾਂ ਦੇ ਅੱਛੇ ਦਿਨ ਆ ਜਾਣਗੇ, ਕਿਸਾਨਾਂ ਦੀ ਆਰਥਿਕ ਹਾਲਤ ਸੁਧਰ ਜਾਏਗੀ। ਹੁਣ ਜਦੋਂ ਕਿ ਇਸ ਦੇ ਨਤੀਜੇ ਸਾਹਮਣੇ ਆਉਣ ਲੱਗੇ ਹਨ ਤਾਂ ਇਹ ਯੋਜਨਾ ਕਿਸੇ ਵੀ ਤਰ੍ਹਾਂ ਪ੍ਰਵਾਨ ਚੜ੍ਹੀ ਨਹੀਂ ਦਿੱਸਦੀ, ਜਦੋਂ ਕਿ ਇਸ ਤੋਂ ਵੱਡੀਆਂ ਉਮੀਦਾਂ ਦੀ ਆਸ ਰੱਖੀ ਗਈ ਸੀ। ਇਸ ਯੋਜਨਾ ਦੇ ਦਮ ਉੱਤੇ ਕੇਂਦਰ ਸਰਕਾਰ ਨੇ ਖੇਤੀ ਬੀਮੇ ਦਾ ਵਰਤਮਾਨ ਦਾਇਰਾ ਅਗਲੇ ਤਿੰਨ ਸਾਲਾਂ ਵਿੱਚ 26 ਫ਼ੀਸਦੀ ਤੋਂ ਵਧਾ ਕੇ 50 ਫ਼ੀਸਦੀ ਕਰਨ ਦਾ ਟੀਚਾ ਮਿਥਿਆ ਸੀ, ਪਰ ਪਹਿਲੇ ਸਾਲ ਜੋ ਅੰਕੜੇ ਸਰਕਾਰ ਵੱਲੋਂ ਪਿਛਲੇ ਮਹੀਨੇ ਜਾਰੀ ਕੀਤੇ ਗਏ ਹਨ, ਉਨ੍ਹਾਂ ਅਨੁਸਾਰ ਸਿਰਫ਼ ਦੇਸ਼ ਦੇ ਢਾਈ ਕਰੋੜ ਕਿਸਾਨਾਂ ਨੇ ਹੀ ਖੇਤੀ ਬੀਮਾ ਕਰਵਾਇਆ ਹੈ।

ਇਥੇ ਇਹ ਗੱਲ ਵਿਸ਼ੇਸ਼ ਤੌਰ ਉੱਤੇ ਵਰਨਣ ਯੋਗ ਅਤੇ ਦਿਲਚਸਪ ਵੀ ਹੈ ਕਿ 2014-15 ਵਿੱਚ ਜਦੋਂ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਹੋਂਦ ਵਿੱਚ ਨਹੀਂ ਸੀ, ਉਦੋਂ ਇਹ ਸੰਖਿਆ 3.69 ਕਰੋੜ ਤੋਂ ਜ਼ਿਆਦਾ ਸੀ। ਇੰਜ ਸਵਾਲ ਉੱਠਦਾ ਹੈ ਕਿ 50 ਫ਼ੀਸਦੀ ਕਿਸਾਨਾਂ ਨੂੰ ਇਸ ਯੋਜਨਾ ਤਹਿਤ ਲਿਆਉਣ ਵਾਲੇ ਟੀਚੇ ਦਾ ਕੀ ਬਣੇਗਾ?

ਇਸ ਗੱਲ ਦੀ ਚਰਚਾ ਜ਼ੋਰਾਂ ਉੱਤੇ ਹੈ ਕਿ ਜ਼ੋਰ-ਸ਼ੋਰ ਨਾਲ ਚਾਲੂ ਕੀਤੀ ਇਹ ਯੋਜਨਾ ਹਵਾ 'ਚ ਹੀ ਕਿਉਂ ਤੈਰਨ ਲੱਗ ਪਈ? ਕਿਉਂ ਕਿਸਾਨਾਂ ਨੇ ਇਸ ਵਿੱਚ ਦਿਲਚਸਪੀ ਨਹੀਂ ਲਈ? ਇਸ ਦਾ ਸਿੱਧਾ-ਸਪੱਸ਼ਟ ਪਹਿਲਾ ਕਾਰਨ ਇਹ ਲੱਗ ਰਿਹਾ ਹੈ ਕਿ ਕਿਸਾਨਾਂ ਨੂੰ ਬੀਮਾ ਕੰਪਨੀਆਂ ਨੂੰ ਕਿਸ਼ਤ ਤਾਂ ਵਰਤਮਾਨ ਸਮੇਂ 'ਚ ਤਾਰਨੀ ਪਵੇਗੀ, ਭਾਵ ਪੈਸਾ ਤਾਂ ਹੁਣੇ ਉਸ ਦੀ ਜੇਬ ਵਿੱਚੋਂ ਕਿਰ ਜਾਵੇਗਾ, ਪਰ ਮੁਆਵਜ਼ਾ ਮਿਲੇਗਾ ਜਾਂ ਨਹੀਂ, ਜਾਂ ਕਦੋਂ ਅਤੇ ਕਿੰਨਾ ਮਿਲੇਗਾ, ਇਹ ਸਭ ਕੁਝ ਬੀਮਾ ਕੰਪਨੀਆਂ ਉੱਤੇ ਨਿਰਭਰ ਕਰੇਗਾ। ਇਸ ਤੋਂ ਬਿਨਾਂ ਇਸ ਯੋਜਨਾ ਵਿੱਚ ਸ਼ਰਤਾਂ ਇਹੋ ਜਿਹੀਆਂ ਹਨ, ਜਿਨ੍ਹਾਂ ਨੂੰ ਕਿਸਾਨ ਪੂਰਾ ਨਹੀਂ ਕਰ ਸਕਦੇ। ਕਿਸਾਨਾਂ ਦੇ ਮਨਾਂ ਵਿੱਚ ਇਹ ਵੀ ਸ਼ੰਕਾ ਹੈ ਕਿ ਉਨ੍ਹਾਂ ਨੂੰ ਮਿਲਣ ਵਾਲਾ ਮੁਆਵਜ਼ਾ ਤੈਅ ਕਿਵੇਂ ਹੋਵੇਗਾ ਤੇ ਇਸ ਲਈ ਕਿਹੜੀ ਪ੍ਰਣਾਲੀ ਅਪਣਾਈ ਜਾਏਗੀ? ਕੀ ਉਸ ਨੂੰ ਫ਼ਸਲ ਉੱਤੇ ਕੀਤਾ ਕੁੱਲ ਖ਼ਰਚ ਮਿਲ ਸਕੇਗਾ? ਇਸ ਬੀਮਾ ਯੋਜਨਾ 'ਚ ਇਸ ਕਿਸਮ ਦੀ ਕੋਈ ਵਿਵਸਥਾ ਨਹੀਂ ਕਿ ਕਿਸਾਨ ਮੁਆਵਜ਼ੇ ਲਈ ਲੋੜੀਂਦੇ ਖ਼ਰਚ ਦੇ ਅੰਕੜੇ ਪੇਸ਼ ਕਰ ਸਕੇ। ਮੁਆਵਜ਼ੇ ਦੀ ਰਾਸ਼ੀ ਤੈਅ ਕਰਨ ਦੇ ਤਰੀਕੇ ਵੀ ਯੋਜਨਾ 'ਚ ਸਪੱਸ਼ਟ ਨਹੀਂ।

ਕਈ ਸੂਬਿਆਂ 'ਚ ਇਹ ਵੀ ਨਹੀਂ ਦੱਸਿਆ ਜਾ ਰਿਹਾ ਕਿ ਕਿਹੜੀ ਕੰਪਨੀ ਇਹ ਫ਼ਸਲ ਬੀਮਾ ਕਰ ਰਹੀ ਹੈ।

ਇਸ ਤੋਂ ਵੀ ਵੱਡੀ ਗੱਲ, ਜੋ ਇੱਕ ਵੱਡੇ ਸਵਾਲ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ, ਕਿ ਜੇਕਰ ਇਹ ਫ਼ਸਲ ਬੀਮਾ ਯੋਜਨਾ ਏਨੀ ਹੀ ਚੰਗੀ ਹੈ, ਜਿਸ ਨੂੰ ਸਰਕਾਰ ਅੱਛੀ ਅਤੇ ਕਿਸਾਨ-ਹਿਤੈਸ਼ੀ ਦੱਸ ਰਹੀ ਹੈ, ਤਦ ਫਿਰ ਉਸ ਨੇ ਜ਼ਿਆਦਾਤਰ ਨਿੱਜੀ ਕੰਪਨੀਆਂ ਨੂੰ ਹੀ ਇਸ ਦੀ ਜ਼ਿੰਮੇਵਾਰੀ ਕਿਉਂ ਦਿੱਤੀ ਹੈ? ਹੁਣ ਸਵਾਲ ਇਹ ਵੀ ਉਠਾਇਆ ਜਾ ਸਕਦਾ ਹੈ ਕਿ ਦੇਸ਼ ਦੇ ਢਾਈ ਕਰੋੜ ਕਿਸਾਨਾਂ ਨੇ ਪ੍ਰਧਾਨ ਮੰਤਰੀ ਯੋਜਨਾ 'ਚ ਦਿਲਚਸਪੀ ਕਿਉਂ ਅਤੇ ਕਿਵੇਂ ਦਿਖਾਈ ਹੈ? ਇਸ ਦਾ ਜਵਾਬ ਸਿੱਧਾ ਹੈ ਕਿ ਕਿਸਾਨਾਂ ਨੇ ਆਪਣੇ ਤੌਰ 'ਤੇ ਇਹ ਬੀਮਾ ਪਾਲਿਸੀ ਨਹੀਂ ਲਈ, ਸਗੋਂ ਬੀਮਾ ਕੰਪਨੀਆਂ ਨੇ ਹੀ ਕਿਸਾਨਾਂ ਉੱਤੇ ਇਹ ਬੀਮਾ ਥੋਪਿਆ ਹੈ। ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਉਨ੍ਹਾਂ ਕਿਸਾਨਾਂ ਲਈ ਜ਼ਰੂਰੀ ਹੈ, ਜਿਨ੍ਹਾਂ ਨੇ ਖੇਤੀ ਕਰਜ਼ਾ ਲੈ ਰੱਖਿਆ ਹੈ। ਅੰਕੜੇ ਸਪੱਸ਼ਟ ਹਨ।

ਇਸ ਬੀਮਾ ਯੋਜਨਾ ਨੂੰ ਅਪਣਾਉਣ ਵਾਲੇ ਉਹੀ ਕਿਸਾਨ ਹਨ, ਜਿਨ੍ਹਾਂ ਨੇ ਖੇਤੀ ਕਰਜ਼ਾ ਲੈ ਰੱਖਿਆ ਹੈ। ਅਸਲ ਵਿੱਚ ਇਹ ਬੀਮਾ ਯੋਜਨਾ ਕਿਸਾਨ ਦੀ ਮਜਬੂਰੀ ਬਣ ਗਈ ਹੈ। ਪੰਜਾਬ ਵਰਗੇ ਕਈ ਸੂਬਿਆਂ ਨੇ ਮੁੱਢ ਤੋਂ ਹੀ ਇਸ ਬੀਮਾ ਯੋਜਨਾ ਨੂੰ ਰੱਦ ਕਰ ਦਿੱਤਾ ਸੀ, ਪਰ ਹੁਣ ਕਈ ਰਾਜਾਂ ਤੋਂ ਇਸ ਵਿੱਚ ਗੜਬੜ-ਘੁਟਾਲੇ ਦੀਆਂ ਖ਼ਬਰਾਂ ਵੀ ਆਉਣ ਲੱਗੀਆਂ ਹਨ। ਬੀਮਾ ਕੰਪਨੀਆਂ ਨੇ ਕਾਗ਼ਜ਼ੀਂ-ਪੱਤਰੀਂ ਕਿਸਾਨਾਂ ਨਾਲ ਹੇਰ-ਫੇਰ ਕੀਤਾ। ਅਸਲ ਵਿੱਚ ਇਹੋ ਜਿਹੀਆਂ ਯੋਜਨਾਵਾਂ ਵਿੱਚ ਗੜਬੜੀਆਂ ਆਮ ਵੇਖਣ ਨੂੰ ਮਿਲਦੀਆਂ ਹਨ, ਅਤੇ ਇਸ ਯੋਜਨਾ 'ਚ ਵੀ ਇਹ ਸ਼ੰਕਾ ਨਿਰਮੂਲ ਨਹੀਂ ਹੈ।

ਦੇਸ਼ ਦੇ ਆਮ ਕਿਸਾਨਾਂ ਦੀ ਇਸ ਯੋਜਨਾ 'ਚ ਮੂਲੋਂ ਹੀ ਦਿਲਚਸਪੀ ਨਹੀਂ। ਇਹ ਯੋਜਨਾ ਉਨ੍ਹਾਂ ਉੱਤੇ ਥੋਪੀ ਗਈ ਹੈ। ਉੱਤਰ ਪ੍ਰਦੇਸ਼ ਵਿੱਚ ਕੁੱਲ 2.33 ਕਰੋੜ ਕਿਸਾਨ ਹਨ। ਇਨ੍ਹਾਂ ਵਿੱਚੋਂ ਸਿਰਫ਼ 18 ਲੱਖ ਨੇ ਹੀ ਇਹ ਬੀਮਾ ਕਰਵਾਇਆ, ਤੇ ਉਹ ਵੀ ਉਨ੍ਹਾਂ ਕਿਸਾਨਾਂ ਨੇ, ਜਿਨ੍ਹਾਂ ਨੂੰ ਕਰਜ਼ੇ ਦੀ ਲੋੜ ਸੀ। ਅਸਲ 'ਚ ਇਹ ਯੋਜਨਾ ਕਿਸਾਨਾਂ ਦੇ ਨਹੀਂ, ਬਲਕਿ ਬੀਮਾ ਕੰਪਨੀਆਂ ਦੇ ਹੱਕ 'ਚ ਜਾਂਦੀ ਹੈ।

ਕਿਸਾਨ ਸੰਗਠਨਾਂ ਦੇ ਮੁਤਾਬਕ ਪੁਰਾਣੀ ਫ਼ਸਲ ਬੀਮਾ ਯੋਜਨਾ ਵਿੱਚ ਕਿਸਾਨਾਂ ਨੂੰ 8 ਫ਼ੀਸਦੀ ਬੀਮਾ ਕਿਸ਼ਤ ਦੇਣੀ ਪੈਂਦੀ ਸੀ। ਇਸ ਯੋਜਨਾ 'ਚ ਉਨ੍ਹਾਂ ਨੇ 2 ਫ਼ੀਸਦੀ ਬੀਮਾ ਕਿਸ਼ਤ ਦੇਣੀ ਸੀ, ਪਰ ਤਦ ਵੀ ਕਿਸਾਨਾਂ ਨੂੰ ਇਹ ਯੋਜਨਾ ਲਾਹੇਵੰਦ ਨਹੀਂ ਲੱਗੀ ਅਤੇ ਉਨ੍ਹਾਂ ਨੇ ਇਸ ਵਿੱਚ ਕੋਈ ਦਿਲਚਸਪੀ ਨਹੀਂ ਲਈ, ਕਿਉਂਕਿ ਉਨ੍ਹਾਂ ਦੇ ਮਨਾਂ ਵਿੱਚ ਠੱਗੇ ਜਾਣ ਦਾ ਡਰ ਸੀ, ਭਾਵੇਂ ਕਿ ਕੇਂਦਰ ਸਰਕਾਰ ਵੱਲੋਂ ਵੀ ਬੀਮਾ ਕਿਸ਼ਤ ਦਾ ਕੁਝ ਹਿੱਸਾ ਦਿੱਤੇ ਜਾਣ ਲਈ ਰਕਮ ਰੱਖੀ ਗਈ ਹੈ। ਅਸਲ ਵਿੱਚ ਇਹ ਰਕਮ ਕਿਸਾਨਾਂ ਦੇ ਨਾਮ ਉੱਤੇ ਆਮ ਲੋਕਾਂ ਕੋਲੋਂ ਸਰਕਾਰ ਵੱਲੋਂ ਵਸੂਲੇ ਟੈਕਸਾਂ ਨੂੰ ਬੀਮਾ ਕੰਪਨੀਆਂ ਦੇ ਪੇਟੇ ਪਾਉਣ ਦਾ ਕੋਝਾ ਯਤਨ ਹੈ।

ਇਸੇ ਤਰ੍ਹਾਂ ਕੀਟ ਨਾਸ਼ਕਾਂ ਦੇ ਵਪਾਰ ਨੇ ਜਿੱਥੇ ਆਮ ਕਿਸਾਨਾਂ ਦੀ ਲੁੱਟ-ਖਸੁੱਟ ਕੀਤੀ ਹੈ, ਉਥੇ ਆਮ ਲੋਕਾਂ ਦੀਆਂ ਸਿਹਤ ਸੰਬੰਧੀ ਔਕੜਾਂ 'ਚ ਬੇਹੱਦ ਵਾਧਾ ਕੀਤਾ ਹੈ। ਬੀ ਟੀ ਕਾਟਨ ਦੀ ਖੇਤੀ ਵਿੱਚ ਮਾਲਵੇ ਖਿੱਤੇ 'ਚ ਬੇਹਿਸਾਬ ਰਸਾਇਣਾਂ ਅਤੇ ਕੀਟ ਨਾਸ਼ਕਾਂ ਦੀ ਵਜ੍ਹਾ ਨਾਲ ਮਨੁੱਖ ਦੇ ਜੀਵਨ ਉੱਤੇ ਬਹੁਤ ਸਾਰੇ ਨਾਕਾਰਾਤਮਕ ਪ੍ਰਭਾਵ ਦੇਖੇ ਜਾ ਸਕਦੇ ਹਨ। ਪੰਜਾਬ 'ਚ ਕਪਾਹ ਦੀ ਫ਼ਸਲ ਨੂੰ ਬਚਾਉਣ ਲਈ ਮਿਲੀਬਗ ਲਈ ਜੋ ਪ੍ਰੋਫੇਨਾਂਸ ਨਾਮ ਦੇ ਰਸਾਇਣ ਦਾ ਧੂੰਆਂਧਾਰ ਇਸਤੇਮਾਲ ਹੋ ਰਿਹਾ ਹੈ, ਉਸ ਨਾਲ ਭੂਮੀ 'ਚ ਜਲ ਪ੍ਰਦੂਸ਼ਣ ਵਧ ਰਿਹਾ ਹੈ, ਜਿਸ ਕਾਰਨ ਮਨੁੱਖ ਦੇ ਖ਼ੂਨ 'ਚ ਆਰਸੈਨਿਕ ਅਤੇ ਯੂਰੇਨੀਅਮ ਵੇਖਣ ਨੂੰ ਮਿਲ ਰਿਹਾ ਹੈ। ਇਹ ਗਲੇ ਦੇ ਕੈਂਸਰ, ਛੋਟੀ ਉਮਰ 'ਚ ਗੰਜੇਪਣ ਤੇ ਮਾਨਸਿਕ ਵਿਕਲਾਂਗਤਾ ਦਾ ਕਾਰਨ ਬਣਦੇ ਹਨ। ਖੇਤੀ ਵਿਗਿਆਨੀ ਕੇ. ਜੈਰਾਮ ਦੇ 2007 ਦੇ ਪੰਜਾਬ ਦੇ ਮਾਲਵਾ ਖਿੱਤੇ 'ਚ ਕੀਤੇ ਸਰਵੇਖਣ ਅਨੁਸਾਰ ਇਸ ਸਾਲ 17 ਕੰਪਨੀਆਂ ਵੱਲੋਂ 10,000 ਲਿਟਰ ਇਹ ਰਸਾਇਣ ਵੇਚਿਆ ਗਿਆ ਅਤੇ ਇੱਕ ਏਕੜ ਫ਼ਸਲ ਉੱਤੇ ਤਿੰਨ ਤੋਂ ਚਾਰ ਹਜ਼ਾਰ ਦਾ ਰੁਪਏ ਇਸ ਉੱਤੇ ਖ਼ਰਚਾ ਹੈ।

ਹਾਈਬ੍ਰਿਡ ਅਤੇ ਬੀ ਟੀ ਕਾਟਨ ਬੀਜਾਂ ਦੇ ਉਪਯੋਗ ਕਾਰਨ ਫ਼ਸਲ ਨੂੰ 162 ਤਰ੍ਹਾਂ ਦੀਆਂ ਕੀਟਾਂ ਦੀਆਂ ਪ੍ਰਜਾਤੀਆਂ ਨੁਕਸਾਨ ਪਹੁੰਚਾ ਸਕਦੀਆਂ ਹਨ, ਜਿਨ੍ਹਾਂ ਵਿੱਚੋਂ 15 ਪ੍ਰਮੁੱਖ ਹਨ। ਬੀਜਾਂ ਦੀ ਬਿਜਾਈ ਤੋਂ ਪੱਕਣ ਤੱਕ ਫ਼ਸਲ ਨੂੰ ਨੁਕਸਾਨ ਤੋਂ ਬਚਾਉਣ ਲਈ ਭਾਰਤ 'ਚ 28 ਅਰਬ ਰੁਪਏ ਦੇ ਕੀਟ ਨਾਸ਼ਕ ਵਰਤਣੇ ਪੈ ਰਹੇ ਹਨ, ਜਿਨ੍ਹਾਂ ਵਿੱਚੋਂ 16 ਅਰਬ ਰੁਪਏ ਦੇ ਕੀਟ ਨਾਸ਼ਕ ਸਿਰਫ਼ ਕਪਾਹ ਦੀ ਖੇਤੀ ਲਈ ਹੀ ਵਰਤੇ ਜਾ ਰਹੇ ਹਨ। ਮੌਨਸੈਂਟੋ ਅਤੇ ਉਸ ਦੀ ਭਾਰਤੀ ਸਹਿਯੋਗੀ ਕੰਪਨੀ ਮਾਹਿਕੋ ਦਿਨ-ਬ-ਦਿਨ ਮੋਟੀ ਹੁੰਦੀ ਜਾ ਰਹੀ ਹੈ ਅਤੇ ਦਵਾਈਆਂ ਦੀ ਵਰਤੋਂ ਕਰਨ ਵਾਲੇ ਕਿਸਾਨ ਦੀ ਵਿੱਤੀ ਹਾਲਤ ਕਮਜ਼ੋਰ।

ਅਸਲ ਵਿੱਚ ਕੀਟ ਨਾਸ਼ਕ ਦਵਾਸਾਜ਼ ਕੰਪਨੀਆਂ, ਬੀਮਾ ਕੰਪਨੀਆਂ, ਕਿਸਾਨ ਦੀ ਫ਼ਸਲ ਦੇ ਕਥਿਤ ਰਾਖੇ ਦਲਾਲ, ਕਿਸਾਨੀ ਦਾ ਲਬਾਦਾ ਪਾ ਕੇ ਬੈਠੇ ਧਨੀ ਕਿਸਾਨ ਸਰਕਾਰੀ ਸਰਪ੍ਰਸਤੀ 'ਚ ਆਪਣੇ ਹਿੱਤਾਂ ਦੀ ਖ਼ਾਤਰ ਕਿਸਾਨ ਦੀ ਬੇ-ਰੋਕ-ਟੋਕ ਲੁੱਟ-ਖਸੁੱਟ ਕਰ ਰਹੇ ਹਨ।

ਸਧਾਰਨ ਕਿਸਾਨ ਨੂੰ ਚੰਗੇ ਦਿਨਾਂ ਦੀ ਆਸ ਲਈ ਹੋਰ ਕਿੰਨਾ ਸਮਾਂ ਉਡੀਕਣਾ ਪਵੇਗਾ, ਕੌਣ ਜਾਣੇ?

# "ਲੋਪੋਕੇ ਬ੍ਰਦਰਜ਼" ਦਾ ਸਿੰਗਲ ਟਰੈਕ 'ਤਸਵੀਰਾਂ' ਨਵੀਂਆਂ ਸੰਗੀਤਕ ਪੈੜਾਂ ਪਾਵੇਗਾ

ਸੂਫ਼ੀ, ਸੰਜੀਦਾ ਅਤੇ ਸੱਭਿਆਚਾਰਕ ਗੀਤਾਂ ਦੇ ਰੰਗਾਂ 'ਚ ਰੰਗੇ ਅਤੇ ਸੁਪ੍ਰਸਿੱਧ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ 'ਚ ਅੱਗੇ ਵੱਧ ਰਹੇ ਰੰਗ ਮੰਚ ਦੇ ਮੰਝੇ ਹੋਏ ਕਲਾਕਾਰ ਲੋਪੋਕੇ ਬ੍ਰਦਰਜ਼ ਦਾ ਇਹ ਸੱਭਿਅਕ ਰੰਗਤ ਵਾਲਾ ਪਲੇਠਾ ਗੀਤ 'ਤਸਵੀਰਾਂ' ਅਮਰੀਕਾ 'ਚ ਵਸਦੇ ਰੰਗਲੀ ਰੂਹ ਦੇ ਮਾਲਕ ਪ੍ਰੋਡਿਊਸਰ ਅਵਤਾਰ ਲਾਖਾ ਕਰਨਾਣਾ ਅਤੇ ਵਿਜੇ ਸਿੰਘ ਯੂ.ਐੱਸ. ਏ. ਕੰਪਨੀ 'ਟੋਟਲ ਐਂਟਰਟੇਨਮੈਂਟ' ਵਲੋਂ ਬੜੇ ਮਾਣ ਨਾਲ਼ ਪੇਸ਼ ਕੀਤਾ ਗਿਆ ਹੈ। 'ਟੰਗੀਆਂ ਰਹਿ ਜਾਣਗੀਆਂ ਬੱਸ ਫਿਰ ਕੰਧਾਂ ਤੇ ਤਸਵੀਰਾਂ' ਗੀਤ ਬਹੁਤ ਹੀ ਸੰਜੀਦਾ, ਸਾਹਿਤਕ ਅਤੇ ਸੱਭਿਆਚਾਰਕ ਗੀਤਾਂ ਦੇ ਰਚੇਤਾ ਜਨਾਬ ਸੁੱਖੀ ਧਾਲੀਵਾਲ ਦੀ ਵਿਲੱਖਣ ਰਚਨਾ ਹੈ। ਇਸ ਗੀਤ ਨੂੰ "ਲੋਪੋਕੇ ਬ੍ਰਦਰਜ਼" (ਲਖਵੀਰ ਸਿੰਘ ਅਤੇ ਰਾਜਿੰਦਰ ਸਿੰਘ) ਦੀ ਜੁਗਲਬੰਦੀ ਨੇ ਚਾਰ ਚੰਨ ਲਾਏ ਹਨ।

ਇਸ ਗੀਤ ਨੂੰ ਸੰਗੀਤਕ ਧੁਨਾਂ ਨਾਲ਼ ਸ਼ਿੰਗਾਰਿਆ ਹੈ ਪ੍ਰਸਿੱਧ ਸੰਗੀਤਕਾਰ ਅਮਦਾਦ ਅਲੀ ਨੇ। ਇਹ ਗੀਤ ਵੀਡੀਓ ਡਾਇਰੈਕਟਰ ਗੋਪੀ ਢਿੱਲੋਂ ਨੇ ਸੱਥਾਂ ਦੀਆਂ ਲੋਕ-ਗਾਥਾਵਾਂ ਦੇ ਹਾਣ ਦਾ ਬਣਾ ਕੇ ਪੇਸ਼ ਕੀਤਾ ਹੈ। ਇਸ ਗੀਤ ਨੂੰ ਪ੍ਰੈਸ ਕਲੱਬ ਜਲੰਧਰ ਵਿਚ ਪ੍ਰਸਿੱਧ ਨਾਟਕਕਾਰ ਕੇਵਲ ਧਾਲੀਵਾਲ, ਦੀਪਕ ਬਾਲੀ ਪਲਾਜ਼ਮਾ ਰਿਕਾਰਡਜ਼, ਕੰਠ ਕਲੇਰ ਅਤੇ ਬੂਟਾ ਮੁਹੰਮਦ ਵਲੋਂ ਰੀਲੀਜ਼ ਕੀਤਾ ਗਿਆ। ਇਸ ਮੌਕੇ ਲੇਖਕ ਅਤੇ ਪੱਤਰਕਾਰ ਅਜਮੇਰ ਚਾਨਾ, ਸ਼ੇਖਰ ਅਤੇ ਪੰਜਾਬ ਜਾਗ੍ਰਤੀ ਮੰਚ ਦੀਆਂ ਸਖ਼ਸ਼ੀਅਤਾਂ ਹਾਜ਼ਰ ਸਨ। ਪ੍ਰੋਡਿਊਸਰਾਂ ਅਵਤਾਰ ਲਾਖਾ ਕਰਨਾਣਾ ਅਤੇ ਵਿਜੇ ਸਿੰਘ ਯੂ.ਐੱਸ.ਏ. ਨੇ ਦੱਸਿਆ ਕਿ ਇਸ ਗੀਤ ਤੋਂ ਇਲਾਵਾ ਲੋਪੋਕੇ ਬ੍ਰਦਰਜ਼ ਦੇ ਤਿੰਨ ਹੋਰ ਸਿੰਗਲ ਟਰੈਕ 'ਢੱਗੇ', 'ਜੀ ਉਹ ਰਹਿੰਦੇ ਨੇ ਚੰਗੇ' ਗੀਤਕਾਰ ਸੁੱਖੀ ਧਾਲੀਵਾਲ ਦੀ ਕਲਮ ਤੋਂ ਅਤੇ 'ਸੱਜਣ ਜੀ ਯਾਦ ਆਵਣਗੇ' ਗੀਤਕਾਰ ਕੁਲਵੰਤ ਸੇਖੋਂ ਦੀ ਕਲਮ ਤੋਂ ਵੀ ਜਲਦੀ ਹੀ ਰੀਲੀਜ਼ ਹੋਣਗੇ ਜੋ ਸੁਥਰੀ ਗਾਇਕੀ 'ਚ ਵਡਮੁੱਲਾ ਯੋਗਦਾਨ ਹੋਵੇਗਾ। ਇਨ੍ਹਾਂ ਗੀਤਾਂ ਦੇ ਵੀਡੀਓ ਤਿਆਰ ਹੋ ਰਹੇ ਹਨ। ਭਵਿੱਖ ਵਿੱਚ ਲੋਪੋਕੇ ਬ੍ਰਦਰਜ਼ ਸੁਪ੍ਰਸਿੱਧ ਗੀਤਕਾਰਾਂ ਧਰਮਵੀਰ ਥਾਂਦੀ, ਹਰਜਿੰਦਰ ਕੰਗ, ਜਸਵੀਰ ਗੁਣਾਚੌਰੀਆ, ਜਸਵੰਤ ਸਿੰਘ ਸ਼ਾਦ ਅਤੇ ਹਰਜੀਤ ਹਹੂਰ ਦੇ ਗੀਤਾਂ ਨੂੰ ਵੀ ਮਧੁਰ ਬੋਲ ਦੇਣਗੇ।



ਉਨ੍ਹਾਂ ਦੱਸਿਆ ਕਿ ਜਲਦ ਹੀ ਲੋਪਕੇ ਬ੍ਰਦਰਜ਼ ਵਿਦੇਸ਼ ਵਿੱਚ ਵੀ ਆਪਣੀ ਕਲਾ ਦਾ ਜਾਦੂ ਬਖੇਰਨਗੇ।

ਉਨ੍ਹਾਂ ਇਸ ਸਾਰੇ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਵਿਚ ਹੁਲਾਰਾ ਦੇਣ ਵਾਲੀਆਂ ਸਖ਼ਸ਼ੀਅਤਾਂ ਕੁਲਵੰਤ ਧਾਲੀਆਂ, ਨੀਟਾ ਮਾਛੀਕੇ, ਮਿੱਕੀ ਸਰਾਂ, ਪੌਪੀ ਸਿੰਘ, ਅਸ਼ਵਨੀ ਭਾਖੜੀ, ਮਾਸਟਰ ਦੀਪਕ, ਲਾਖਾ ਬ੍ਰਦਰਜ਼ ਅਤੇ ਅਸ਼ੋਕ ਭੌਰਾ ਦਾ ਵੀ ਦਿਲੋਂ ਧੰਨਵਾਦ ਕੀਤਾ।

**ਰਿਪੋਰਟ ਤੇ ਤਸਵੀਰਾਂ -ਰੇਸ਼ਮ ਕਰਨਾਣਵੀ**

## ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਪੁਰਬ ਨੂੰ ਸਮਰਪਿਤ

# ‘ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ’

ਸਰਬੰਸਦਾਨੀ, ਇਕ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ, ਵਿਦਵਤਾ ਦੇ ਮੁਜੱਸਮੇ, ਮਹਾਨ ਲੇਖਕ, ਇਨਕਲਾਬੀ ਯੋਧੇ, ਕਰਮਜੋਗੀ, ਸੰਤ ਸਿਪਾਹੀ ਤੇ ਮਰਦ ਅਗੰਮੜੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ, 1666 ਈਸਵੀ ਨੂੰ ਪਟਨਾ ਸਾਹਿਬ ਦੀ ਧਰਤੀ ’ਤੇ ਪਿਤਾ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਵਿਖੇ ਹੋਇਆ। ਸੂਬਾ ਸਰਹੰਦ ਵਜ਼ੀਰ ਖਾਂ, ਜਿਹੜਾ ਕਿ ਗੁਰੂ ਜੀ ਨਾਲ ਦੁਸ਼ਮਣੀ ਤੇ ਈਰਖਾ ਰੱਖਦਾ ਸੀ। ਉਸ ਨੂੰ ਇਹ ਗੱਲ ਵੀ ਚੰਗੀ ਨਹੀਂ ਲੱਗੀ ਕਿ ਗੁਰੂ ਸਾਹਿਬ ਦੀ ਮੁਗਲ ਸਮਰਾਟ ਬਹਾਦਰ ਸ਼ਾਹ-ਪਹਿਲਾ, ਨਾਲ ਨੇੜਤਾ ਕਿਉਂ ਵੱਧ ਗਈ ਹੈ। ਉਸ ਨੇ ਜਮਸ਼ੇਦ ਖਾਂ ਤੇ ਵਾਸਿਲ ਵੇਗ ਨਾਂ ਦੇ ਆਪਣੇ ਚਹੇਤੇ ਦੋ ਪਠਾਣਾਂ ਨੂੰ ਇਹ ਆਦੇਸ਼ ਦੇ ਕੇ ਨਾਂਦੇੜ (ਮਹਾਂਰਾਸ਼ਟਰ) ਭੇਜਿਆ ਕਿ ਉਹ ਗੁਰੂ ਸਾਹਿਬ ਨਾਲ ਨੇੜਤਾ ਗੰਢ ਕੇ, ਮੌਕਾ ਮਿਲਦੇ ਹੀ ਉਨ੍ਹਾਂ ’ਤੇ ਜਾਨਲੇਵਾ ਹਮਲਾ ਕਰਕੇ ਉਨ੍ਹਾਂ ਨੂੰ ਕਤਲ ਕਰ ਦੇਣ। ਉਨ੍ਹਾਂ ਪਠਾਣਾਂ ਨੇ ਇੰਝ ਹੀ ਕੀਤਾ ਤੇ ਮੌਕਾ ਮਿਲਦਿਆਂ ਹੀ ਗੁਰੂ ਜੀ ’ਤੇ ਕਾਤਲਾਨਾ ਹਮਲਾ ਕਰ ਦਿੱਤਾ, ਜਿਹੜਾ ਕਿ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਇਆ ਤੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਮਿਤੀ 7 ਅਕਤੂਬਰ, 1708 ਈਸਵੀ ਨੂੰ 42 ਸਾਲ ਦੀ ਉਮਰ ’ਚ ਨਾਂਦੇੜ ਵਿਖੇ ਮਾਨਵਤਾ ਦੀ ਸੇਵਾ ਕਰਦੇ ਹੋਏ ਜੋਤੀ-ਜੋਤ ਸਮਾਅ ਗਏ।

ਗੁਰੂ ਜੀ ਨੇ ਮਨੁੱਖਤਾ ਦੀ ਭਲਾਈ ਲਈ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਲੇਖੇ ਲਾ ਦਿੱਤਾ ਤੇ ਇੰਨਾ ਕੁਝ ਕਰਕੇ ਵੀ ਆਪਣੇ ਆਪ ਨੂੰ ਪਰਮ-ਪੁਰਖ ਪ੍ਰਮਾਤਮਾ ਦਾ ਦਾਸ ਹੀ ਜਾਣਿਆ। ਸਦੀਆਂ ਤੋਂ ਜ਼ੁਲਮ ਦੀ ਮਾਰ ਝੱਲ ਰਹੇ, ਦੱਬੇ-ਕੁੱਚਲੇ ਭਾਰਤੀ ਸਮਾਜ ’ਚ ਨਵੀਂ ਰੂਹ ਫੂਕੀ ਤੇ ਲੋਕਾਂ ਦੇ ਮਨਾਂ ’ਚੋਂ ਹਕੂਮਤੀ ਜਬਰ ਤੇ ਡਰ ਨੂੰ ਦੂਰ ਕਰਨ ਲਈ, ਅਜੋਕੀ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਸਿਰਤੋੜ ਯਤਨ ਕੀਤਾ। ਗੁਰੂ ਜੀ ਕਿੰਨੇ ਮਹਾਨ ਸਨ ਕਿ ਉਨ੍ਹਾਂ ਨੇ ਅੱਜ ਤੋਂ ਕੋਈ ਸਾਢੇ ਤਿੰਨ ਸੌ ਸਾਲ ਪਹਿਲਾਂ ਇਹ ਐਲਾਨ ਕੀਤਾ ਕਿ ਸਮੁੱਚੀ ਮਾਨਵਤਾ ’ਚ, ਉਸ ਇਕੋ ਅਕਾਲ-ਪੁਰਖ ਦੀ ਜੋਤ ਕੰਮ ਕਰ ਰਹੀ ਹੈ ਤੇ ਸਭ ਮਨੁੱਖ ਸਮਾਨ ਹਨ। ਉਨ੍ਹਾਂ ਨੂੰ ਜਾਤ-ਪਾਤ, ਨਸਲ ਤੇ ਰੰਗ ਭੇਦ ਦੇ ਆਧਾਰ ’ਤੇ ਵੰਡਿਆ ਨਹੀਂ ਜਾ ਸਕਦਾ। ਇਸ ਲਈ ਸਾਰੀ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ, ਸਭ ਨੂੰ ਪ੍ਰਮਾਤਮਾ ਦਾ ਰੂਪ ਸਮਝਣਾ ਚਾਹੀਦਾ ਹੈ:-

ਕੋਈ ਭਇਓ ਮੁੰਡੀਆ ਸੰਨਿਆਸੀ ਕੋਈ ਜੋਗੀ ਭਇਓ,  
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।।  
ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ,  
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।  
ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ,  
ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ।।  
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ  
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।।

ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਇਕ ਵਿਸ਼ਾਲ ਇਕੱਠ ਦੇ ਸਾਹਮਣੇ ਦੀਵਾਨ ਲਾ ਕੇ ‘ਖਾਲਸਾ ਪੰਥ’ ਦੀ ਸਿਰਜਣਾ ਕੀਤੀ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਅ ਕੇ ‘ਸਿੰਘ’ ਸਾਜਿਆ ਤੇ ਉਹਨਾਂ ਤੋਂ ਆਪ ਵੀ ਅੰਮ੍ਰਿਤ ਛਕਿਆ ਤੇ ‘ਵਾਹੁ-ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ’ ਅਖਵਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਜੋ ‘ਪੰਜ ਪਿਆਰਿਆਂ’ ਦੀ ਚੋਣ ਕੀਤੀ, ਉਹ ਵੱਖ-ਵੱਖ ਵਰਗਾਂ ਦੇ ਪੱਛੜੇ ਹੋਏ ਲੋਕ ਸਨ। ‘ਗੁਰੂ ਕੀਆਂ ਸਾਖੀਆਂ’ ਅਨੁਸਾਰ ਇਹਨਾਂ ’ਚ ਸਿਰਫ਼ ਇਕ ਸਿੰਘ ਉੱਚ ਵਰਗ ਨਾਲ ਸਬੰਧਿਤ ਸੀ ਪਰ ਉਹ ਵੀ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ, ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ ਪੰਜ ਪਿਆਰਿਆਂ ਦੀ ‘ਸਿਧਾਂਤਕ ਸੰਸਥਾ’ ’ਤੇ ਨਾ ਤਾਂ ਕੋਈ ਉੱਚ ਜਾਤੀ ਜਾਂ ਵਰਗ ਦਾ ਦਬਦਬਾ ਰਿਹਾ ਤੇ ਨਾ ਹੀ ਕਿਸੇ ਇਕ ਜਾਤੀ ਜਾਂ ਵਰਗ ਵਿਸ਼ੇਸ਼ ਦਾ ਏਕਾਧਿਕਾਰ ਰਹਿ ਸਕਿਆ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੀ ਉਚੇਰੀ ਸੂਝ-ਬੂਝ ਨਾਲ ਜਾਤੀ ਪ੍ਰਥਾ ਉੱਤੇ ਭਰਵੀਂ ਸੱਟ ਮਾਰੀ। ਉਹਨਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਰ ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਦੀ ਲੋੜ ਨੂੰ ਨਕਾਰ ਦਿੱਤਾ ਤੇ ਮਾਨਵਵਾਦ ਨੂੰ ਪਰਮ ਅਗੇਤ ਦਿੱਤੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਜਾਤ-ਪਾਤ ਤੇ ਵਰਗਵਾਦ ਦੇ ਵਿਰੁੱਧ ਸ਼ੁਰੂ ਕੀਤੀ ਵਿਚਾਰਧਾਰਾ ਨੂੰ ਪ੍ਰਤੀਨਿਧਤਾ ਦਿੱਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ।।  
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।  
ਜਿਥੈ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ਼।।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਉਦੇਸ਼ ਸੱਚੇ ਧਰਮ ਦੀ ਸਥਾਪਨਾ, ਗਰੀਬਾਂ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰੱਖਿਆ ਕਰਨਾ ਤੇ ਹਰ ਤਰ੍ਹਾਂ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਨ੍ਹਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਤੇ ਗਿਰਾਵਟ ਦਾ ਕਾਰਨ, ਮਨੁੱਖ ਦੀ ਗੁਲਾਮ ਮਾਨਸਿਕਤਾ ਹੈ। ਉਨ੍ਹਾਂ ਦਾ ਧਰਮ-ਯੁੱਧ ਕਰਨ ਦਾ ਕਾਰਨ, ਲੋਕਾਂ ’ਤੇ ਹੋ ਰਹੇ ਜਬਰ-ਜ਼ੁਲਮ ਨੂੰ ਰੋਕਣਾ ਸੀ ਤੇ ਕਰਾਰੇ ਹੱਥ ਦਿਖਾ ਕੇ ਹੀ ਦੁਸ਼ਮਣ ਦੇ ਦੰਦ ਖੱਟੇ ਕਰਨਾ ਸੀ। ਉਹ ਆਪਣੇ ਜੀਵਨ ਦੇ ਮਨੋਰਥ ਨੂੰ ਬੜੀ ਸਪਸ਼ਟਤਾ ਨਾਲ ’ਬਚਿਤ੍ਰ ਨਾਟਕ’ ’ਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ।।  
ਧਰਮ ਹੇਤ ਗੁਰਦੇਵਿ ਪਠਾਏ।।  
ਜਹਾ ਤਹਾ ਤੁਮ ਧਰਮ ਬਿਥਾਰੋ।।  
ਦੁਸ਼ਟ ਦੋਖਯਨਿ ਪਕਰਿ ਪਛਾਰੋ।।  
ਧਰਮ ਚਲਾਵਨ ਸੰਤ ਉਬਾਰਨ।।  
ਦੁਸ਼ਟ ਸਭਨ ਕੋ ਮੂਲ ਉਪਾਰਿਨ।।

ਗੁਰੂ ਜੀ ਨੇ ਅਖੌਤੀ ਧਰਮ ਗੁਰੂਆਂ ਦੇ ਪਾਖੰਡਾਂ ਦੇ ਪਾਜ ਨੂੰ ਖੂਬ ਉਘਾੜਿਆ। ਉਨ੍ਹਾਂ ਦੇ ਪਾਖੰਡਾਂ ਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਲੋਕਾਈ ਨੂੰ ਸੱਚੇ-ਸੁੱਚੇ ਮਾਰਗ ’ਤੇ ਚੱਲਣ ਦਾ ਉਪਦੇਸ਼ ਦਿੱਤਾ। ਮੂਰਤੀ ਪੂਜਾ, ਬੁੱਤ-ਪ੍ਰਸਤੀ, ਤੀਰਥਾਂ ’ਤੇ ਯਾਤਰਾ ਕਰਨੀ ਤੇ ਸਮਾਧੀਆਂ ਲਾਉਣਾ ਆਦਿ ਦੀ ਨਿਖੇਧੀ ਕੀਤੀ ਤੇ ਜਨ-ਜੀਵਨ ਨੂੰ ਉਪਦੇਸ਼ ਦਿੱਤਾ ਕਿ ਇਨ੍ਹਾਂ ਕਰਮਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਹੋਰ ਵੀ ਅਖੌਤੀ ਧਾਰਮਿਕ ਵਿਸ਼ਵਾਸ਼ਾਂ ਦਾ ਰੱਜ ਕੇ ਖੰਡਨ ਕੀਤਾ। ਲੋਕਾਂ ਨੂੰ ਇਕ ਅਕਾਲ-ਪੁਰਖ ਦੇ ਸੱਚੇ ਮਾਰਗ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ:



ਕਹਾਂ ਭਯੋ ਜੰ ਦੋਊ ਲੋਚਨ  
ਮੂੰਦ ਕੈ।  
ਬੈਠ ਰਹਿਓ ਬਕ ਧਯਾਨ  
ਲਗਾਇਓ।।  
ਨਾਤ ਫਿਰਿਓ ਲੀਏ ਸਾਤ  
ਸਮੁੰਦ੍ਰਨ।  
ਲੋਕ ਗਾਇਓ ਪਰਲੋਕ ਗਵਾਇਓ।।  
ਬਾਸ ਕੀਓ ਬਿਖਿਆਨ ਸੋ ਬੈਠਕੇ।  
ਐਸੇ ਹੀ ਐਸ ਸੁ ਬੈਸ ਬਿਤਾਇਓ।।  
ਸਾਚ ਕਹੋ ਸੁਨ ਲੇਹ ਸਭੈ।  
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।

ਸਭ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਗੁਰੂ ਜੀ ਨੇ ਇਹ ਕੀਤੀ ਕਿ ਉਨ੍ਹਾਂ ਨੇ ਦੱਬੇ-ਕੁਚਲੇ, ਲਿਤਾੜੇ ਹੋਏ ਗਰੀਬ ਤੇ ਕਿਰਤੀ ਲੋਕਾਂ ਨੂੰ ਆਪਣੇ ਗਲੇ ਲਗਾਇਆ। ਸਦੀਆਂ ਤੋਂ ਗੁਲਾਮੀ ’ਚ ਜਕੜੇ ਲੋਕਾਂ ਨੂੰ ਜਾਗਰਿਤ ਕਰਕੇ ਅਣਖ ਦੀ ਜ਼ਿੰਦਗੀ ਜਿਊਣ ਦੀ ਜਾਂਚ ਦੱਸੀ। ਇਹੀ ਲੋਕ ਗੁਰੂ ਕਿਰਪਾ ਨਾਲ ਖਾਲਸਾ ਸਾਜ ਕੇ ਗੁਰੂ ਨਜ਼ਰਾਂ ’ਚ ਪ੍ਰਵਾਨ ਚੜ੍ਹੇ। ਗੁਰੂ ਜੀ ਇਸੇ ’ਤੇ ਤਸੱਲੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਇਨਹੀ ਕੀ ਕਿਰਪਾ ਕੇ ਸਜੇ ਹਮ ਹੈ,  
ਨਹੀਂ ਮੋ ਸੇਗਰੀਬ ਕਰੋਰ ਪਰੈ।।



ਪ੍ਰੋ: ਐਚ.ਐਲ. ਕਪੂਰ
001- 916- 587-4002

ਦਸਮ-ਪਿਤਾ ਜੀ ਦੀ ਇਹ ਇਕ ਬਹੁਤ ਹੀ ਉੱਚੀ ਸੋਚ ਦਾ ਨਤੀਜਾ ਹੈ ਕਿ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਦਿੱਤਾ। ਦੁਨੀਆਂ ਦੇ ਕਿਸੇ ਵੀ ਇਤਿਹਾਸ ’ਚ ਅਜਿਹੀ ਮਿਸਾਲ ਨਹੀਂ ਮਿਲਦੀ, ਖ਼ਾਲਸੇ ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਆਪਣਾ ‘ਗੁਰੂ’ ਵੀ ਸਵੀਕਾਰ ਕੀਤਾ ਤੇ ਖਾਲਸਾ ਪ੍ਰਗਟ ਕਰਕੇ ਗੁਰੂ ਦੀਖਿਆ ਦਾ ਅਧਿਕਾਰ ਵੀ ਗੁਰੂ-ਪੰਥ ਨੂੰ ਸੌਂਪ ਦਿੱਤਾ। ਇਸ ਬਾਰੇ ਉਹ ਇਸ ਤਰ੍ਹਾਂ ਫੁਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।  
ਖਾਲਸਾ ਮੈਂ ਹਉ ਕਰਉ ਨਿਵਾਸ।  
ਖਾਲਸਾ ਮੇਰੋ ਸਤਿਗੁਰ ਪੂਰਾ।  
ਖਾਲਸਾ ਮੇਰੋ ਸੱਜਣ ਸੂਰਾ।

ਦੁਨੀਆਂ ਦੇ ਹੋਰ ਧਾਰਮਿਕ ਗੁਰੂਆਂ ਤੇ ਰਹਿਬਰਾਂ ਵਾਂਗ ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਵਾਇਆ ਅਤੇ ਨਾ ਹੀ ਆਪਣੇ ਨਾਮ ਦਾ ਕੋਈ ਧਰਮ ਚਲਾਇਆ। ਆਪਣੇ ਆਪ ਨੂੰ ਉਨ੍ਹਾਂ ਅਕਾਲ-ਪੁਰਖ ਦਾ ਦਾਸ ਤੇ ਸੇਵਕ ਦੱਸਿਆ। ’ਗੁਰੂ ਗ੍ਰੰਥ’ ਸਾਹਿਬ ਨੂੰ ਗੁਰੂ ਦਾ ਦਰਜਾ ਦੇ ਕੇ ਇਸ ’ਚੋਂ ਇਕ ਵਧੀਆ ਜੀਵਨ-ਜਾਂਚ ਲੈਣ ਦੀ ਪ੍ਰੇਰਨਾ ਦਿੱਤੀ ਤੇ ਮਨੁੱਖ ਨੂੰ ਪੂਰਨ ਮਨੁੱਖ ਬਣਨ ’ਚ ਆਪਣੀ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪ੍ਰਮਾਤਮਾ ਨਹੀਂ ਸਮਝਣਾ ਸਗੋਂ ‘ਗੁਰੂ ਗ੍ਰੰਥ’ ਸਾਹਿਬ ’ਚ ਮਨੁੱਖੀ ਜੀਵਨ ਨੂੰ ਵਧੀਆ ਮਾਨਵ ਬਣਾਉਣ ਲਈ ਦਿੱਤੀਆਂ ਸਿੱਖਿਆਵਾਂ ਤੇ ਸਿਧਾਂਤਾਂ ਨੂੰ ਜੀਵਨ ’ਚ ਅਮਲ ਰੂਪ ਦੇਣਾ ਹੈ ਤੇ ਅਪਣਾ ਕੇ ਪਾਖੰਡਾਂ, ਅੰਧ-ਵਿਸ਼ਵਾਸਾਂ ਤੇ ਪੂਜਾ-ਪਾਠਾਂ ਦੀਆਂ ਵਿਧੀਆਂ ਤੋਂ ਦੂਰ ਰਹਿਣਾ ਹੈ। ’ਬਚਿਤ੍ਰ ਨਾਟਕ’ ’ਚ ਇਸ ਤਰ੍ਹਾਂ ਵਰਣਨ ਕਰਦੇ ਹਨ:

ਜੋ ਹਮ ਕੋ ਪ੍ਰਮੇਸਰ ਉਚਿਰ ਹੈ।।  
ਤੇ ਸਭ ਨਰਕ ਕੁੰਡ ਮਹਿ ਪਰਿ ਹੈ।।  
ਮੋ ਕੋ ਦਾਸ ਤਵਨ ਕਾ ਜਾਨੋ।।  
ਯਾ ਮੈ ਭੇਦੁ ਨਾ ਰੰਚ ਪਛਾਣੋ।।

ਪ੍ਰਸਿੱਧ ਇਤਿਹਾਸਕਾਰ ਮੈਕਾਲਿਫ਼ ਅਨੁਸਾਰ- ‘ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਇਲਾਹੀ ਤਾਕਤ ਸੀ। ਉਨ੍ਹਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ’ਤੇ ਜਾਦੂਈ ਅਸਰ ਹੋਇਆ ਤੇ ਨਿਮਾਣੇ-ਨਿਤਾਣੇ ਤੇ ਸਾਹ-ਸੱਤ ਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।’’ ਉਨ੍ਹਾਂ ਦਾ ਉਦੇਸ਼ ਜਾਂ ਨਿਸ਼ਾਨਾ ਕੋਈ ਆਪਣੀ ਨਿੱਜੀ ਗਰਜ਼ ਜਾਂ ਵੈਰ ਦੀ ਭਾਵਨਾ ਨਹੀਂ, ਬਲਕਿ ਪੁਰਖ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ ‘ਬਚਿਤ੍ਰ ਨਾਟਕ’ ’ਚ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

‘ਜੋ ਨਿਜ ਪ੍ਰਭ ਮੋ ਸੋ ਕਹਾ  
ਸੋ ਕਹਿਹੋ ਜਗ ਮਾਹਿ।।’

ਗੁਰੂ ਜੀ ਨੇ ਜੰਗਾਂ ਦੇ ਮੈਦਾਨ ’ਚ ਸਿਰਫ਼ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਸਗੋਂ ਧਰਮ ਦੀ ਰੱਖਿਆ ਲਈ ਆਪਣੇ ਚਾਰ ਪੁੱਤਰਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ। ਆਪ ਜੀ ਦੇ ਵੱਡੇ ਸਾਹਿ-ਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ ’ਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਦੀਵਾਰ ’ਚ ਚਿਣ ਕੇ ਸ਼ਹੀਦ ਕੀਤੇ ਗਏ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ ’ਚ ਵਿਆਕੁਲ ਹੋ ਕੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ ਤਾਂ ਗੁਰੂ ਜੀ ਨੇ ਬੇਮਿਸਾਲ ਉੱਤਰ ਦਿੱਤਾ। ਇਹੋ ਜਿਹਾ ਉੱਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। ’ਪੰਥ ਖਾਲਸਾ’ ਵੱਲ ਸੰਕੇਤ ਕਰਦਿਆਂ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ:

ਇਨ ਪੁਤਰਨ ਕੇ ਸੀਸ ਪਰ,  
ਵਾਰ ਦੀਏ ਸੁਤ ਚਾਰ।।  
ਚਾਰ ਮੋਏ ਤੇ ਕਿਆ ਹੂਯਾ,  
ਜੀਵਤ ਕਈ ਹਜ਼ਾਰ।।

ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਆਨੰਦਮਈ ਜੀਵਨ ਵੀ ਬਿਤਾਇਆ, ਪਾਉਂਟਾ ਸਾਹਿਬ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਮਾਛੀਵਾੜੇ ਦੇ ਜੰਗਲਾਂ ’ਚ ਰਾਤਾਂ ਵੀ ਕੱਟੀਆਂ, ਚਾਰੇ ਪੁੱਤਰ ਤੇ ਆਪਣੇ ਪਿਤਾ ਜੀ ਨੂੰ ਸ਼ਹੀਦ ਹੁੰਦਿਆਂ ਵੀ ਵੇਖਿਆ ਪਰ ਫਿਰ ਵੀ ਕੋਈ ਸ਼ਿਕਵਾ-ਸ਼ਿਕ-ਾਇਤ ਨਹੀਂ ਕੀਤੀ, ਸਗੋਂ ਜੇ ਕੀਤਾ ਤਾਂ ਪ੍ਰਮ-ਾਤਮਾ ਦਾ ਸ਼ੁਕਰਾਨਾ ਜ਼ਰੂਰ ਕੀਤਾ:

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,  
ਤੁਧ ਬਿਨ ਰੋਗ ਰਜਾਈਆਂ ਦਾ ਓਢਣ,  
ਨਾਗ ਨਿਵਾਸਾਂ ਦੇ ਰਹਿਣਾ।।  
ਸੂਲ ਸੁਰਾਹੀ ਖੰਜਰ ਪਿਆਲਾ,  
ਭੱਠ ਖੇੜਿਆਂ ਦਾ ਰਹਿਣਾ’’।

ਇਤਨਾ ਕੁਝ ਕੁਰਬਾਨ ਕਰ ਦੇਣ ਦੇ ਬਾਅਦ ਵੀ ਗੁਰੂ ਜੀ ਵਿਚ ਕੋਈ ਫਰਕ ਨਹੀਂ ਆਇਆ, ਸਗੋਂ ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ’ਚ ਸ਼ਹੀਦ ਪੈਦਾ ਕਰ ਦਿੱਤੇ, ਜਿਹਨਾਂ ਨੇ ਆਪਣਾ ਖੂਨ ਵਹਾਉਣ ’ਚ ਰਤਾ ਵੀ ਗੁਰੇਜ਼ ਨਹੀਂ ਕੀਤਾ, ਸਗੋਂ ਮੁਗਲਾਂ ਦੇ ਚਿਰ ਸਥਾਈ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਇਕ ਮਹਾਨ ਇਤਿਹਾਸਕਾਰ ਡਾ. ਗੋਕਲ ਚੰਦ ਨਾਰੰਗ ਗੁਰੂ ਜੀ ਬਾਰੇ ਲਿਖਦੇ ਹਨ- ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ’ਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁੱਲ ਹੋ ਜਾਂਦਾ।’’ ਅੱਜ ਵੀ ਸਾਰੀ ਦੁਨੀਆਂ ’ਚ ਦਸਮੇਸ਼ ਪਿਤਾ ਦਾ ’ਪੰਥ’ ਚੜ੍ਹਦੀਕਲਾ ’ਚ ਹੈ। ਇਸੇ ਤਰ੍ਹਾਂ ਮਸ਼ਹੂਰ ਸ਼ਾਇਰ ਅੱਲਾ ਯਾਰ ਖਾਂ ਯੋਗੀ ਵਰਗਾ ਸ਼ਾਇਰ ਗੁਰੂ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਦੱਸਦਾ ਹੋਇਆ ਲਿਖਦਾ ਹੈ- ’ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ। ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ।’’

ਜਿੱਥੇ ਗੁਰੂ ਜੀ ਇਕ ਮਹਾਨ ਸੰਤ-ਸਿਪਾਹੀ ਸਨ, ਉਥੇ ਨਾਲ ਹੀ ਉਹ ਸਾਹਿਤ ਰਚਨਾ ਦੇ ਵੀ ਚਾਨਣ ਮੁਨਾਰੇ ਸਨ। ਉਨ੍ਹਾਂ ਦੇ ਦਰਬਾਰ ’ਚ 52 ਸਾਹਿਤਕਾਰ ਸਨ ਜੋ ਰਾਤ-ਦਿਨ ਇਕ ਸਮਾਜਿਕ ਕ੍ਰਾਂਤੀ ਲਿਆਉਣ ਲਈ ਸਾਹਿਤ ਰਚਨਾ ਕਰਦੇ ਰਹਿੰਦੇ ਸਨ। ਗੁਰੂ ਜੀ ਨੇ, ਜਿੱਥੇ ਆਪ ਸਾਹਿਤ ਰਚਨਾ ਕੀਤੀ, ਉਥੇ ਆਪਣੇ ਦਰਬਾਰੀ-ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਇਕ ਗ੍ਰੰਥ ਦੇ ਰੂਪ ’ਚ ਸੰਗ੍ਰਹਿ ਕਰਕੇ ਸਾਂਭਣ ਦਾ ਉਪਰਾਲਾ ਵੀ ਕੀਤਾ ਤੇ ਉਸ ਮਹਾਨ ਗ੍ਰੰਥ ਦਾ ਨਾਂ ‘ਵਿਦਿਆ ਸਾਗਰ’ ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨਾਂ ਦੇ ਕਥਨ ਅਨੁਸਾਰ ਨੌ ਮਣ ਦੇ ਕਰੀਬ ਸੀ, ਜੋ ਗੁਰੂ ਜੀ ਦੇ ਆਨੰਦਪੁਰ ਛੱਡਣ ਉਪਰੰਤ, ਸਰਸਾ ਨਦੀ ਪਾਰ ਕਰਦਿਆਂ ਹੜ੍ਹ ਆਉਣ ਕਾਰਨ ਦਰਿਆ ’ਚ ਰੁੜ੍ਹ ਗਿਆ।

ਇਹ ਪੰਜਾਬੀ ਸਾਹਿਤ ਜਗਤ ਦੇ ਇਤਿਹਾਸ ’ਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਹ ਪੰਜਾਬੀ ਸਾਹਿਤ ਦਾ ਗੁਰੂ ਜੀ ਦੇ ਸਮੇਂ ਦਾ ਇਕ ਅਮੀਰ ਸਾਹਿਤਕ ਖ਼ਜ਼ਾਨਾ ਸੀ। ਗੁਰੂ ਜੀ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਇਸ ਪ੍ਰਕਾਰ ਹਨ- ਪੰਜਾਬੀ ਵਿਚ ’ਚੰਡੀ ਦੀ ਵਾਰ’ ਜੋ ਸਿੰਘਾਂ ਨੂੰ ਜੰਗਾਂ-ਯੁੱਧਾਂ ਲਈ ਤਿਆਰ ਕਰਨ ਲਈ ਢਾਡੀਆਂ ਦੁਆਰਾ ਗਾ ਕੇ ਸੁਣਾਈ ਜਾਂਦੀ ਸੀ।

ਇਸ ਬੀਰ ਰਸੀ ਵਾਰ ਦੀ ਰਚਨਾ ਦਾ ਉਦੇਸ਼ ਹੀ ਮਨੁੱਖ ਵਿਚ ਆਪਣੇ ਅਧਿਕਾਰਾਂ ਦੀ ਤੇ ਧਰਮ ਦੀ ਰੱਖਿਆ ਲਈ ਤੇ ਜ਼ਾਲਮ ਨੂੰ ਕਰਾਰੇ ਹੱਥ ਦਿਖਾ ਕੇ ਹੀ ਮਿੱਤਰਤਾ ਦਾ ਰਸਤਾ ਅਪਣਾਉਣ ਤੇ ਜ਼ੁਲਮ ਦਾ ਰਸਤਾ ਛੱਡਣ ਦਾ ਅਹਿਸਾਸ ਕਰਵਾਇਆ ਜਾ ਸਕਦਾ ਹੈ। ਪੰਜਾਬੀ ’ਚ ਇਕੋ ਸ਼ਬਦ ‘ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ’ ਹੈ। ‘ਜ਼ਫਰਨਾਮਾ’ ਜੋ ਔਰੰਗਜ਼ੇਬ ਵੱਲ ਇਕ ਪੱਤਰ ਦੇ ਰੂਪ ’ਚ, ਜਿੱਤ ਦੇ ਪ੍ਰਤੀਕ ਵਜੋਂ ਫਾਰਸੀ ਜੁਬਾਨ ’ਚ ਲਿਖੀ ਗਈ ਇਕ ਮਹਾਨ ਕਲਾਕ੍ਰਿਤ ਹੈ। ’ਬਚਿੱਤ੍ਰ ਨਾਟਕ’ ਗੁਰੂ ਜੀ ਦੀ ਸਵੈ-ਜੀਵਨੀ ਦੇ ਰੂਪ ’ਚ ਹੈ। ਦੁਨੀਆਂ ਦੇ ਇਤਿਹਾਸ ’ਚ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਹੀ ਇਕ ਅਜਿਹੀ ਧਰਮ-ਗੁਰੂ ਸ਼ਖਸੀਅਤ ਹਨ, ਜਿਹਨਾਂ ਨੇ ਆਪਣੀ ਸਵੈ-ਜੀਵਨੀ ਲਿਖੀ ਹੈ।

ਇਸ ’ਚ ਉਨ੍ਹਾਂ ਦੀ 32 ਸਾਲ ਦੀ ਉਮਰ ਤੱਕ ਦੇ ਜੀਵਨ-ਸਮਾਚਾਰ ਦਰਜ ਹਨ। ਇਹਨਾਂ ਰਚਨਾਵਾਂ ਤੋਂ ਇਲਾਵਾ ਗੁਰੂ ਜੀ ਦੀਆਂ ਹੋਰ ਵੀ ਕਈ ਸਾਹਿਤਕ ਰਚਨਾਵਾਂ ਹਨ ਜੋ ’ਦਸਮ ਗ੍ਰੰਥ’ ’ਚ ਦਰਜ ਹਨ। ਗੁਰੂ ਜੀ ਦਾ ਵਿਚਾਰ ਸੀ ਕਿ ਸਾਹਿਤ ਰਚਨਾ ਹੀ ਦੇਸ਼ ’ਚ ਤੇ ਸਮਾਜ ’ਚ ਕ੍ਰਾਂਤੀ ਦੀ ਭਾਵਨਾ ਪੈਦਾ ਕਰ ਸਕਦੀ ਹੈ।

ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ’ਚ 14 ਲੜਾਈਆਂ ਲੜੀਆਂ ਹਨ। ਉਨ੍ਹਾਂ ਨੇ ਪਹਿਲਾਂ ਕਦੇ ਵੀ ਆਪ ਕਿਸੇ ’ਤੇ ਹਮਲਾ ਨਹੀਂ ਕੀਤਾ ਸਗੋਂ ਜੋ ‘ਪੰਥ ਖਾਲਸਾ’ ਦੇ ਦੋਖੀ ਸਨ ਤੇ ਜਿਨ੍ਹਾਂ ਤੋਂ ਖ਼ਾਲਸੇ ਦੀ ਚੜ੍ਹਤ ਬਰਦਾਸ਼ਤ ਨਹੀਂ ਹੁੰਦੀ ਸੀ ਤੇ ਸਿੱਖ ਧਰਮ ਦੀ ਵਧਦੀ ਪ੍ਰਸਿੱਧਤਾ ਨੂੰ ਨਫ਼ਰਤ ਕਰਦੇ ਸਨ, ਵੱਲੋਂ ਹੀ ਹਮੇਸ਼ਾ ਗੁਰੂ ਜੀ ਤੇ ਹਮਲੇ ਕਰਦੇ ਸਨ। ਇਹ ਜੰਗਾਂ ਉਨ੍ਹਾਂ ਨੇ ਜ਼ਮੀਨ ’ਤੇ ਕਬਜ਼ਾ ਕਰਨ ਜਾਂ ਆਪਣੀ ਬਾਦਸ਼ਾਹਤ ਕਾਇਮ ਕਰਨ ਲਈ ਨਹੀਂ ਲੜੀਆਂ। ਸਗੋਂ ਇਹ ਜੰਗਾਂ ਮਜ਼ਲੂਮਾਂ ਦੀ ਰਾਖੀ ਲਈ, ਉਹਨਾਂ ’ਤੇ ਹੋ ਰਹੇ ਜ਼ੁਲਮਾਂ ਦੇ ਖ਼ਾਤਮੇ ਲਈ ਲੜੀਆਂ। ਉਹ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਰਾਜ ਨੂੰ ਲੋਕ-ਹਿੱਤ ’ਚ ਚਲਾਵੇ। ਐਸੇ ਯੁੱਧਾਂ ਨੂੰ ਉਹ ਸਜਦਾ ਕਰਦੇ ਹਨ: ’ਨਮੋ ਜੁੱਧ ਜਧੋ।’ ਔਰੰਗਜ਼ੇਬ ਨੂੰ ਉਹ ’ਜ਼ਫਰਨਾਮੇ’ ’ਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:

ਚੂੰਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ਸਤ।।  
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

ਗੁਰੂ ਜੀ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ, ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਵੀ ਲਈ।

ਜਿਨ੍ਹਾਂ ਨੇ ਅੰਮ੍ਰਿਤ ਦੀ ਘੁੱਟ ਪੀਤੀ, ਉਹ ਸ਼ੇਰ ਬਣ ਗਏ ਤੇ ਚਿੜੀਆਂ ਤੋਂ ਬਾਜ ਤੁੜਵਾਉਣ ਲਈ ਭਾਵ ਕਮਜ਼ੋਰ ਤੇ ਸ਼ੋਸ਼ਿਤ ਵਰਗ ਤੋਂ ਜ਼ਾਲਮ ਦਾ ਘਾਣ ਕਰਵਾਉਣ ਲਈ ਤਿਆਰ-ਬਰ-ਤਿਆਰ ਹੋ ਗਏ:

ਚਿੜੀਓ ਸੇ ਮੈਂ ਬਾਜ ਤੁੜਾਊ।।  
ਤਬੈ ਗੋਬਿੰਦ ਸਿੰਘ ਨਾਮ ਕਹਾਊ।।

ਆਓ! ਗੁਰੂ ਜੀ ਦੇ ਜੋਤੀ-ਜੋਤ ਪੁਰਬ ’ਤੇ ਉਨ੍ਹਾਂ ਨੂੰ ਸ਼ਰਧਾ ਸੁੰਮਨ ਪੇਸ਼ ਕਰਦੇ ਹੋਏ ਇਹ ਕਸਮ ਖਾਈਏ ਕਿ ਅਸੀਂ ਗੁਰੂ ਜੀ ਦੇ ਦਿੱਤੇ ਗਏ ’ਸਮਾਜਿਕ ਬਰਾਬਰੀ’ ਦੇ ਸਿਧਾਂਤ ਉੱਤੇ ਚੱਲਣ ਲਈ ਪਹਿਰਾ ਦਿਆਂਗੇ, ਜਾਤ-ਪਾਤ ਦੇ ਕੋਹੜ ਨੂੰ ਸਿਰੇ ਤੋਂ ਨਿਕਾਰਾਂਗੇ।

ਗੁਰੂ ਸਾਹਿਬ ਦੇ ‘ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ’ ਦੇ ਸਿਧਾਂਤ ਨੂੰ ਮਾਨਵਤਾ ’ਚ ਪਿਆਰ ਪੈਦਾ ਕਰਨ ਲਈ, ਅਮਲੀ ਜਾਮਾ ਪਹਿਨਾਵਾਂਗੇ। ਸਮਾਜ ’ਚ ਕਮਜ਼ੋਰ ਤੇ ਗਰੀਬ ਆਦਮੀਆਂ ’ਤੇ ਹੋ ਰਹੇ ਧੱਕੇ ਅਤੇ ਜ਼ੁਲਮ ਦਾ ਲੋਕਰਾਜੀ ਕਦਰਾਂ-ਕੀਮਤਾਂ ਨਾਲ ਟਾਕਰਾ ਕਰਾਂਗੇ। ਸਮਾਜ ’ਚ ਵੱਧ ਰਹੇ ਵਰਗਵਾਦ ਦੇ ਕੋਹੜ ਨੂੰ ਮਿਟਾਵਾਂਗੇ। ਗੁਰੂ ਸਾਹਿਬਾਨ ਦੇ ਅੰਤਰ ਰਾਸ਼ਟਰੀ ਨਾਅਰੇ ’ਸਰਬੱਤ ਦਾ ਭਲਾ’ ਨੂੰ ਅੰਤਰ ਰਾਸ਼ਟਰਵਾਦ ਦਾ ਰੂਪ ਦਿਆਂਗੇ। ਔਰਤ ਨੂੰ ਸਮਾਜ ’ਚ ਇੱਜ਼ਤ ਤੇ ਬਰਾਬਰੀ ਦਾ ਰੁਤਬਾ ਦਿਆਂਗੇ।

ਆਪਣੇ ਮਾਨਵੀ ਅਧਿਕਾਰਾਂ ਤੇ ਆਪਣੇ ਕਰਤੱਬਾਂ ਨੂੰ ਪਛਾਣਦੇ ਹੋਏ, ਮਾਨਵ ਹਿੱਤ ਲਈ ਵਰਤਾਂਗੇ। ਗੁਰੂ ਜੀ ਦੇ ਦਿਖਾਏ ਸੱਚੇ ਮਾਰਗ ’ਤੇ ਚੱਲਦਿਆਂ ਮਾਨਵਤਾ ਦੀ ਸੇਵਾ ਕਰਾਂਗੇ। ਇਨ੍ਹਾਂ ਉਕਤ ਅਮਲਾਂ ਨਾਲ ਹੀ ਗੁਰੂ ਸਾਹਿਬਾਨ ਵੱਲੋਂ ਸਿਰਜਿਆ ਗਿਆ ਵਧੀਆ ਮਾਨਵ ਬਣਨ ਦਾ ਸੁਪਨਾ ਦੁਨੀਆਂ ਦੇ ਕੋਨੇ-ਕੋਨੇ ’ਚ ਸਿਰਜਿਆ ਜਾ ਸਕਦਾ ਹੈ। ਮੇਰੇ ਵੱਲੋਂ ਭਾਰਤ ਦੀ ਇਸ ਮਹਾਨ ਸ਼ਖਸੀਅਤ ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੰਸਦਾਨੀ, ਵਿਦਵਤਾ ਦੇ ਮੁਜੱਸਮੇ, ਇਕ ਇਨਕਲਾਬੀ ਯੋਧੇ, ਕਰਮ ਯੋਗੀ, ਸੰਤ-ਸਿਪਾਹੀ, ਮਰਦ ਅਗੰਮੜੇ ਤੇ ਇਕ ਮਹਾਨ ਸਾਹਿਤਕਾਰ ਨੂੰ ਕੋਟਿ-ਕੋਟਿ ਪ੍ਰਣਾਮ।



ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ





# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।



ਬੇਨਤੀ ਕਰਤਾ ਸੰਗਤ ਦੇ ਦਾਸ

## ਸ. ਦਲਬੀਰ ਸਿੰਘ ਗਿੱਲ

## ਡਾਇਰੈਕਟਰ ਪ੍ਰਬੰਧਕ ਕਮੇਟੀ

ਗੁਰਦੁਆਰਾ ਸਾਹਿਬ, ਟਾਇਰਾ ਬਿਊਨਾ

ਯੂਬਾ ਸਿਟੀ (ਕੈਲੇਫੋਰਨੀਆ)



ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ






# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।

**ਅਖੰਡ ਪਾਠ ਸਾਹਿਬ ਦੀ ਲੜੀ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 17 ਸਤੰਬਰ ਤੋਂ ਸ਼ੁਰੂ ਹੈ, ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ 4 ਨਵੰਬਰ (ਸ਼ੁੱਕਰਵਾਰ) ਤੋਂ ਆਰੰਭ ਹੋ ਕੇ 6 ਨਵੰਬਰ ਦਿਨ ਐਤਵਾਰ ਨੂੰ ਸਵੇਰੇ 8 ਵਜੇ ਭੋਗ ਪੈਣਗੇ।



ਬੇਨਤੀ ਕਰਤਾ ਸੰਗਤ ਦੇ ਦਾਸ

## ਸ. ਗੁਰਨਾਮ ਸਿੰਘ ਪੰਮਾ

ਡਾਇਰੈਕਟਰ ਪ੍ਰਬੰਧਕ ਕਮੇਟੀ

ਗੁਰਦੁਆਰਾ ਸਾਹਿਬ, ਟਾਇਰਾ ਬਿਊਨਾ

ਯੂਬਾ ਸਿਟੀ (ਕੈਲੇਫੋਰਨੀਆ)

# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ




ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਉਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।




ਨਗਰ ਕੀਰਤਨ ਦੇ ਬਾਨੀ
ਸ. ਦੀਦਾਰ ਸਿੰਘ ਬੈਂਸ



ਸ. ਕਰਮ ਸਿੰਘ ਬੈਂਸ
ਅਟਾਰਨੀ




# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ




ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਉਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮ-ਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।

**ਬੇਨਤੀ ਕਰਤਾ ਸੰਗਤ ਦੇ ਦਾਸ**

## ਸ. ਕੁਲਤਾਰ ਸਿੰਘ ਚੀਮਾ

## 530-315-8237

ਉਘੇ ਕਿਸਾਨ, ਸਮਾਜ ਸੇਵਕ ਅਤੇ ਪੱਤਰਕਾਰ ਹਰਦਿਆਲ ਸਿੰਘ ਥਿਆੜਾ ਵੱਲੋਂ ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ

## ਉਜਾੜੇ ਵਸੇਬੇ ਦੇ ਸੰਘਰਸ਼ ਦੀ ਦਾਸਤਾਨ - ਹਰਦਿਆਲ ਸਿੰਘ ਥਿਆੜਾ

# ਹਰਦਿਆਲ ਸਿੰਘ ਥਿਆੜਾ ਨੇ ਕੀਤੀ ਇਲੈਕਟਰੋਨਿਕ ਕਾਰ ਈਜ਼ਾਦ

# ਹਵਾ ਨਾਲ਼ ਚਲਦੀ ਕਾਰ ਹਵਾ ਨਾਲ਼ ਕਰੇਗੀ ਗੱਲਾਂ






ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



ਹਰਦਿਆਲ ਸਿੰਘ ਥਿਆੜਾ

ਪੰਜਾਬ ਦੀ ਮਿੱਟੀ ਨੂੰ ਅਜਿਹਾ ਰੁਤਬਾ ਹਾਸਿਲ ਹੈ ਕਿ ਸਦੀਆਂ ਤੋਂ ਹੀ ਇਸ ਧਰਤੀ ਦੀ ਹਿੱਕ ਤੇ ਉਜਾੜੇ ਅਤੇ ਵਸੇਬੇ ਦਾ ਇਤਹਾਸ ਡੂੰਘਾ ਉਕਰਿਆ ਜਾਂਦਾ ਰਿਹਾ ਹੈ। ਪੰਜਾਬੀਆਂ ਦੇ ਪੈਰਾਂ ਹੇਠ ਸਫ਼ਰ ਦੀਆਂ ਲਕੀਰਾਂ ਵੀ ਉਨੀਆਂ ਹੀ ਡੂਘੀਆਂ ਹਨ। ਇਸ ਦਰਮਿਆਨ ਪੰਜਾਬੀਆਂ ਦੀ ਹਿੰਮਤ, ਦਲੇਰੀ, ਉਤਸ਼ਾਹ ਅਤੇ ਸੰਘਰਸ਼ ਦੀ ਗੁੜ੍ਹਤੀ ਨੇ ਇਨ੍ਹਾਂ ਨੂੰ ਸਥਾਪਤੀ ਦਾ ਰਾਹ ਦਿਖਾਇਆ ਹੈ। ਇਸ ਤਰ੍ਹਾਂ ਦੇ ਹੀ ਸਫ਼ਰ ਦਾ ਪਾਧੀਂ ਰਿਹਾ ਹੈ ਹਰਦਿਆਲ ਸਿੰਘ ਥਿਆੜਾ ਦੇ ਜੁਝਾਰੂ ਪੁਰਖ਼ਿਆਂ ਦਾ ਉਤਸ਼ਾਹੀ ਪਰਿਵਾਰ।

ਹਰਦਿਆਲ ਸਿੰਘ ਇਸ ਪਰਿਵਾਰ ਦੀ ਵਿਲੱਖਣ ਸਖ਼ਸ਼ੀਅਤ ਹੈ। ਜਿਸ ਨੇ ਸਦਾ ਉਸਾਰੂ ਸੋਚਿਆ ਅਤੇ ਨਿਭਾਇਆ ਹੈ। ਉਨ੍ਹਾਂ ਦੇ ਸੰਘਰਸ਼ ਦੀ ਰਾਹ ਦਾ ਸਿਖ਼ਰ ਮੁਕਾਮ ਇਹ ਹੈ ਕਿ ਉਸ ਨੇ ਆਪਣੇ ਕਾਰੀਗਰੀ, ਕਾਬਲੀਅਤ ਅਤੇ ਕਲਪਨਾ ਨੂੰ ਸਾਕਾਰ ਕਰ ਕੇ ਇੱਕ ਅਜਿਹੀ ਮੋਟਰ ਕਾਰ ਈਜ਼ਾਦ ਕੀਤੀ ਹੈ ਜੋ ਬਿਜਲੀ ਨਾ਼ਲ ਚਲਦੀ ਹੈ। ਜਿਸ ਉਮਰ ਵਿੱਚ ਆਮ ਲੋਕ ਕੰਮ ਕਰਨਾ ਛੱਡ ਦਿੰਦੇ ਹਨ, ਉਸ ਉਮਰ ਵਿੱਚ ਹਰਦਿਆਲ ਸਿੰਘ ਥਿਆੜਾ ਨੇ ਇਹ ਕਮਾਲ ਕਰ ਕੇ ਦਿਖਾਇਆ ਹੈ। ਇਸ ਵਿੱਚ ਇੱਕ ਵਾਧਾ ਹੋਰ ਕਿ ਇਹ ਇਲੈਕਟਰੋਨਿਕ ਕਾਰ ਦੇ ਜਨਰੇਟਰ ਹਵਾ ਨਾ਼ਲ ਚਲਦੇ ਹਨ। ਦਸ ਸਾਲ ਦੇ ਲੰਬੇ ਅਰਸੇ ਵਿੱਚ ਇਹ ਕਾਰ ਬਣਾਉਣ ਵਾਸਤੇ ਤਜ਼ਰਬੇ ਕੀਤੇ। ਉਨ੍ਹਾਂ ਨੇ ਇੱਕ ਕਾਰ ਦਾ ਇੰਜਣ ਕੱਢ ਕੇ ਇਲੈਕਟਰੋਨਿਕ ਬਣਾ ਦਿੱਤਾ। ਉਸ ਤੇ ਜਨਰੇਟਰ ਲਗਾ ਦਿੱਤੇ ਜੋ ਬੈਟਰੀਆਂ ਨੂੰ ਮੁੜ ਚਾਰਜ ਕਰਦੇ ਹਨ। ਇਹ ਜੈਨੇਰੇਟਰ ਹਵਾ ਨਾ਼ਲ ਚੱਲਦੇ ਹਨ। ਹਵਾ ਨਾ਼ਲ ਜਨਰੇਟਰ ਚਲਾ ਕੇ ਬਿਜਲੀ ਪੈਦਾ ਕਰ ਕੇ ਬੈਟਰੀ ਦੁਆਰਾ ਇੰਜਣ ਚਲਦਾ ਹੈ। ਇਸ ਕਾਰ ਵਿੱਚ ਪੈਟ੍ਰੋਲ ਨਹੀਂ ਪੈਂਦਾ। ਇਸ ਸਾਰੇ ਪ੍ਰਾਜੈਕਟ ਤੇ 23000 ਡਾਲਰ ਦਾ ਖਰਚਾ ਆਇਆ। ਇਸ ਤਰ੍ਹਾਂ ਤੇ ਅਨੋਖੀ ਅਤੇ ਇੱਕੋ ਇੱਕ ਕਾਰ ਦਾ ਪੈਟਰਨ ਇੰਡੀਆ ਅਤੇ ਅਮਰੀਕਾ ਵਿੱਚ ਭੇਜਿਆ ਗਿਆ। ਇਸ ਕਾਰ ਨੂੰ ਬਣਾ ਕੇ ਇਸ ਦੇ ਚਲਾਉਣ ਦੇ ਟਰਾਇਲ ਵੀ ਕੀਤੇ ਗਏ ਹਨ। ਇਸ ਕਾਰ ਸਿਟੀ ਨਾਂ ਦੀ ਕਾਰ ਦੀ ਸਪੀਡ 55 ਕਿਲੋਮੀਟਰ ਪ੍ਰਤੀ ਘੰਟਾ ਹੈ। ਅਮਰੀਕਾ ਵਿਚ ਇਸ ਦੀ ਰਜਿਸਟਰੇਸ਼ਨ 23 ਅਕਤੂਬਰ 2016 ਨੂੰ ਹਾਲ ਹੀ ਵਿੱਚ ਕਰਵਾਈ ਹੈ। ਇਸ ਨੂੰ ਵੱਖ-ਵੱਖ ਤਰੀਕਿਆਂ ਨਾ਼ਲ ਡਿਜ਼ਾਇਨ ਕਰਕੇ ਦੁਨੀਆਂ ਭਰ ਵਿੱਚ ਲਾਂਚ ਕੀਤਾ ਜਾ ਸਕਦਾ ਹੈ।

ਜ਼ਿੰਦਗੀ ਭਰ ਦੀ ਮਿਹਨਤ ਨਾ਼ਲ ਕੀਤੀ ਇਸ ਪ੍ਰਾਪਤੀ ਪਿੱਛੇ ਬਹੁਤ ਲੰਬੀ ਘਾ਼ਲਣਾ ਹੈ। ਜਿਸ ਵਿੱਚ ਇੱਕ ਖਿੱਤਾ ਛੱਡ ਦੂਸਰੇ ਵਿੱਚ ਫਿਰ ਤੇ ਝੰਡੇ ਗੱਡਣੇ ਤੇ ਲਹਿਰਾਉਣ ਦਾ ਸਫ਼ਰ ਹੈ। ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਦੀ ਬੱਬਰ ਅਕਾਲੀ ਲਹਿਰ ਦੇ ਸਿਪਾਹੀ ਸ. ਰਾਮ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਜਨਮੇ ਹਰਦਿਆਲ ਸਿੰਘ ਹੋਰਾਂ ਜ਼ਿੰਦਗੀ ਵਿੱਚ ਬੜਾ ਕੁਝ ਚੰਗਾ ਮਾੜਾ ਵਾਪਰਦਾ ਦੇਖਿਆ ਤੇ ਹੰਢਾਇਆ ਹੈ। ਸ. ਰਾਮ ਸਿੰਘ ਹੋਰੀਂ ਬੱਬਰ ਲਹਿਰ ਵਿੱਚ ਅੱਟਕ ਅਤੇ ਮੁਲਤਾਨ (ਪਾਕਿਸਤਾਨ) ਦੀਆਂ ਜੇਲ੍ਹਾਂ ਵਿੱਚ ਵੀ ਰਹੇ। ਅਖ਼ੀਰ ਦੇਸ਼ ਦੀ ਵੰਡ ਹੋਣ ਤੇ ਨੀਲੀ ਬਾਰ ਤੋਂ ਉੱਜੜ ਕੇ 1947 'ਚ ਭਾਰਤ ਆ ਗਏ। ਉੱਥੇ ਉਨ੍ਹਾਂ ਦੇ ਪਰਿਵਾਰ ਦੀ ਬੱਸਾਂ ਦੀ ਟਰਾਂਸਪੋਰਟ ਸੀ ਜੋ ਰਾਮ ਸਿੰਘ ਹੋਰਾਂ ਦੇ ਭਾਣਜੇ ਚਲਾ ਰਹੇ ਸਨ। ਸਭ ਕੁਝ ਉੱਧਰ ਹੀ ਛੱਡ ਕੇ ਆਉਣਾ ਪਿਆ। ਵੰਡ ਸਮੇਂ ਜਦੋਂ ਉਨ੍ਹਾਂ ਦਾ ਪਰਿਵਾਰ ਬੱਸ ਰਾਹੀਂ ਭਾਰਤ ਆਉਣ ਲੱਗਾ ਤਾਂ ਉਨ੍ਹਾਂ ਦੀ ਬੱਸ ਉੱਥੇ ਹੀ ਰੋਕ ਲਈ ਗਈ। ਜਦੋਂ ਮਾਤਾ ਸੁਰਜੀਤ ਕੌਰ ਬੱਸ ਵਿੱਚੋਂ ਅਟੈਚੀ ਅਤੇ ਟਰੰਕ ਵਿੱਚ ਕੀਮਤੀ ਸਮਾਨ ਪਾ ਕੇ ਭਾਰਤ ਵੱਲ ਵਧਣਾ ਚਾਹਿਆ ਤਾਂ ਉਹ ਵੀ ਕਿਸੇ ਨੇ ਖੋਹ ਲਿਆ। ਖਾਲੀ ਹੱਥ ਪੂਰਬੀ ਪੰਜਾਬ ਦੇ ਫਾਜ਼ਿਲਕਾ ਬੰਗਲਾ ਆ ਗਏ। ਬਹੁਤ ਹੀ ਔਖੇ ਅਤੇ ਕਰੜੇ ਸਮੇਂ ਵਿੱਚੋਂ ਲੰਘ ਕੇ ਉਹ ਹਿਸਾਰ ਪਹੁੰਚੇ ਜਿੱਥੇ ਉਨ੍ਹਾਂ ਨੂੰ ਬੱਸਾਂ ਦੇ ਪਰਮਿਟ ਅਲਾਟ ਕੀਤੇ ਜਿਸ ਤੇ ਉਨ੍ਹਾਂ ਨੇ ਨੀਲੀਬਾਰ ਨਾਮ ਦੀ ਬੱਸ ਕੰਪਨੀ ਚਲਾਈ ਜਿਸ ਦੇ ਪੰਜਾਹ ਮੀਲ ਦੇ ਆਲੇ ਦੁਆਲੇ ਦੀ ਰੂਟ ਸਨ। ਸ. ਥਿਆੜਾ ਨੇ ਦੱਸਿਆ ਕਿ ਜਦੋਂ ਇੱਧਰਲੇ ਪੰਜਾਬ ਦੀ ਵੰਡ ਹੋਈ ਤਾਂ ਹਰਿਆਣਾ ਦਾ ਪਹਿਲਾ ਮੁੱਖ ਮੰਤਰੀ ਬੰਸੀ ਲਾਲ ਬਣਿਆ। ਉਸ ਨੇ ਹਿੰਦੂ, ਸਿੱਖਾਂ ਦੀਆਂ ਸਾਰੀਆਂ ਬੱਸਾਂ ਦਾ ਰਾਸ਼ਟਰੀਕਰਨ ਕਰ ਕੇ ਫਿਰ ਤੋਂ ਉਜਾੜ ਦਿੱਤਾ ਗਿਆ। ਮੁੜ ਵਸੇਬੇ ਵਾਸਤੇ ਜੱਦੋ ਜਹਿਦ ਦੇ ਨਾ਼ਲ ਨਾ਼ਲ ਪਿਤਾ ਸ. ਰਾਮ ਸਿੰਘ ਨੇ ਗੁਰਦੁਆਰਿਆਂ ਦੀ ਅਜ਼ਾਦੀ ਵਾਸਤੇ ਵੀ ਬੜਾ ਅਹਿਮ ਯੋਗਦਾਨ ਪਾਇਆ। ਭਾਰਤ ਦੀ ਅਜ਼ਾਦੀ ਵਿੱਚ ਯੋਗਦਾਨ ਪਾਉਣ ਤੇ ਸਰਕਾਰ ਵਲੋਂ ਕੋਈ ਵੀ ਮਾਣ-ਸਨਮਾਨ ਨਹੀਂ ਦਿੱਤਾ ਗਿਆ। ਹਿਸਾਰ ਵਿੱਚ ਕਾਰੋਬਾਰ ਦੇ ਨਾ਼ਲ ਪੰਜਾਬ ਵਿੱਚ ਟਾਂਡੇ ਲਾਗੇ ਦੇ ਪਿੰਡ ਬੱਸੀ ਜਲਾਲ ਵਿੱਚ ਖੇਤੀ ਵੀ ਕਰਦੇ ਰਹੇ ਪਰ ਬਾਅਦ ਵਿੱਚ ਉੱਥੋਂ ਦੀ 6 ਏਕੜ ਜ਼ਮੀਨ ਵੇਚ ਕੇ ਫਿਰ ਇੱਕ ਵਾਰ ਡੇਰਾ ਪੱਟਿਆ ਤੇ ਫਿਰ ਗੜ੍ਹਸ਼ੰਕਰ ਤਹਿਸੀਲ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿੰਡ ਬੀਰਮਪੁਰ ਵਿੱਚ ਜਾ ਡੇਰਾ ਲਾਇਆ ਜਿੱਥੇ 36 ਏਕੜ ਜ਼ਮੀਨ ਲੈ ਕੇ ਵਸੇਬਾ ਕੀਤਾ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਵਿੱਚ ਲੰਬਾ ਸਮਾਂ ਕੰਮ ਕਰਨ ਤੋਂ ਬਾਅਦ ਇੱਕ ਵਾਰ ਉਨ੍ਹਾਂ ਦੇ ਪਿਤਾ ਨੂੰ ਵਿਧਾਨ ਸਭਾ ਟਿਕਟ ਸਿਆਸੀ ਪੱਖਪਾਤ ਕਰ ਕੇ ਨਹੀਂ ਦਿੱਤੀ ਗਈ। ਕਿਉਂਕਿ ਉਨ੍ਹਾਂ ਪਿਤਾ ਦੀ ਸਿਆਸੀ ਸਾਂਝ ਜਗਜੀਤ ਸਿੰਘ ਚੌਹਾਨ ਨਾ਼ਲ ਸੀ। ਉਨ੍ਹਾਂ ਦੇ ਪਿਤਾ ਟਾਂਡਾ ਦੀ ਸੁਸਾਇਟੀ ਦੇ ਲੰਬਾ ਸਮਾਂ ਉਪ ਪ੍ਰਧਾਨ ਰਹੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾ਼ਲ ਵੀ ਉਨ੍ਹਾਂ ਦੀ ਵਿਚਾਰਕ ਸਾਂਝ ਕਰਕੇ ਉਹ ਹਰਿਮੰਦਰ ਸਾਹਿਬ ਵੀ ਰਹੇ। ਸਾਰੀ ਉਮਰ ਪੱਟ ਥੱਲ ਦੀ ਜ਼ਿੰਦਗੀ ਵਿੱਚ ਸਥਾਪਤੀ ਲਈ ਗਤੀਸ਼ੀਲ ਰਹਿਣ ਵਾਲੇ ਸਮਾਜ ਸੇਵੀ ਸ. ਰਾਮ ਸਿੰਘ ਦਾ 1995 ਵਿੱਚ 105 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ।



**ਰੇਸ਼ਮ ਕਰਨਾਣਵੀ**
**98158 80104**

ਹਰਦਿਆਲ ਸਿੰਘ ਹੋਰੀਂ ਤਿੰਨ ਭੈਣਾਂ ਤਿੰਨ ਭਰਾ ਹਨ। ਜਿਨ੍ਹਾਂ 'ਚੋਂ ਦੋ ਭਰਾ ਭਾਰਤ ਵਿੱਚ ਅਤੇ ਬਾਕੀ ਦੇ ਭੈਣਾਂ ਭਰਾ ਅਮਰੀਕਾ, ਕਨੇਡਾ, ਜਰਮਨ ਵਿੱਚ ਵਸੇ ਹੋਏ ਹਨ। ਆਪਣੀ ਪੜ੍ਹਾਈ ਸਬੰਧੀ ਉਨ੍ਹਾਂ ਦੱਸਿਆ ਕਿ ਜਦੋਂ ਉਹ ਛੇਵੀਂ ਜਮਾਤ ਵਿਚ ਟਾਂਡਾ ਦੇ ਹਾਈ ਸਕੂਲ 'ਚ ਪੜ੍ਹਦੇ ਸਨ ਤਾਂ ਉਨ੍ਹਾਂ ਨੂੰ ਗਠੀਆ ਹੋ ਗਿਆ ਬਹੁਤ ਜ਼ਿਆਦਾ ਇਲਾਜ ਕਰਵਾਉਣ ਦੇ ਬਾਵਜੂਦ ਠੀਕ ਨਾ ਹੋਏ ਪੜ੍ਹਾਈ ਛੱਡਣੀ ਪਈ ਤੇ ਕਮਜ਼ੋਰੀ ਬਹੁਤ ਹੋ ਗਈ। ਫਿਰ ਉਨ੍ਹਾਂ ਨੂੰ ਹਿਸਾਰ ਲੈ ਗਏ ਤੇ ਪਾਣੀ ਬਦਲਣ ਨਾ਼ਲ ਦੋ ਸਾਲ ਦੇ ਅਰਸੇ ਬਾਅਦ ਠੀਕ ਹੋ ਗਏ ਤੇ ਆਪਣੀ ਬੱਸਾਂ ਦੀ ਕੰਪਨੀ ਵਿੱਚ ਮਕੈਨਕੀ ਸਿੱਖ ਕੇ ਮਾਹਰ ਮਕੈਨਿਕ ਬਣ ਗਏ। 1968 ਵਿਚ ਇੱਕ ਟਰੈਕਟਰ ਲੈ ਕੇ ਆਪਣੀ ਅਤੇ ਹੋਰ ਲੋਕਾਂ ਦੀਆਂ ਜ਼ਮੀਨਾਂ ਦੀ ਵਾਹੀ ਵੀ ਕੀਤੀ। ਹਰਦਿਆਲ ਸਿੰਘ ਹੋਰੀਂ 1973 ਤੋਂ 1975 ਤੱਕ ਦੋ ਸਾਲ ਕਨੇਡਾ ਵੀ ਗਏ ਜਿੱਥੇ ਸੇਬਾਂ ਦੇ ਬਾਗ਼ਾਂ ਵਿੱਚ ਕੰਮ ਕੀਤਾ। ਵਿੰਨੀਪੈਗ ਦੀਆਂ ਖਾਣਾਂ 'ਚ ਵੀ ਕੰਮ ਕੀਤਾ।

1980 ਵਿੱਚ ਉਨ੍ਹਾਂ ਨੂੰ ਖੇਤੀ ਵਿੱਚ ਆਲੂਆਂ ਦੇ ਫਸਲ ਦੀ ਘਾਟੇ ਨੇ ਫਿਰ ਹਿਲਾ ਕੇ ਰੱਖ ਦਿੱਤਾ। ਫਿਰ ਉਹ ਜਨਵਰੀ 1981 ਵਿੱਚ ਅਮਰੀਕਾ ਆ ਗਏ। ਜਿੱਥੇ ਖਾਣਾਂ ਵਿਚ ਕੰਮ ਕੀਤਾ ਤੇ ਖੇਤਾਂ ਵਿਚ ਵਾਹੀ ਵੀ। ਉਨ੍ਹਾਂ ਦਾ ਸੰਪਰਕ ਇਰਾਨ ਤੋਂ ਆਏ ਲੋਕਾਂ ਨਾ਼ਲ ਪਿਆ ਜਿਨ੍ਹਾਂ ਨੇ 314 ਏਕੜ ਜ਼ਮੀਨ ਖਰੀਦੀ ਸੀ ਤੇ ਇੱਕ ਡਰਾਈਵਰ ਦੀ ਭਾਲ ਸੀ। ਜਦੋਂ ਉਨ੍ਹਾਂ ਨਾ਼ਲ ਮਿਲਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੈਂ ਡਰਾਈਵਰ ਨਹੀਂ ਮਾਲਕ ਬਣਨ ਦਾ ਚਾਹਵਾਨ ਹਾਂ ਤਾਂ ਇਰਾਨੀਆਂ ਨੇ 25000 ਡਾਲਰ ਦਾ ਹਿੱਸਾ ਪਾਉਣ ਲਈ ਕਿਹਾ ਤੇ ਹਰਦਿਆਲ ਸਿੰਘ ਹੋਰੀਂ ਦੋਸਤਾਂ ਮਿੱਤਰਾਂ ਤੋਂ ਪੈਸੇ ਦਾ ਪ੍ਰਬੰਧ ਕਰਕੇ ਹਿੱਸੇਦਾਰ ਬਣ ਗਏ। ਪਰ ਤਿੰਨ ਮਹੀਨੇ ਬਾਅਦ ਇੱਕ ਦੁਰਘਟਨਾ ਵਿਚ ਗੰਭੀਰ ਜ਼ਖ਼ਮੀ ਹੋ ਗਏ। ਜਿਸ ਤੇ ਬੀਮਾ ਕੰਪਨੀ ਵਲੋਂ 50,000 ਡਾਲਰ ਦੀ ਬੀਮਾ ਰਾਸ਼ੀ ਦਿੱਤੀ ਗਈ। ਜਿਸ ਵਿੱਚ 25000 ਡਾਲਰ ਵਾਪਸ ਕਰ ਦਿੱਤੇ ਤੇ ਜ਼ਮੀਨ ਵਿੱਚੋਂ ਹਿੱਸੇਦਾਰੀ 'ਚੋਂ ਦੋ ਲੱਖ ਡਾਲਰ ਦਾ ਮੁਨਾਫ਼ਾ ਹੋਇਆ ਜਿਸ ਨਾ਼ਲ ਉਨ੍ਹਾਂ ਨੇ 1993 ਵਿਚ ਬਦਾਮਾਂ ਦਾ 44 ਏਕੜ ਦਾ ਬਾਗ਼ ਖਰੀਦਿਆ। ਇਸ ਦੌਰਾਨ ਉਨ੍ਹਾਂ ਨੇ ਆਪਣੇ ਪਰਿਵਾਰ ਜਿਸ ਵਿੱਚ ਉਨ੍ਹਾਂ ਦੇ ਲੜਕੇ ਉਂਕਾਰ ਸਿੰਘ, ਜਤਿੰਦਰ ਸਿੰਘ ਅਤੇ ਲੜਕੀ ਹਰਪ੍ਰੀਤ ਕੌਰ ਨੂੰ ਵੀ ਅਮਰੀਕਾ ਸੱਦ ਲਿਆ।

1981 ਤੋਂ 1984 ਤੱਕ ਗੁਰਦੁਆਰਿਆਂ ਵਿੱਚ ਸਿੱਖਾਂ ਦੇ ਹੱਕਾਂ ਦੇ ਹੱਕ ਵਿਚ ਅਤੇ ਭਾਰਤ ਸਰਕਾਰ ਖਿਲਾਫ਼ ਪ੍ਰਚਾਰ ਕਰਨ ਕਰਕੇ ਭਾਰਤ ਸਰਕਾਰ ਵਲੋਂ ਉਨ੍ਹਾਂ ਦੇ ਭਾਰਤ ਆਉਣ ਤੇ ਰੋਕ ਲਗਾ ਦਿੱਤੀ ਗਈ। ਜਿਸ ਕਰਕੇ ਉਹ ਆਪਣੇ ਬੱਚਿਆਂ ਦੀ ਸ਼ਾਦੀ ਅਤੇ ਮਾਤਾ ਪਿਤਾ ਦੀ ਮੌਤ ਹੋਣ ਤੇ ਵੀ ਭਾਰਤ ਨਹੀਂ ਆ ਸਕੇ। 1983 ਵਿੱਚ ਉਨ੍ਹਾਂ ਵਲੋਂ ਸਹਿਯੋਗੀਆਂ ਨਾ਼ਲ ਮਿਲ ਕੇ ਪੰਥ ਖਾਲਸਾ, ਪੰਜਾਬ ਨਿਊਜ਼ ਅਖ਼ਬਾਰ ਵੀ ਇੱਕ ਸਾਲ ਤੱਕ ਚਲਾਈਆਂ।

ਅਖ਼ੀਰ 2008 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਹੋਰਾਂ ਨੂੰ ਚਿੱਠੀ ਲਿਖ ਕੇ ਆਪਣੇ ਪਿਤਾ ਦੇ ਦੇਸ਼ ਵਾਸਤੇ ਕੀਤੇ ਕੰਮਾਂ ਅਤੇ ਹੱਕ ਸੱਚ ਵਾਸਤੇ ਬੋਲਣ ਦੇ 'ਗੁਨਾਹ' ਨੂੰ ਮੁਆਫ਼ ਕਰਨ ਵਾਸਤੇ ਦੱਸਿਆ ਤਾਂ ਡਾ. ਮਨਮੋਹਨ ਸਿੰਘ ਹੋਰਾਂ ਨੇ ਫੋਨ ਤੇ ਵੀਜਾ ਦੇਣ ਦੀ ਮਨਜ਼ੂਰੀ ਸਬੰਧੀ ਗੱਲਬਾਤ ਵੀ ਕੀਤੀ। ਉਨ੍ਹਾਂ ਨੇ ਸਾਨਫਰਾਂਸਿਸਕੋ ਦੇ ਕਾਂਉਂਸਲਰ ਨੂੰ ਚਿੱਠੀ ਲਿਖ ਕੇ ਵੀਜਾ ਸਬੰਧੀ ਆਗਿਆ ਦਿੱਤੀ। ਹੁਣ 2008 ਤੋਂ ਲੈ ਕੇ ਭਾਰਤ ਆਉਣ ਜਾਣਾ ਬਣਿਆ ਰਹਿੰਦਾ ਹੈ।

ਹਰਦਿਆਲ ਸਿੰਘ ਥਿਆੜਾ ਹੋਰੀਂ ਦੇ ਨੇਕ ਸੁਭਾਅ ਦਾ ਹਿੱਸਾ ਹੈ ਹਰ ਵਕਤ ਚੜ੍ਹਦੀ ਕਲਾ ਵਿੱਚ ਰਹਿਣਾ, ਕਾਰਜਸ਼ੀਲ ਰਹਿਣਾ ਅਤੇ ਕਲਪਨਾ ਨੂੰ ਤਕਨੀਕ ਨਾ਼ਲ ਸਾਕਾਰ ਕਰਨ ਲਈ ਯਤਨਸ਼ੀਲ ਰਹਿਣਾ।

ਨਿਰਸਵਾਰਥ ਸੇਵਾ ਭਾਵਨਾ, ਜਾਤੀ ਭੇਦ-ਭਾਵ ਤੋਂ ਸਦਾ ਹੀ ਦੂਰੀ ਅਤੇ ਸਭ ਦੀ ਮੱਦਦ ਵਾਸਤੇ ਤਤਪਰਤਾ ਉਨ੍ਹਾਂ ਨੂੰ ਪੰਜਾਬ ਰਹਿੰਦਿਆਂ ਹੀ ਵਿਰਸੇ 'ਚੋਂ ਮਿਲੀ ਹੈ। ਕਾਮਨਾ ਹੈ ਕਿ ਅਮਰੀਕਾ ਵਸਦੇ ਹਰਦਿਆਲ ਸਿੰਘ ਥਿਆੜਾ ਦੇ ਜੀਵਨ ਵਿੱਚ ਵਿਲੱਖਣ ਕਾਰਜਾਂ ਨੂੰ ਅੰਜ਼ਾਮ ਦੇਣ ਦੀ ਸ਼ਕਤੀ ਬਰਕਰਾਰ ਰਹੇ ਅਤੇ ਸਰਬੱਤ ਦੇ ਭਲੇ ਵਾਸਤੇ ਯਤਨ ਜਾਰੀ ਰਹਿਣ।

*****






ਆਜ਼ਾਦੀ ਲਈ ਅਤੇ ਕੌਮ ਲਈ ਸੰਘਰਸ਼ ਕਰਨ ਵਾਲੇ ਥਿਆੜਾ ਪਰਿਵਾਰ ਨੂੰ ਮਿਲੇ ਮਾਣ-ਸਨਮਾਨ ਅਤੇ ਤਾਮਰ ਪੱਤਰ



ਹਰਦਿਆਲ ਸਿੰਘ ਥਿਆੜਾ ਆਪਣੇ ਪਰਿਵਾਰ ਨਾਲ




# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਉਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।

**ਬੇਨਤੀ ਕਰਤਾ ਸੰਗਤ ਦੇ ਦਾਸ**

# ਸ. ਸੁਖਵਿੰਦਰ ਸਿੰਘ ਸੈਣੀ

**Days Inn**

700 N. Palora Avenue
Yuba City, CA 95991

**Sukhvinder Singh**
daysinnyc@ymail.com
saini_sukhvinder@ymail.com

Ph. 530-674-1711
Cell 530-713-2805
Fax 530-822-0180

*For Reservations Call 530-674-1711*
*www.DaysInn.com*
**Ask for special low rates for 3 nights & weekly**



ਸੁਖਵਿੰਦਰ ਸਿੰਘ ਸੈਣੀ

530-713-2805

# ਰਾਜਾ ਸਵੀਟਸ ਦੇ ਮੱਖਣ ਬੈਂਸ, ਸਰਬਜੀਤ ਗਿੱਲ ਤੇ ਸਮਾਈਲ ਧੀਰ ਦੁਆਰਾ ਜਿਮ ਨਵਾਰੋ ਦੀ ਚੋਣ ਮੁਹਿੰਮ ਲਈ ਫੰਡ ਰੇਜ਼ਿੰਗ




ਯੂਨੀਅਨ ਸਿਟੀ ਦੇ ਮੇਅਰ ਲਈ ਚੋਣ ਲੜ ਰਹੇ ਸ੍ਰੀ ਜਿਮ ਨਵਾਰੋ ਦੀ ਹਮਾਇਤ ਵਿਚ ਉਤਰੇ ਸ. ਸਰਬਜੀਤ ਸਿੰਘ ਗਿੱਲ, ਸਮਾਈਲ ਗਿੱਲ ਅਤੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਨੇ ਬੀਤੇ ਦਿਨੀਂ ਸਿੱਖ ਭਾਈਚਾਰੇ ਦੀ ਹਮਾਇਤ ਅਤੇ ਮੇਅਰ ਲਈ ਚੋਣ ਲੜ ਰਹੇ ਜਿਮ ਨਵਾਰੋ ਲਈ ਫੰਡ ਰੇਜ਼ਿੰਗ ਕੀਤੀ ਗਈ। ਰਾਜਾ ਸਵੀਟਸ ਵਿਖੇ ਆਯੋਜਿਤ ਇਸ ਪ੍ਰੋਗਰਾਮ ਦਰਮਿਆਨ ਕਈ ਹੋਰ ਸ਼ਖਸੀਅਤਾਂ ਤੋਂ ਇਲਾਵਾ ਸੈਮ ਚੱਠਾ, ਐਂਡੀ ਚੱਠਾ, ਜਸਜੀਤ ਸਿੰਘ ਖਾਲਸਾ, ਕਸ਼ਮੀਰ ਸਿੰਘ ਸਾਹੀ, ਜਸਵਿੰਦਰ ਸਿੰਘ ਜੰਡੀ, ਕੰਵਰ ਸਿੰਘ, ਸਰੂਪ ਸਿੰਘ, ਏ. ਜੇ. ਨਿਜਰ ਬਿੱਟੂ, ਭੁਪਿੰਦਰ ਸਿੰਘ ਰੰਧਾਵਾ, ਟੀ. ਜੇ. ਧਾਮੀ, ਚੰਦਰ ਪਾਲ ਅਤੇ ਬੇਅਰ ਏਰੀਆ ਆਟੋ ਫਾਇਨਾਂਸ ਤੋਂ ਸ਼ਾਮਲ ਹੋਏ। ਇਸ ਮੌਕੇ ਆਯੋਜਕਾਂ ਨੇ ਸਾਰੇ ਸਿੱਖ ਭਾਈਚਾਰੇ ਨੂੰ ਬੇਨਤੀ ਕੀਤੀ ਕਿ ਉਹ ਯੂਨੀਅਨ ਸਿਟੀ ਦੇ ਅਗਲੇ ਮੇਅਰ ਲਈ ਸ੍ਰੀ ਜਿਮ ਨਵਾਰੋ ਦੀ ਚੋਣ ਕਰਨ ਅਤੇ ਉਹਨਾਂ ਨੂੰ ਆਪਣੀ ਵੋਟ ਦੇ ਨਾਲ ਵਿੱਤੀ ਮਦਦ ਵੀ ਕਰਨ। ਸ੍ਰੀ ਮੱਖਣ ਬੈਂਸ ਨੇ ਇਸ ਮੌਕੇ ਕਿਹਾ ਕਿ ਉਹ ਆਪਣੇ ਸਾਰੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਬੇਨਤੀ ਕਰਦੇ ਹਨ ਕਿ ਉਹ ਜਿਮ ਨਵਾਰੋ ਦੀ ਸਪੋਰਟ ਕਰਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਭਗਵਾਨ ਵਾਲਕੀਕ ਜੀ ਦਾ ਪ੍ਰਕਾਸ਼ ਉਤਸਵ, ਦੀਵਾਲੀ ਅਤੇ ਬੰਦੀ ਛੋੜ ਦਿਵਸ ਮਨਾਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 30 ਅਕਤੂਬਰ ਦਿਨ ਐਤਵਾਰ ਨੂੰ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। 28 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਏ ਅਤੇ 30 ਅਕਤੂਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਮਰਜੀਤ ਸਿੰਘ ਲਾਲੀ ਜੀ ਨੇ ਵੀ ਕੀਰਤਨ ਦੁਆਰਾ ਆਪਣੀ ਹਾਜ਼ਰੀ ਲਗਵਾਈ। ਭਾਈ ਗੁਰਦੀਪ ਸਿੰਘ ਹੀਰੇ ਨੇ ਸਟੇਜ



ਸਕੱਤਰ ਦੀ ਸੇਵਾ ਨਿਭਾਉਂਦੇ ਹੋਏੈ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਤਨਾਮ ਸਿੰਘ ਯੂਬਾ ਸਿਟੀ ਵਾਲਿਆਂ ਨੇ ਛੋਲੇ-ਪੂੜੀਆਂ ਅਤੇ ਜਲੇਬੀਆਂ ਦੀ ਸੇਵਾ ਕੀਤੀ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਬੀਤੇ 30 ਅਕਤੂਬਰ ਵਾਲੇ ਦਿਨ ਹੀ ਗੁਰੂ ਘਰ ਵਿਖੇ ਬੰਦੀ ਛੋੜ ਦਿਵਸ ਮਨਾਏ ਗਏ। ਸ਼ਾਮ ਵੇਲੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀ ਕਤਵਿ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।


## ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ



ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਉਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।

A & S

Auto Repair & Services

Dealer Recommended Service Shocks/Struts A/C Servics

Diagnose check Engine light pre-buyers inspection tune-ups and more

10% of any repair of $ $75.00 or More

Free Tire Rotation and Brake Inspection with purchase of Oil Service for most cars

Specializing in Brakes & Axles

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673



ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ




# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।

# ਸ. ਤੇਜਿੰਦਰ ਸਿੰਘ ਦੁਸਾਂਝ

## ਸਾਬਕਾ ਮੁੱਖ ਸੇਵਾਦਾਰ

ਗੁਰਦੁਆਰਾ ਸਾਹਿਬ, ਟਾਇਰਾ ਬਿਊਨਾ

ਯੂਬਾ ਸਿਟੀ (ਕੈਲੇਫੋਰਨੀਆ)

ਅਤੇ ਸਮੂਹ ਦੁਸਾਂਝ ਪਰਿਵਾਰ



# ਸ਼ਹੀਦ ਸ. ਭਗਤ ਸਿੰਘ ਨਾਲ ਮੇਰੀ ਜਾਣ ਪਛਾਣ

## ਮਾਸਟਰ ਕਾਬੁਲ ਸਿੰਘ "ਗੋਬਿੰਦਪੁਰੀ"



**ਐੱਸ ਬਲਵੰਤ ਦੀ ਨਵੀਂ ਪ੍ਰਕਾਸ਼ਿਤ ਪੁਸਤਕ "ਗੁਮਨਾਮ ਸਿਪਾਹੀ" 'ਚੋਂ :**

ਮੈਂ, ਪਹਿਲੀ ਵਾਰ ਇਕ ਸਾਲ ਦੀ ਸਜ਼ਾ ਭੁਗਤ ਕੇ 1922 ਦੇ ਅਖੀਰ 'ਚ ਕੈਂਪ ਜੇਲ੍ਹ ਮਿੰਟਗੁਮਰੀ ਤੋਂ ਰਿਹਾਅ ਹੋਇਆ ਸਾਂ। ਮੇਰੇ ਕੈਦ ਹੋਣ ਪਿਛੋਂ ਮੇਰੇ ਸਾਥੀ-ਮਾਸਟਰ ਦਲੀਪ ਸਿੰਘ ਜੀ, ਸ. ਕਰਮ ਸਿੰਘ ਜੀ ਝਿੰਗੜ, ਸ. ਕਰਮ ਸਿੰਘ ਜੀ ਦੌਲਤਪੁਰੀ, ਸ. ਧੰਨਾ ਸਿੰਘ ਜੀ ਬੈਹਲਪੁਰੀ, ਸ. ਉਦੇ ਸਿੰਘ ਜੀ ਤੇ ਸ. ਕਿਸ਼ਨ ਸਿੰਘ ਜੀ ਆਦਿ ਬੱਬਰ ਅਕਾਲੀ ਬਣ ਮਫਰੂਰ ਹੋ ਚੁੱਕੇ ਸਨ। ਏਹ ਸਾਰੇ ਸੱਜਣ "ਬੱਬਰ ਅਕਾਲੀ ਦੋਆਬਾ" ਨਾਮ ਦਾ ਹਫ਼ਤੇਵਾਰ ਅਖ਼ਬਾਰ ਕਢਦੇ ਸਨ। ਅਖ਼ਬਾਰ ਕੈਂਪ ਜੰਗਲ ਵਿਚੋਂ ਉਡਾਰੂ ਪਰੈਸ ਤੋਂ ਸੈਕਲੋ ਸਟਾਈਲ 'ਚ ਛਪਦਾ ਸੀ, ਅਖ਼ਬਾਰ ਦੇ ਕੁਝ ਕੁ ਇਸ਼ੂ ਸਾਨੂੰ ਮਿੰਟਗੁਮਰੀ ਜੇਲ੍ਹ 'ਚ ਕਿਸੇ ਨਾ ਕਿਸੇ ਤਰ੍ਹਾਂ ਪੁਚਾਏ ਜਾਂਦੇ ਸਨ।

ਮੇਰੇ ਰਿਹਾ ਹੁੰਦਿਆਂ ਹੀ ਬਹੁਤ ਸਾਰੇ ਸਾਥੀ ਮਿਲਨ ਆਏ ਤੇ ਮੈਨੂੰ ਪਹਾੜ ਵਲ ਸੈਰ ਲਈ ਲੈ ਗਏ।

ਉਨ੍ਹੀਂ ਦਿਨੀਂ ਜਥੇਦਾਰ ਕਰਮ ਸਿੰਘ ਜੀ ਹੁਰੀਂ ਦੋਸ਼ੀਆਂ ਦੀ ਲਿਸਟ ਬਣਾ ਰਹੇ ਸਨ ਤੇ ਫੈਸਲਾ ਕਰ ਰਹੇ ਸਨ ਕਿ ਕਿਸ ਜੁਰਮ ਦੀ ਕੀ ਸਜ਼ਾ ਹੋਵੇ? ਮੈਂ ਤਾਂ ਦੋ ਕੁ ਮਹੀਨੇ ਬਾਹਰ ਰਹਿਣ ਉਪਰੰਤ ਫਿਰ ਫੜ੍ਹਿਆ ਗਿਆ ਤੇ ਮੇਰੇ ਪਿਛੋਂ ਇਨ੍ਹਾਂ ਨੇ ਇਕ ਲੰਬੀ ਚੌੜੀ ਲਿਸਟ ਬਣਾ ਕੇ ਦੇਸ਼-ਧਰੋਹੀਆਂ ਨੂੰ ਕਤਲ ਕਰਨਾ ਆਰੰਭ ਦਿੱਤਾ।

ਸਾਥ ਹੀ ਇਕ ਚਿੱਠੀ (ਜਥੇਦਾਰ ਕਰਮ ਸਿੰਘ ਜੀ ਦੌਲਤਪੁਰੀ, ਸ. ਧੰਨਾ ਸਿੰਘ ਜੀ ਬੈਹਲ ਪੁਰੀ ਤੇ ਸ. ਉਦੇ ਸਿੰਘ ਜੀ ਰਾਮਗੜ੍ਹ ਝੁੰਗੀਆਂ) ਦੇ ਦਸਤਖ਼ਤਾਂ ਹੇਠ ਪੰਜਾਬ ਸਰਕਾਰ ਨੂੰ ਘੱਲ ਦਿੱਤੀ ਗਈ ਅਤੇ ਬੱਬਰ ਅਕਾਲੀ ਦੋਆਬਾ ਵਿਚ ਪ੍ਰਕਾਸ਼ਿਤ ਕਰ ਦਿੱਤੀ ਗਈ। ਉਸਦਾ ਹੈਡਿੰਗ ਸੀ, "ਪੰਜਾਬ ਸਰਕਾਰ ਦੇ ਨਾਮ ਸਾਡੀ ਖੁੱਲ੍ਹੀ ਚਿੱਠੀ।"ਉਸ ਚਿੱਠੀ 'ਚ ਉਨ੍ਹਾਂ ਲਿਖਿਆ ਸੀ ਕਿ ਅਮਕੇ-2 ਆਦਮੀ ਨੂੰ ਅਸੀਂ ਕਤਲ ਕੀਤਾ ਹੈ ਤੇ ਅਮਕੇ-2 ਆਦਮੀਆਂ ਦੀ ਲਿਸਟ ਬਣਾਈ ਹੈ, ਜਿਨ੍ਹਾਂ ਨੂੰ ਉਨ੍ਹਾਂ ਦੇ ਦੋਸ਼ਾਂ ਅਨੁਸਾਰ ਸਜ਼ਾ ਦਿੱਤੀ ਜਾਏਗੀ।ਪਰ ਏਸ ਸਭ ਕੁਝ ਦੀ ਜ਼ੁੰਮੇਵਾਰੀ ਸਾਡੇ ਤਿੰਨਾਂ ਦੇ ਸਿਰ ਹੈ। ਜੋ ਉਨ੍ਹਾਂ ਕਤਲਾਂ ਦਾ ਮੁਆਵਜ਼ਾ ਜਾਂ ਸਜ਼ਾ ਦੇਣੀ ਹੋਵੇ, ਅਸਾਨੂੰ ਮਿਲੇ। ਨਾਲ ਹੀ ਸਾਡਾ ਏਹ ਵੀ ਅਟੱਲ ਫੈਸਲਾ ਹੈ ਕਿ ਅਸੀਂ ਜੀਉਂਦੇ ਜੀਅ ਹੱਥ ਨਹੀਂ ਆਉਣਾ। ਕੁਝ ਕੁ ਕਤਲਾਂ ਤੇ ਏਸ ਚਿੱਠੀ ਦੇ ਛਪਣ ਤੋਂ ਉਪਰੰਤ ਸਾਰੇ ਇਲਾਕੇ 'ਚ ਤਹਿਲਕਾ ਮੱਚ ਗਿਆ। ਸਾਰੇ ਦੁਆਬੇ 'ਚ ਗਰਮੀ ਜਿਹੀ ਆ ਗਈ। ਸਰਕਾਰ ਨੇ ਸੈਂਕੜੇ ਘੋੜ-ਅਸਵਾਰ ਤੇ ਪੈਦਲ ਸਿਪਾਹੀ ਇਨ੍ਹਾਂ ਸੂਰਮਿਆਂ ਨੂੰ ਫੜਨ ਲਈ ਨਿਯਤ ਕਰ ਦਿੱਤੇ।

ਇਨ੍ਹਾਂ ਬੱਬਰ ਅਕਾਲੀਆਂ ਦੀ ਗ੍ਰਿਫਤਾਰੀ ਦੀ ਆੜ ਵਿਚ ਇਲਾਕੇ ਦੀਆਂ ਬਹੁਤੀਆਂ ਫਸਲਾਂ ਰੌਂਦ ਮਾਰੀਆਂ। ਕਈ ਥਾਈਂ ਮਾਸੂਮ ਦੇਵੀਆਂ ਦੀ ਬੇ-ਇਜ਼ਤੀ ਭੀ ਕੀਤੀ ਗਈ। ਭਲੇ-ਮਾਣਸਾਂ ਨੂੰ ਤੰਗ ਕੀਤਾ ਗਿਆ। ਕਈ ਪਿੰਡੀਂ ਤਾਜ਼ੀਰੀ ਚੌਂਕੀਆਂ ਬਿਠਾ ਦਿਤੀਆਂ ਗਈਆਂ।

1922 'ਚ ਚੌਰਾ-ਚੌਰੀ ਦਾ ਹਾਦਸਾ ਹੋ ਗਿਆ। ਮਹਾਤਮਾ ਗਾਂਧੀ ਜੀ ਨੇ ਸਤਿਆਗ੍ਰਹਿ ਮੁਲਤਵੀ ਕਰ ਦਿੱਤਾ। ਚੌਰਾ-ਚੌਰੀ ਦੇ ਹਾਦਸੇ ਦੀ ਆੜ 'ਚ ਸਰਕਾਰ ਨੇ ਬੇਹੱਦ ਤਸ਼ੱਦਦ ਕਰਨਾ ਆਰੰਭ ਦਿੱਤਾ। ਮਹਾਤਮਾ ਗਾਂਧੀ ਨੇ ਅਪੀਲ ਕੀਤੀ ਕਿ ਜੇਕਰ ਪੰਜ ਸੱਜਨ ਚੌਰਾ-ਚੌਰੀ ਦੇ ਹਾਦਸੇ ਦਾ ਇਕਬਾਲ ਕਰ ਲੈਣ ਤਾਂ ਮੈਂ ਬਾਕੀਆਂ ਨੂੰ ਛੁਡਾਉਣ ਦਾ ਪੂਰਾ-ਪੂਰਾ ਯਤਨ ਕਰਾਂਗਾ। ਪਰ ਕਿਸੇ ਇਕ ਨੇ ਵੀ ਇਕਬਾਲ ਨਾ ਕੀਤਾ। ਤੇ ਜਿਥੋਂ ਤੀਕ ਮੈਨੂੰ ਯਾਦ ਹੈ 64 ਦੇ ਲਗਭਗ ਆਦਮੀ ਫਾਂਸੀ ਲਟਕਾ ਦਿੱਤੇ ਗਏ।

ਇਹਨਾਂ ਹਾਲਤਾਂ ਦੀ ਧੁੰਦਲੀ ਜਿਹੀ ਯਾਦ ਮੈਨੂੰ ਹੈ ਸੀ। ਜਦੋਂ ਜਥੇਦਾਰ ਕਰਮ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਸਰਕਾਰ ਦੇ ਨਾਮ ਖੁਲ੍ਹੀ ਚਿੱਠੀ ਰਾਹੀਂ ਲਿਖਿਆ ਕਿ "ਸਾਡੀ ਆੜ ਵਿਚ ਬੇ-ਗੁਨਾਹਾਂ ਨੂੰ ਤੰਗ ਨਾ ਕੀਤਾ ਜਾਵੇ।" ਪਰ ਅੰਗਰੇਜ਼ੀ ਸਰਕਾਰ ਨੇ ਇਕ ਨਾ ਸੁਣੀ, ਮੈਂ ਜੇਲ੍ਹ 'ਚ ਸਾਂ, ਕਦੀ ਕਦਾਈਂ ਕੋਈ ਅਧੂਰੀ ਜਿਹੀ ਖ਼ਬਰ ਪੁੱਜਦੀ ਸੀ। ਇਲਾਕੇ ਦੀ ਤਬਾਹੀ, ਸ਼ਰੀਫ ਦੇਵੀਆਂ ਦੀ ਬੇ-ਹੁਰਮਤੀ ਦੀ ਖ਼ਬਰਾਂ ਸੁਣ ਕੇ ਖ਼ੂਨ ਉਬਲਦਾ ਸੀ। ਪਰ ਬੇ-ਬਸ ਸਾਂ, ਦੂਜੇ ਮੈਨੂੰ ਰਹਿ 2 ਕੇ ਖਿਆਲ ਆਉਂਦਾ ਸੀ ਕਿ ਮਹਾਤਮਾ ਜੀ ਨੂੰ ਦੁਆਬੇ 'ਚ ਬੈਠ ਕੇ ਇਥੇ ਹੋ ਰਹੇ ਤਸ਼ੱਦਦ ਵਿਰੁਧ ਆਵਾਜ਼ ਉਠਾਉਣੀ ਚਾਹੀਦੀ ਹੈ। ਕਿਉਂਕਿ ਕਸੂਰਵਾਰ ਆਪਣੇ ਕਸੂਰ ਦਾ ਇਕਬਾਲ ਕਰਦੇ ਹਨ। ਫੇਰ ਬਾਕੀ ਲੋਕਾਂ ਨੂੰ ਤੰਗ ਕਰਨ ਦੇ ਕੀ ਅਰਥ? ਖੈਰ! ਮੈਂ 1926 ਦੇ ਅਖੀਰ ਜਾਂ 1928 ਦੇ ਅਰੰਭ 'ਚ ਰਾਵਲਪਿੰਡੀ ਜੇਲ੍ਹ ਤੋਂ ਰਿਹਾਅ ਹੋਇਆ। ਬਾਹਰ ਹੀ ਮੈਂ ਪੰਜ ਸਤ ਮਜ਼ਮੂਨ ਲਿਖੇ ਜੋ ਮੇਰੇ ਦਿਲੀ ਜਜ਼ਬਿਆਂ ਦਾ ਮਜ਼ਾਹਿਰਾ ਸਨ। ਮੈਂ ਗਾਂਧੀ ਜੀ ਦੇ ਨਾਂਅ "ਮੇਰੀ ਪਹਿਲੀ ਖ਼ੁੱਲ੍ਹੀ ਚਿੱਠੀ"", "ਦੂਸਰੀ ਖ਼ੁੱਲ੍ਹੀ ਚਿੱਠੀ", ਤੇ "ਤੀਸਰੀ ਖ਼ੁੱਲ੍ਹੀ ਚਿੱਠੀ" ਨਾਂਅ ਹੇਠ ਲਗਾਤਾਰ ਤਿੰਨ ਆਰਟੀਕਲ ਲਿਖੇ। ਮੇਰੀ ਸੂਝ ਬੂਝ ਦੀ ਏਹ ਹਾਲਤ ਸੀ ਕਿ ਅਖ਼ਬਾਰਾਂ ਵਿਚ ਤਾਂ ਚਿੱਠੀਆਂ ਛਪਵਾ ਦਿੱਤੀਆਂ, ਪਰ ਮਹਾਤਮਾ ਜੀ ਨੂੰ ਲਿਖ ਕੇ ਕੋਈ ਪੱਤਰ ਨਾ ਘੱਲਿਆ। ਜਿੱਥੇ ਤੀਕ ਮੈਨੂੰ ਯਾਦ ਹੈ, ਇਨ੍ਹਾਂ ਚਿੱਠੀਆਂ ਵਿਚ ਮੈਂ ਲਿਖਿਆ ਕਿ "ਤੁਸੀਂ ਤਸ਼ੱਦਦ ਦੀ ਕੀ ਤਾਰੀਫ਼ ਕਰਦੇ ਹੋ? ਕਿਉਂਕਿ ਸਾਡੀਆਂ ਤਕਰੀਰਾਂ ਨੂੰ ਨਾ ਸਰਕਾਰ ਨੇ ਤਸ਼ੱਦਦ ਸਮਝਿਆ ਨਾ ਹੀ ਜਨਤਾ ਨੇ। ਜਦੋਂ ਸਾਡੇ ਟੁਕੜਿਆਂ ਪੁਰ ਪਲਨ ਵਾਲੇ ਆਦਮੀ ਸਾਡੀ ਬਹੂ ਬੇਟੀ ਦੀ ਬੇ-ਇਜ਼ਤੀ ਕਰਨ ਤਾਂ ਉਸ ਵੇਲੇ ਉਨ੍ਹਾਂ ਨੂੰ ਸੁਮੱਤ ਦੇਣੀ ਤਸ਼ੱਦਦ ਹੈ? ਕੀ ਉਸ ਵੇਲੇ ਚੁਪ ਚਾਪ ਬੇ-ਇਜ਼ਤੀ ਸਹਾਰੀ ਜਾ ਸਕਦੀ ਹੈ? ਤੁਸੀਂ ਚੌਰਾ ਚੌਰੀ ਦੇ ਹਾਦਸੇ ਦਾ ਪੰਜਾਂ ਸਜਨਾਂ ਤੋਂ ਇਕਬਾਲ ਕਰਾਉਣਾ ਚਾਹੁੰਦੇ ਸੌ ਤੇ ਇਕਬਾਲ ਕਰਨ ਦੀ ਸੂਰਤ ਵਿਚ ਬਾਕੀਆਂ ਨੂੰ ਛਡਾਉਣ ਲਈ ਸਾਰਾ ਜ਼ੋਰ ਲਾਉਣ ਲਈ ਤਿਆਰ ਸੌ, ਪਰ ਦੁਆਬੇ ਅੰਦਰ ਹੋ ਰਹੇ ਘੋਰ ਅਤਿਆਚਾਰ ਸਮੇਂ ਜਦ ਇਨ੍ਹਾਂ ਤਿੰਨਾਂ ਸੱਜਣਾਂ ਨੇ ਸਾਰੀ ਜ਼ੁੰਮੇਵਾਰੀ ਲੈ ਲਈ ਸੀ ਤਾਂ ਤੁਸਾਂ ਇਥੇ ਡੇਰੇ ਕਿਉਂ ਨਾ ਲਾ ਲਏ? ਤੇ ਪੀੜ੍ਹਤ ਲੋਕਾਂ ਦੀ ਮਦਦ ਕਿਉਂ ਨਾ ਕੀਤੀ? ਆਦਿ।" ਤੇ ਇਨ੍ਹਾਂ ਤੋਂ ਬਿਨਾਂ ਮੈਂ ਮਜ਼ਮੂਨ ਲਿਖੇ, "ਦਫ਼ਾ 216 ਪੁਰ ਸਰਸਰੀ ਨਜ਼ਰ", "ਦਫ਼ਾ 110, 108 ਪੁਰ ਨਜ਼ਰ", "ਦੋਆਬੇ ਅੰਦਰ ਸ਼ਹੀਦੀ ਯਾਦਗਾਰ ਦੀ ਲੋੜ" ਆਦਿ ਖਾਸੇ ਗਰਮ ਗਰਮ ਆਰਟੀਕਲ ਤਸੱਵਰ ਕੀਤੇ ਗਏ, ਪਰ ਉਹ ਲੇਖ ਮੇਰੇ ਜਿਹੇ ਸੈਂਕੜੇ ਨੌਜਵਾਨਾਂ ਦੇ ਖਿਆਲਾਂ ਦੀ ਤਰਜਮਾਨੀ ਕਰਦੇ ਸਨ।

ਮੈਨੂੰ ਯਾਦ ਹੈ ਕਿ ਸ. ਈਸ਼ਰ ਸਿੰਘ ਜੀ ਮਝੈਲ ਜੋ ਉਸ ਵੇਲੇ ਬਰਮਾ, ਆਸਾਮ 'ਚ ਗਏ ਹੋਏ ਸਨ, ਨੇ ਮੈਨੂੰ ਲਿਖਿਆ ਸੀ ਕਿ ਮੈਂ "ਸੰਭਲ ਕੇ ਚਲਾਂ ਤੇ ਫੂਕ ਫੂਕ ਕੇ ਕਦਮ ਰੱਖਾਂ।" ਉਨ੍ਹੀਂ ਦਿਨੀਂ ਮਹਾਂ ਸ਼ਹੀਦ ਸ. ਭਗਤ ਸਿੰਘ ਜੀ ਨੇ ਮੈਨੂੰ ਮਿਲਨ ਲਈ ਇਕ ਉਚੇਚੇ ਆਦਮੀ ਰਾਹੀਂ ਸਦਿਆ ਕਿ ਮੈਂ ਉਨ੍ਹਾਂ ਨੂੰ ਲਾਹੌਰ ਮਿਲਾਂ।

ਸ. ਭਗਤ ਸਿੰਘ ਜੀ ਕਾਕੋਰੀ ਕੇਸ 'ਚ ਮੁਸ਼ਤਬਹ ਹੋਣ ਕਰਕੇ ਲਾਹੌਰ 'ਚ ਹਦ ਬੰਦ ਸਨ। ਤੇ ਇਕ ਤਰ੍ਹਾਂ ਦੀ ਜ਼ਮਾਨਤ ਹੋਈ-ਹੋਈ ਸੀ।

ਉਨ੍ਹੀਂ ਦਿਨੀਂ ਨਾ-ਮਿਲਵਰਤਨ ਤੇ ਸਤਿਆਗ੍ਰਹਿ ਦੀ ਤਹਿਰੀਕ ਜ਼ੋਰਾਂ ਪੁਰ ਸੀ, ਤੇ ਮੇਰੇ ਪੁਰ ਉਸ ਦਾ ਧਰਮ ਵਾਂਗੂ ਅਸਰ ਸੀ। ਉਦੋਂ ਜ਼ਮਾਨਤ ਕਰਾਉਣ ਵਾਲੇ ਨੂੰ ਕਮਜ਼ੋਰ ਗਿਣਿਆ ਜਾਂਦਾ ਸੀ।ਏਸ ਲਈ ਮੈਂ ਮਿਲਣ ਜਾਣ ਤੋਂ ਝਿਜਕਿਆ ਤੇ ਨਾਂਹ ਕਰ ਦਿੱਤੀ। ਦੂਜੀ ਵਾਰ ਵੀ ਮੈਂ ਟਾਲ ਮਟੋਲ ਤੋਂ ਕੰਮ ਲਿਆ।



1928 'ਚ ਜਲੰਧਰ ਵਿਚ ਨੌਜਵਾਨ ਭਾਰਤ ਸਭਾ ਬਣ ਚੁੱਕੀ ਸੀ, ਮੈਂ ਉਸਦਾ ਜਨਰਲ ਸਕੱਤਰ ਸਾਂ, ਅਪ੍ਰੈਲ ਵਿਚ ਨੌਜਵਾਨ ਭਾਰਤ ਸਭਾ ਦੀ ਕਾਨਫ਼ਰੰਸ ਲਾਲਾ ਕਿਦਾਰ ਨਾਥ ਸਹਿਗਲ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿਖੇ ਹੋਈ। ਮੇਰੀ ਸ. ਭਗਤ ਸਿੰਘ ਨਾਲ ਪਹਿਲੀ ਮੁਲਾਕਾਤ ਉਸ ਵੇਲੇ ਹੋਈ। ਜਦੋਂ ਉਸ ਮੇਰੇ ਉਨ੍ਹਾਂ ਨੂੰ ਮਿਲਣੋਂ ਇਨਕਾਰ ਦਾ ਕਾਰਨ ਪੁੱਛਿਆ ਤੇ ਮੇਰੇ ਦੱਸਣ ਪੁਰ ਉਨ੍ਹਾਂ ਹੱਸ ਕੇ, ਪਰ ਗੰ-ਭੀਰਤਾ ਨਾਲ ਕਿਹਾ, "ਕਿ ਤੁਸੀਂ ਮੇਰੀ ਅਜ਼ਮਾਇਸ਼ ਕਰ ਸਕਦੇ ਹੋ। ਮੈਂ ਡਰਦਾ ਨਹੀਂ ਹਾਂ। ਡਰ ਮੇਰੀ ਖਲੜੀ 'ਚ ਹੀ ਨਹੀਂ ਹੈ। ਕਹੋ ਤਾਂ ਉਬਲਦੇ ਤੇਲ 'ਚ ਹੱਥ ਪਾਉਣ ਨੂੰ ਤਿਆਰ ਹਾਂ ਚਾਹੋ ਤਲਵਾਰ ਨਾਲ ਕੋਈ ਅੰਗ ਕੱਟ ਕੇ ਦੇਖ ਸਕਦੇ ਹੋ, ਜਿਵੇਂ ਚਾਹੋਂ ਕਰ ਸਕਦੇ ਹੋ, ਮੇਰੇ ਡਰਨ ਦਾ ਸਵਾਲ ਹੀ ਨਹੀਂ ਹੈ, ਮੈਂ ਤਾਂ ਏਹ ਠੀਕਰਾ ਅੰਗਰੇਜ਼ ਦੇ ਮੱਥੇ ਮਾਰਨਾ ਚਾਹੁੰਦਾ ਹਾਂ, ਪਰ ਸਾਥੀਆਂ ਦੇ ਕਹੇ ਤੇ ਰੁਕਿਆ ਹੋਇਆ ਹਾਂ।" ਉਨ੍ਹਾਂ ਦੀਆਂ ਗੱਲਾਂ ਦਾ ਮੇਰੇ ਪੁਰ ਜਾਦੂ ਵਾਂਗ ਅਸਰ ਹੋ ਰਿਹਾ ਸੀ, ਆਪ ਹੰਸੂ ਹੰਸੂ ਕਰਦੇ ਪਰ ਗੰਭੀਰਤਾ ਨਾਲ ਗੱਲਾਂ ਕਰੀ ਗਏ ਮੈਂ ਬੁਤ ਬਣੀ ਸੁਣਦਾ ਗਿਆ। ਗੱਲਾਂ ਗੱਲਾਂ 'ਚ ਉਨ੍ਹਾਂ ਆਪਣੇ ਇਰਾਦਿਆਂ ਦਾ ਇਜ਼ਹਾਰ ਕੀਤਾ ਕਿ ਪੰਜਾਬ 'ਚ ਨਵੀਂ ਇਨਕਲਾਬੀ ਪਾਰਟੀ ਦੀ ਲੋੜ ਹੈ। ਅਸ਼ੀਂ "ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ" ਨਾਮ ਦੀ ਪਾਰਟੀ ਬਣਾਈ ਹੈ। ਤੁਸੀਂ ਵੀ ਸਾਥ ਦਿਓ।"

ਮੈਂ ਉਨ੍ਹਾਂ ਨੂੰ ਦੱਸਿਆ ਕਿ ਅਜਿਹੀਆਂ ਪਾਰਟੀਆਂ ਸਿਰੇ ਨਹੀਂ ਚੜ੍ਹਦੀਆਂ। ਸਾਥੀ ਵਾਹਿਦਾ ਮੁਆਫ਼ ਬਣ ਜਾਂਦੇ ਹਨ। ਮੈਂ ਉਹਨਾਂ ਦੇ ਸਾਹਮਣੇ ਪਿੰਡੀ ਪਿਸਤੌਲ ਕੇਸ (ਜਿਸ ਵਿਚ ਸਾਜਿਸ਼ ਤਿੰਨਾਂ ਆਦਮੀਆਂ ਦੀ ਸੀ, ਤੇ ਪਕੜ ਲਏ ਸਨ ਪੰਝੀ-ਤੀਹ। ਸਾਰੇ ਡਰਦੇ ਮਾਰੇ ਬਿਨਾਂ ਕੁਝ ਪਤੇ ਸ਼ਤੇ ਦੇ ਪੁਲਿਸ ਦੀ ਮਰਜ਼ੀ ਅਨੁਸਾਰ ਬਿਆਨ ਦੇਈ ਜਾਂਦੇ ਸਨ ਅਖੀਰ 'ਚ ਤਿੰਨਾਂ ਸੱਜਣਾਂ ਨੂੰ ਪੰਜ ਪੰਜ ਸਾਲ ਦੀ ਸਜ਼ਾ ਹੋਈ ਸੀ) ਸਾਹਮਣੇ ਰੱਖਿਆ-ਬੱਬਰ ਲਹਿਰ ਦੇ ਸਾਰੇ ਹਾਲਾਤ, ਪੁਲਸੀ ਤਸ਼ੱਦਦ ਤੇ ਸਾਰੇ ਹਾਲਾਤ ਦਾ ਅਸਰ ਉਨ੍ਹਾਂ ਦੇ ਸਾਹਮਣੇ ਰੱਖਿਆ ਪਰ ਸਰਦਾਰ ਭਗਤ ਸਿੰਘ ਜੀ ਨੇ ਆਪਣੇ ਸਾਥੀਆਂ ਦਾ ਪਰਸਪਰ ਪ੍ਰੇਮ ਤੇ ਪਿਆਰ ਦੱਸ ਕੇ ਪਾਰਟੀ ਦੀ ਬਹੁਤ ਮਜ਼ਬੂਤੀ ਦੱਸੀ। ਮੇਰੇ ਸਵਾਲ ਪਰ ਕਿ ਸ੍ਰੀ ਬੀ.ਸੀ. ਵੋਹਰਾ ਪੁਰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉੱਤਰ ਵਿਚ ਆਪ ਨੇ ਕਿਹਾ ਕਿ ਉਨ੍ਹਾਂ ਦਾ ਐਸ ਵੇਲੇ ਅੰਡਰ ਗਰਾਊਂਡ ਪਾਰਟੀ ਨਾਲ ਕੋਈ ਤੁਅੱਲਕ ਨਹੀਂ ਹੈ। ਉਹ ਅਜਕਲ੍ਹ ਕੇਵਲ ਨੌਜੁਆਨ ਭਾਰਤ ਸਭਾ ਦੇ ਮੈਂਬਰ ਹਨ। ਦੂਜੇ ਸ. ਮੰਗਲ ਸਿੰਘ ਜੀ ਅਕਾਲੀ ਨੂੰ ਕਿਸੇ ਗੱਲੋਂ ਸ਼ੱਕ ਪੈ ਗਈ ਹੈ। ਪਰ ਏਹ ਸ਼ੱਕ ਨਿਰਮੂਲ ਹੈ। ਸਾਥੀ ਪੁਰ ਇਤਬਾਰ ਕੀਤਾ ਜਾ ਸਕਦਾ ਹੈ। ਮੈਂ ਸੋਚਾਂਗਾ ਕਹਿ ਕੇ ਗੱਲ ਮੁਕਾ ਦਿੱਤੀ, ਉਨ੍ਹਾਂ ਨੇ ਮੈਨੂੰ ਵਿਆਹ ਕਰਾਉਣ ਤੋਂ ਹੋੜਿਆ। ਮੈਂ ਆਪ ਵੀ ਵਿਆਹ ਦੇ ਹੱਕ ਵਿਚ ਨਹੀਂ ਸਾਂ। ਮੇਰੀ ਉਨ੍ਹਾਂ ਨਾਲ ਰਾਏ ਮਿਲ ਗਈ ਤੇ ਮੈਂ ਸ਼ਾਦੀ ਦੇ ਹੋਰ ਵੀ ਵਿਰੁਧ ਹੋ ਗਿਆ। ਉਪਰੰਤ ਜਦ ਵੀ ਉਹ ਜਲੰਧਰ ਆਏ ਮੈਨੂੰ ਜ਼ਰੂਰ ਮਿਲਦੇ ਰਹੇ। ਇਕ ਵਾਰ ਉਹ ਨੌਜਵਾਨ ਭਾਰਤ ਸਭਾ ਦੇ ਸਿਲਸਿਲੇ 'ਚ ਆਏ। ਉਨ੍ਹਾਂ ਨਾਲ ਸਾਥੀ ਅਬਦੁਲ ਮਜੀਦ, ਮੁਨਸ਼ੀ ਅਹਿਮਦ ਦੀਨ, ਜੋਸ਼, ਕਾਮਰੇਡ ਰਾਮ ਚੰਦਰ ਵੀ ਸਨ। ਉਨ੍ਹਾਂ ਮੈਜਿਕ ਲੈਨਟਰਨ ਨਾਲ ਦੇਸ਼ ਭਗਤਾਂ ਦੀਆਂ ਤਸਵੀਰਾਂ ਦਿਖਾਈਆਂ ਤੇ ਥੋੜ੍ਹਾ- 2 ਹਾਲ ਦੱਸਿਆ ਬਾਕੀ ਸਾਥੀਆਂ ਨੇ ਲੈਕਚਰ ਕੀਤੇ।

ਮੈਜਿਕ ਨੂੰ ਅੱਗ ਲੱਗ ਗਈ ਤੇ ਸ. ਭਗਤ ਸਿੰਘ ਜੀ ਦਾ ਮੱਥਾ ਲੂਸਿਆ ਗਿਆ ਪਰ ਆਪ ਨੇ ਫੌਰਨ ਪਗੜੀ ਦਾ ਲੜ ਵਲੇਟ ਲਿਆ ਤੇ ਕੰਮ ਨਾ ਛੱਡਿਆ। ਸਭ ਨੇ ਬਹੁਤ ਕਿਹਾ ਪਰ ਉਨ੍ਹਾਂ ਹਸ ਕੇ ਟਾਲ ਦਿੱਤਾ। ਫੇਰ ਸਾਰੀ ਰਾਤ ਉਨ੍ਹਾਂ ਦੇ ਮੱਥੇ 'ਚ ਪੀੜ੍ਹ ਹੁੰਦੀ ਰਹੀ।

1928 ਵਿਚ ਅਕਤੂਬਰ ਮਹੀਨੇ ਮੈਂ ਮੁੜ ਫੜਿਆ ਗਿਆ, ਪਿਛੋਂ ਸਾਂਡਰਸ ਮਾਰਿਆ ਗਿਆ।

ਅਸਲ ਵਿਚ ਮਾਰਨਾ ਤਾਂ ਮਿਸਟਰ ਸਕਾਟ ਨੂੰ ਸੀ ਪਰ ਉਸ ਦਿਨ ਉਹ ਕਸੂਰ ਚਲਾ ਗਿਆ। ਤੇ ਜੈ ਗੋਪਾਲ ਨੂੰ ਦੂਰੋਂ ਸਕਾਟ ਤੇ ਸਾਂਡਰਸ ਵਿਚ ਫਰਕ ਨਾ ਦਿਸਿਆ ਉਸ ਨੇ ਕਹਿ ਦਿੱਤਾ ਕਿ ਏਹੀ ਸਕਾਟ ਹੈ। ਰਾਜਗੁਰੂ ਤੇ ਸ. ਭਗਤ ਸਿੰਘ ਨੇ ਉਸ ਨੂੰ ਮਾਰ ਦਿੱਤਾ। ਇਕ ਚੰਨਣ ਸਿੰਘ ਨਾਮੀ ਸਿਪਾਹੀ ਇਨ੍ਹਾਂ ਦੇ ਮਗਰ ਭੱਜਾ , ਤੇ ਇਨ੍ਹਾਂ ਉਸ ਨੂੰ ਸਮਝਾਇਆ ਕਿ ਅਸੀਂ ਉਸੇ ਨੂੰ ਮਾਰਨਾ ਸੀ ਤੂੰ ਮੁੜ ਜਾ ਪਰ ਉਸ ਇਕ ਨਾ ਮੰਨੀ ਤੇ ਸਰਦਾਰ ਭਗਤ ਸਿੰਘ ਜੀ ਦੀ ਗੋਲੀ ਨਾਲ ਠੰਡਾ ਹੋ ਗਿਆ।

ਇਸ ਸਿਲਸਿਲੇ 'ਚ ਕਾਫੀ ਨੌਜੁਆਨ ਫੜੇ ਗਏ। ਅਖ਼ਬਾਰਾਂ ਨੇ ਰੌਲਾ ਪਾਇਆ ਕਿ ਏਹ ਅੰਗਰੇਜ਼ ਅਫ਼ਸਰ ਮਲੰਗੀ ਡਾਕੂ ਦੇ ਸਾਥੀਆਂ ਨੇ ਮਾਰ ਦਿੱਤਾ ਹੈ। "ਉੱਧਰ ਮੇਰਠ ਦਾ ਸਾਜ਼ਿਸ਼ ਕੇਸ ਚਲ ਪਿਆ ਜਿਸ ਵਿਚ ਸਾਡੇ ਪੰਜਾਬ ਦੇ ਤਿੰਨ ਬੰਦੇ ਸਨ, ਸਹਿਗਲ, ਜੋਸ਼ ਤੇ ਅਬਦੁਲ ਮਜੀਦ। ਪੁਲਿਸ ਹੰਸਰਾਜ ਵੋਹਰਾ ਤੇ ਜੈ ਗੋਪਾਲ ਨੂੰ ਸਰਕਾਰੀ ਗਵਾਹ ਬਨਾਉਣ ਵਿਚ ਕਾਮਯਾਬ ਨਾ ਹੋ ਸਕੀ।

ਪਰ ਸੁਖਦੇਵ ਉਦੋਂ ਪਾਰਟੀ ਦਾ ਲੀਡਰ ਸੀ ਤੇ ਬਹੁਤ ਦਿਮਾਗੀ ਸਮਝਿਆ ਜਾਂਦਾ ਸੀ। ਉਂਝ ਨਿਗਰਾਨੀ ਤਾਂ ਸਾਰਿਆਂ ਦੀ ਹੋ ਰਹੀ ਸੀ ਪਰ ਸੁਖਦੇਵ ਉਨ੍ਹੀਂ ਦਿਨੀਂ ਦਿੱਲੀ ਤੋਂ ਆਇਆ ਸੀ ਤਾਂ ਪੁਲਿਸ ਨੇ ਸੁਖਦੇਵ ਦਾ ਪਿੱਛਾ ਕਰਨ ਤੇ ਮਕਾਨ ਦੇ ਪਿਛਲੇ ਪਾਸੇ ਗੰਧਕ ਡੁਲ੍ਹੀ ਮਿਲੀ। ਇਹ ਦੇਖਕੇ ਪੁਲੀਸ ਨੇ ਛਾਪਾ ਮਾਰਿਆ ਤਾਂ ਸੁਖਦੇਵ ਹੁਰੀਂ ਫੜ੍ਹੇ ਗਏ।

ਸੁਖਦੇਵ ਦੇ ਮੂੰਹੋਂ ਸ਼ੇਖੀ 'ਚ ਆ ਕੇ ਕੁਝ ਅਜਿਹੇ ਸ਼ਬਦ ਨਿਕਲ ਗਏ ਜਿਸ ਤੋਂ ਏਹ ਜ਼ਾਹਿਰ ਹੁੰਦਾ ਸੀ, ਕਿ ਸਾਂਡਰਸ ਦਾ ਕਤਲ ਇਨ੍ਹਾਂ ਦੀ ਪਾਰਟੀ ਨੇ ਹੀ ਕੀਤਾ ਹੈ। ਉਹ ਬੰਦੇ ਮਾਤਰਮ ਵਿਚ ਬਿਆਨ ਦੀ ਸ਼ਕਲ ਵਿਚ ਛਪ ਗਿਆ।ਅਗਲੇ ਦਿਨ ਜੈ ਗੋਪਾਲ ਤੇ ਹੰ-ਸਰਾਜ ਵੋਹਰਾ, ਦੋਵੇਂ ਸਰਕਾਰੀ ਗਵਾਹ ਬਣ ਗਏ।

ਓਧਰ ਸਰਦਾਰ ਭਗਤ ਸਿੰਘ ਤੇ ਮਿਸਟਰ ਦੱਤ ਅਸੈਂਬਲੀ ਵਿਚ ਬੰਬ ਸੁਟਣ ਪੁਰ ਵੀਹ-2 ਸਾਲ ਦੀ ਕੈਦ ਹੋ ਚੁੱਕੇ ਸਨ, ਤੇ ਦੱਤ ਸੈਂਟਰਲ ਜੇਲ੍ਹ ਲਾਹੌਰ ਵਿਚ ਤੇ ਸ. ਭਗਤ ਸਿੰਘ ਜੀ ਮੀਆਂਵਾਲੀ ਜੇਲ੍ਹ ਵਿਚ ਤਬਦੀਲ ਹੋ ਚੁੱਕੇ ਸਨ।

ਸ. ਗੋਪਾਲ ਸਿੰਘ ਜੀ ਕੌਮੀ ਤੇ ਮੈਂ ਉਨ੍ਹੀਂ ਦਿਨੀਂ ਮੀਆਂ ਵਾਲੀ ਸਾਂ, ਬਾਬਾ ਰੂੜ੍ਹ ਸਿੰਘ ਜੀ, ਬਾਬਾ ਸ਼ੇਰ ਸਿੰਘ ਜੀ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਵੀ ਉਸੇ ਜੇਲ੍ਹ ਵਿਚ ਸਨ। ਬਾਬਾ ਰੂੜ ਸਿੰਘ ਨੇ ਭੁੱਖ ਹੜਤਾਲ ਕੀਤੀ ਹੋਈ ਸੀ ਤੇ ਹਾਲਤ ਖਰਾਬ ਸੀ, ਸਰਦਾਰ ਭਗਤ ਸਿੰਘ ਜੀ ਨੇ ਤੇ ਦੱਤ ਨੇ ਦਿੱਲੀ ਤੋਂ ਹੀ ਭੁੱਖ ਹੜਤਾਲ ਕੀਤੀ ਹੋਈ ਸੀ। ਇਸ ਲਈ ਮੈਂ ਤੇ ਕੌਮੀ ਜੀ ਬਾਬਾ ਰੂੜ੍ਹ ਸਿੰਘ ਨੂੰ ਮਿਲਣ ਮਗਰੋਂ ਸ. ਭਗਤ ਸਿੰਘ ਨੂੰ ਮਿਲਣ ਚਲੇ ਗਏ।

ਸ. ਭਗਤ ਸਿੰਘ ਦੇ ਬੇੜੀਆਂ ਲਗੀਆਂ ਹੋਈਆਂ ਸਨ ਤੇ ਆਪ ਘੂਕ ਸੁੱਤੇ ਪਏ ਸਨ। ਅਸੀਂ ਜਾਂਦਿਆਂ ਹੀ ਜਗਾਇਆ, ਉਹ ਉਠ ਕੇ ਬੈਠ ਗਏ। ਅਸੀਂ ਭੁੱਖ ਹੜਤਾਲ ਤੁੜਵਾਨੀ ਚਾਹੁੰਦੇ ਸਾਂ, ਏਸ ਲਈ ਆਪ ਤਜਰਬੇ ਦੀ ਬਿਨਾ ਪੁਰ ਤੇ ਉਨ੍ਹਾਂ ਪੁਰ ਚਲਨ ਵਾਲੇ ਮੁਕੱਦਮੇ ਤੇ ਹੋਰ ਹਾਲਤਾਂ ਤੇ ਬਹਿਸ ਹੁੰਦੀ ਰਹੀ। ਉਨ੍ਹਾਂ ਕਿਹਾ ਕਿ ਮੈਂ ਮੰਨਦਾ ਹਾਂ ਕਿ ਭੁੱਖ ਹੜਤਾਲ ਛਡ ਦੇਣੀ ਚਾਹੀਦੀ ਹੈ। ਪਰ ਦੱਤ ਲਾਹੌਰ ਹੈ। ਉਹਨੂੰ ਟਪਲਾ ਲਗ ਸਕਦਾ ਹੈ ਕਿ ਭਗਤ ਸਿੰਘ ਆਪਣੇ ਪੰਜਾਬੀ ਦੋਸਤਾਂ ਦੇ ਆਖੇ ਲੱਗ ਗਿਆ ਹੈ। ਤੇ ਮੇਰੀ ਪ੍ਰਵਾਹ ਨਹੀਂ ਕੀਤੀ, ਇਸ ਲਈ ਜਦੋਂ ਤੀਕ ਅਸੀਂ ਦੋਵੇਂ ਇਕੱਠੇ ਨਹੀਂ ਹੋ ਜਾਂਦੇ, ਭੁੱਖ ਹੜਤਾਲ ਜਾਰੀ ਰਖਣੀ ਪਵੇਗੀ। ਸਾਥੀਆਂ ਦਾ ਪਿਆਰ ਤੇ ਇਤਬਾਰ ਤਾਂ ਹੀ ਬਣਿਆ ਰਹਿ ਸਕਦਾ।

ਗੱਲਾਂ-ਬਾਤਾਂ 'ਚ ਮੈਂ ਉਹਨਾਂ ਨੂੰ ਪੁਰਾਣੀ ਗੱਲਬਾਤ ਦਾ ਇਸ਼ਾਰਾ ਕਰਕੇ ਦੱਸਿਆ ਕਿ ਵੋਹਰਾ ਅਤੇ ਜੈ ਗੋਪਾਲ ਸਰਕਾਰੀ ਗਵਾਹ ਬਣ ਚੁੱਕੇ ਹਨ। ਆਪ ਨੇ ਹੱਸ ਕੇ ਪਰ ਸੰਜੀਦਗੀ ਨਾਲ ਕਿਹਾ ਕਿ "ਹਾਂ ਮੈਨੂੰ ਪਤਾ ਲਗ ਗਿਆ ਹੈ। ਪਰ ਮੇਰਾ ਪੂਰਾ-2 ਯਕੀਨ ਹੈ ਕਿ ਮੇਰੇ ਸੌਂਹੇ ਹੁੰਦਿਆਂ ਹੀ ਦੋਵੇਂ ਮੁਕਰ ਜਾਣਗੇ। ਉਹ ਅਜਿਹਾ ਕਰ ਨਹੀਂ ਸਕਦੇ ਮੈਨੂੰ ਆਪਣੇ ਦਿਲੀ ਪਿਆਰ ਤੇ ਨਿਘ ਪੁਰ ਪੂਰਾ-ਪੂਰਾ ਭਰੋਸਾ ਹੈ।"

ਮੇਰੇ ਸਵਾਲ ਦੇ ਉਤਰ ਵਿਚ ਆਪ ਨੇ ਦੱਸਿਆ ਕਿ ਅਸੀਂ ਅਸੈਂਬਲੀ 'ਚੋਂ ਸਾਫ ਬਾਹਰ ਆ ਸਕਦੇ ਸਾਂ ਪਰ ਜਾਣਕੇ ਨਹੀਂ ਸਾਂ ਆਏ। ਉਹਨਾਂ ਇਨਸਾਨੀ ਕਮਜ਼ੋਰੀਆਂ ਤੇ ਇਨਸਾਨੀ ਫਿਤਰਤ, ਹਾਉਮੈਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਕ ਤਾਂ ਪੰਜਾਬ ਪਰੈਸ ਨੇ ਏਹ ਲਿਖ ਦਿੱਤਾ ਕਿ ਸਾਂਡਰਸ ਮਲੰਗੀ ਡਾਕੂ ਦੇ ਸਾਥੀਆਂ ਨੇ ਮਾਰਿਆ ਹੋਣਾ ਹੈ ਤੇ ਇਸ ਗੱਲ ਨੇ ਸਾਡੇ ਕੀਤੇ ਕਾਰਨਾਮੇ ਪੁਰ ਮਿੱਟੀ ਪਾ ਦਿੱਤੀ। ਪੰਜਾਬੀ ਗੱਭਰੂਆਂ ਦੇ ਜਜ਼ਬਾਤ ਦੀ ਤਰਜਮਾਨੀ ਨਹੀਂ ਹੋਣ ਦਿੱਤੀ। ਕੇਸ ਦੀ ਨੌਈਯਤ ਸਿਆਸੀ ਅਤੇ ਮੁਜਰਮਾਨਾ ਜਾਹਿਰ ਕੀਤੀ ਹੈ। ਦੂਜੇ ਮੇਰਠ ਕੇਸ ਨੂੰ ਵਧੇਰੇ ਅਹਿਮੀਅਤ ਮਿਲ ਰਹੀ ਹੈ। ਜਦ ਕਿ ਅਸੀਂ ਬਹੁਤ ਖ਼ਤਰਾ ਲੈ ਕੇ ਸਾਰੇ ਮੁਲਕ ਨੂੰ ਇਕ ਤਰ੍ਹਾਂ ਦਾ ਹਲੂਣਾ ਦੇ ਦਿੱਤਾ ਹੈ। ਅਸੀਂ ਸਾਂਡਰਸ ਦੇ ਕੇਸ ਨੂੰ ਜਿਆਦਾ ਅਹਿਮੀਅਤ ਦੇਣਾ ਚਾਹੁੰਦੇ ਸਾਂ। ਅਸੀਂ ਉਨ੍ਹਾਂ ਦੇ ਅਸੈਂਬਲੀ ਬੰਬ ਵਿਚ ਦਿੱਤੇ ਬਿਆਨ ਦੀ ਤਾਰੀਫ਼ ਕੀਤੀ ਕਿ ਉਸ ਬਿਆਨ ਨੇ ਤੁਸਾਡੀ ਸਾਰੇ ਦੇਸ਼ ਦੀ ਇੱਜ਼ਤ ਨੂੰ ਚਾਰ ਚੰਦ ਲਗਾ ਦਿੱਤੇ ਹਨ। ਹੁਣ ਏਸ ਵਿਚ ਤੁਸਾਡਾ ਕੀ ਰਵਈਆ ਹੋਵੇਗਾ? ਤਾਂ ਉਨ੍ਹਾਂ ਹੱਸ ਕੇ ਕਿਹਾ ਕਿ ਅਵੱਲ ਤਾਂ ਮੇਰਾ ਸਬੂਤ ਹੈ ਕਿ ਮੈਂ ਉਸ ਦਿਨ ਪੰਜਾਬ ਵਿਚ ਨਹੀਂ ਸਾਂ, ਅੱਗੇ ਅੰਗਰੇਜ਼ ਦੀ ਨੀਅਤ ਦੇਖਾਂਗੇ ਜੇਕਰ ਮੈਨੂੰ ਯਕੀਨ ਹੋ ਗਿਆ ਕਿ ਅੰਗਰੇਜ਼ ਸਾਨੂੰ ਫਾਹੇ ਲਾਉਣ ਪਰ ਤੁਲਿਆ ਬੈਠਾ ਹੈ ਤਾਂ ਮੈਂ ਅਜਿਹਾ ਬਿਆਨ ਦਿਆਂਗਾ ਜੋ ਦੁਨੀਆਂ ਦੀ ਤਾਰੀਖ ਵਿਚ ਇਕ ਤਾਰੀਖੀ ਦਸਤਾਵੇਜ਼ ਦੀ ਸ਼ਕਲ ਇਖਤਿਆਰ ਕਰੇਗਾ। ਉਨ੍ਹਾਂ ਨੂੰ ਸਵਾਲ ਪੁਛਿਆ ਕਿ "ਫਰਜ਼ ਕਰੋ, ਸਰਕਾਰ ਤੁਸਾਂ ਨੂੰ ਫਾਂਸੀ ਦੀ ਸਜ਼ਾ ਦੇ ਕੇ ਉਸ ਤੇ ਅਮਲ ਕਰਨ ਤੋਂ ਪਹਿਲਾਂ ਤੁਸਾਂ ਨੂੰ ਇਕ ਜਾਂ ਦੋ ਬੰਦਿਆਂ ਨੂੰ ਮਿਲਣ ਦੀ ਆਖਰੀ ਖੁੱਲ੍ਹ ਹੋਵੇ ਤਾਂ ਤੁਸੀਂ ਕਿਸ ਕਿਸ ਨੂੰ ਮਿਲੋਗੇ?"

ਆਪ ਨੇ ਕਿਹਾ ਕਿ "ਮੇਰੀ ਮੌਤ ਦਾ ਸਦਮਾ ਤਾਂ ਮੇਰੀ ਦਾਦੀ ਨੂੰ ਜਿਆਦਾ ਹੋਣਾ ਹੀ ਹੈ, ਤੇ ਮੇਰੀ ਚਾਚੀ (ਮਿਸਜ਼ ਅਜੀਤ ਸਿੰਘ ਜੀ) ਨੂੰ ਵੀ ਬਹੁਤ ਦੁੱਖ ਹੋਵੇਗਾ, ਕਿਉਂਕਿ ਉਨ੍ਹਾਂ ਨੇ ਮੈਨੂੰ ਜ਼ਿਆਦਾ ਲਾਡਾਂ ਤੇ ਚਾਅਵਾਂ ਨਾਲ ਪਾਲਿਆ ਹੈ। ਪਰ ਜੇਕਰ ਅਜੇਹੀ ਗੱਲ ਬਣੀ ਤਾਂ ਮੈਂ ਆਪਣੇ ਪੁਲੀਟੀਕਲ ਗੁਰੂ ਸ੍ਰੀ ਸੁਰਿੰਦਰ ਨਾਥ ਸਨਿਆਲ ਨੂੰ ਮਿਲਾਂਗਾ। ਸੁਰਿੰਦਰ ਨਾਥ ਸਨਿਆਲ 14-15 ਦੀ ਸਾਜਿਸ਼ ਕੇਸ ਦੇ ਮੁਲਜ਼ਮ ਸਨ ਤੇ ਫੇਰ ਕਾਕੋਰੀ ਦੇ। (ਮੇਰੇ ਨਾਲ ਉਹ ਦੇਓਲੀ ਕੈਂਪ ਜੇਲ੍ਹ 'ਚ ਰਹੇ ਹਨ। ਉਸ ਵੇਲੇ ਤਾਂ ਉਨ੍ਹਾਂ ਦੇ ਖਿਆਲ ਹਿੰਦੂ ਸਭਾਈ ਜਿਹੇ ਜਾਪਦੇ ਸਨ। ਤੇ ਆਪ ਬਿਰਧ ਵੀ ਬਹੁਤ ਹੋ ਗਏ ਸਨ।) ਤੇ ਜੇਕਰ ਦੂਜੇ ਸੱਜਣ ਨੂੰ ਮਿਲਣ ਦੀ ਖਾਹਿਸ ਪੁਛੋਗੇ ਤਾਂ ਉਹ ਕਿਦਾਰ ਨਾਥ ਸਹਿਗਲ ਦੀ ਹੋਵੇਗੀ।"

ਜਦੋਂ ਮੈਂ ਪੁੱਛਿਆ ਕਿ "ਆਪਣੇ ਪਿਤਾ ਜੀ ਤੇ ਹੋਰ ਸੰਬੰਧੀਆਂ ਨੂੰ ਕਿਉਂ ਨਹੀਂ ਪਹਿਲੇ ਨੰਬਰ ਪੁਰ ਰੱਖਿਆ?"

ਤਾਂ ਆਪ ਨੇ ਹੱਸ ਕੇ ਕਿਹਾ ਕਿ "ਉਨ੍ਹਾਂ ਨੂੰ ਤਾਂ ਮੁਕੱਦਮੇ ਦੇ ਦੌਰਾਨ ਵੀ ਮਿਲਦਾ ਰਹਾਂਗਾ,,,ਤੇ ਜੇਕਰ ਮੈਂ ਫਾਂਸੀ ਲੱਗਣਾ ਹੀ ਹੋਇਆ ਤਾਂ ਏਹ ਵੀ ਕਹਾਂਗਾ ਕਿ ਮੇਰੀ ਸੁਆਹ ਕੋਈ ਨਾ ਬੇਚੇ।" ਮੀਆਂਵਾਲੀ ਅਨ੍ਹੇਰੀਆਂ ਬਹੁਤ ਆਉਂਦੀਆਂ ਸਨ। ਬਾਜੇ ਵਕਤ ਆਦਮੀ ਨੂੰ ਆਪਣਾ ਹਥ ਨਜ਼ਰ ਨਹੀਂ ਸੀ ਆਉਂਦਾ। ਸਾਡਾ ਇਕ ਮਿੱਤਰ ਸ੍ਰੀ ਝੰਡੇ ਖਾਂ ਗੁੱਜਰ ਔਲੀਏ ਕਲਾਂ ਜ਼ਿਲਾ ਫੀਰੋਜ਼ਪੁਰ ਨੂੰ ਦੱਸ ਸਾਲ ਲਈ ਡਾਕੇ ਦੇ ਕੇਸ ਵਿਚ ਸਜ਼ਾ ਹੋਈ ਹੋਈ ਸੀ ਤੇ ਉਹ ਮੇਰੇ ਨਾਲ ਰਾਵਲਪਿੰਡੀ ਜੇਲ੍ਹ ਵਿਚ ਵੀ ਰਿਹਾ ਸੀ। ਮੀਆਂਵਾਲੀ ਉਹ ਪੀਲੀ ਵਰਦੀ ਵਾਲਾ ਨੰਬਰਦਾਰ ਸੀ ਤੇ ਬਹੁਤ ਜੇਰੇ ਵਾਲਾ ਤੇ ਮਨਚਲਾ ਆਦਮੀ ਸੀ। ਭਾਵੇਂ ਪਕੇਰੀ ਉਮਰ ਦਾ ਸੀ ਪਰ ਸੀ ਜੁਆਨੀ ਦੀ ਸਪਿਰਟ ਵਾਲਾ ਇਨਸਾਨ। ਅਸੀਂ ਇਕ ਦਿਨ ਬਾਬਾ ਸ਼ੇਰ ਸਿੰਘ ਨਾਲ ਸਲਾਹ ਕੀਤੀ ਕਿ ਭਗਤ ਸਿੰਘ ਜੇਲ ਚੋਂ ਬਾਹਰ ਨਿਕਲ ਸਕੇ ਤਾਂ ਅੰਗਰੇਜ਼ੀ ਸਾਮਰਾਜ ਪੁਰ ਬਹੁਤ ਵੱਡੀ ਸੱਟ ਬਜ ਸਕਦੀ ਹੈ। ਝੰਡੇ ਨਾਲ ਗੱਲ ਹੋਈ ਤਾਂ ਉਸ ਫੌਰਨ ਹਾਂ ਕਰ ਦਿੱਤੀ ਤੇ ਪਿਸਤੌਲ ਸਣੇ ਗੋਲੀਆਂ, ਤੇ ਜੰਗਲਾਂ ਕਟਨ ਦੀ ਤਾਰ ਹਫਤੇ ਦੇ ਅੰਦਰ 2 ਜੇਲ੍ਹ 'ਚ ਮੰਗਵਾਉਣ ਦਾ ਇਕਰਾਰ ਕਰ ਲਿਆ। ਸਾਥ ਹੀ ਏਹ ਵੀ ਸਲਾਹ ਬਣੀ ਕਿ ਝੰਡਾ ਭਗਤ ਸਿੰਘ ਨੂੰ ਫਾਂਸੀ ਵਾਲੀ ਕੋਠੀ 'ਚੋਂ ਕੱਢ ਕੇ ਸਾਡੀ ਮੋਰਾ ਬੈਰਕ ਜੋ ਜੇਲ੍ਹ ਦੇ ਦੂਜੇ ਸਿਰੇ ਸੀ ਲੈ ਆਵੇਗਾ।

ਇੱਥੇ ਅਸੀਂ ਮੰਜੇ ਤੋਂ ਬਾਣ ਤੇ ਦੌਣ ਨਾਲ ਤਟੀਆਂ ਤੋਂ ਬਾਂਸ ਲਾਹ ਕੇ ਪੌੜੀ ਬਣਾ ਛਡਾਂਗੇ ਤੇ ਇਥੋਂ ਸਾਡੇ ਚੋਂ ਇਕ (ਕਾਬਲ ਸਿੰਘ) ਨਾਲ ਚਲੇਗਾ। ਪਰ ਏਸ ਪੁਰ ਅਮਲ ਹੋਣ ਤੋਂ ਪਹਿਲਾਂ ਲਾਜ਼ਮੀ ਸੀ ਕਿ ਸ. ਭਗਤ ਸਿੰਘ ਭੁੱਖ ਹੜਤਾਲ ਤੋੜ ਦੇਣ। ਕਿਉਂਕਿ ਗ਼ੈਰ ਇਲਾਕੇ ਬੀਮਾਰ ਨੂੰ ਚੁੱਕ ਕੇ ਲੈ ਜਾਣਾ ਬਹੁਤ ਕਠਿਨ ਸੀ। ਪਸਤੌਲ ਆਦਿ ਦਾ ਬੰਦੋਬਸਤ ਹੋ ਗਿਆ ਪਰ ਸ. ਭਗਤ ਸਿੰਘ ਭੁੱਖ ਹੜਤਾਲ ਛੱਡਣ ਨੂੰ ਨਾ ਮੰਨੇ ਉਨ੍ਹਾਂ ਦਾ ਖਿਆਲ ਸੀ ਕਿ ਪਤਾ ਨਹੀਂ ਪੁਲਸ ਉਨ੍ਹਾਂ ਨੂੰ ਕੇਹੜੇ ਵੇਲੇ ਲਾਹੌਰ ਲੈ ਜਾਏ? ਏਸ ਲਈ ਐਵੇਂ ਡੋ ਡੋ ਹੋ ਜਾਣ ਦਾ ਡਰ ਹੈ। ਉਨ੍ਹਾਂ ਦੇ ਹੱਠ ਕਰਨ ਪੁਰ ਏਹ ਤਜਵੀਜ਼ ਛਡਣੀ ਪਈ। ਏਸ ਤੋਂ ਬਾਅਦ ਮੈਂ ਉਨ੍ਹਾਂ ਦੀ ਹਮਦਰਦੀ 'ਚ ਭੁੱਖ ਹੜਤਾਲ ਕਰ ਦਿੱਤੀ ਮੇਰੇ ਦੋ ਕੁ ਹਫਤੇ ਬਾਅਦ ਕੌਮੀ ਜੀ, ਮੁਨਸ਼ੀ ਅਹਿਮਦ ਦੀਨ ਤੇ ਰਾਮ ਚੰਦਰ ਜੀ ਨੇ ਵੀ ਭੁੱਖ ਹੜਤਾਲ ਕਰ ਦਿੱਤੀ। ਸ. ਭਗਤ ਸਿੰਘ ਜੀ ਨੂੰ ਛੇਤੀ ਹੀ ਲਾਹੌਰ ਲੈ ਜਾਇਆ ਗਿਆ। ਸਪੈਸ਼ਲ ਮਜਿਸਟਰੇਟ ਨਾਲ ਝਗੜਾ ਹੋ ਜਾਣ ਕਰਕੇ ਸ. ਭਗਤ ਸਿੰਘ ਜੀ ਆਪਣੀ ਮਰਜ਼ੀ ਦਾ ਬਿਆਨ ਨਾ ਦੇ ਸਕੇ।

ਆਪ ਜੀ ਦੀ ਤੇ ਆਪ ਦੇ ਸਾਥੀਆਂ ਦੀ ਫਾਂਸੀ ਦੀ ਸਜ਼ਾ ਹਟਾਉਣੀ ਵਾਇਸਰਾਏ ਨੇ ਮੰਨ ਲਈ ਸੀ, ਪਰ ਏਹ ਫੈਸਲਾ ਸਾਡੇ ਇਕ ਲੀਡਰ ਨੇ ਸ਼ੇਖੀ 'ਚ ਆ ਕੇ ਆਊਟ ਕਰ ਦਿੱਤਾ ਤੇ ਸੀ.ਆਈ.ਡੀ. ਅਫਸਰਾਂ ਦੇ ਵਾ-ਵੇਲਾ ਕਰਨ ਪੁਰ ਆਪ ਨੂੰ ਆਪ ਦੇ ਸਾਥੀ ਸਮੇਤ ਸ਼ਾਮ ਵੇਲੇ ਫਾਂਸੀ ਪੁਰ ਲਟਕਾ ਦਿੱਤਾ ਗਿਆ ਤੇ ਉਥੇ ਹੀ ਸਰੀਰ ਦੇ ਟੁਕੜੇ ਕਰਕੇ ਛੋਟੇ ਦਰਵਾਜ਼ੇ ਰਾਹੀਂ ਬੋਰੀਆਂ 'ਚ ਪਾ ਕੇ ਮੋਟਰ ਪੁਰ ਫੀਰੋਜ਼ਪੁਰ ਦੇ ਲਾਗੇ ਸਤਲੁਜ ਦੇ ਕੰਢੇ ਸਸਕਾਰ ਕਰ ਦਿੱਤਾ ਗਿਆ। ਸ. ਭਗਤ ਸਿੰਘ ਜੀ ਨਾਲ ਰਹਿਣ ਦਾ ਭਾਵੇਂ ਮੈਨੂੰ ਬਹੁਤ ਥੋੜ੍ਹਾ ਸਮਾਂ ਮਿਲਿਆ ਪਰ ਉਨ੍ਹਾਂ ਦਾ ਹੰਸੂ-ਹੰਸੂ ਕਰਦਾ ਚਿਹਰਾ ਲਟਬੌਰੀਆਂ ਵਾਂਗ ਪਗੜੀ ਦਾ ਲੜ ਉਪਰ ਨੂੰ ਸਿਟਿਆ ਹੋਇਆ ਤੇ ਇਕ ਚੰਗੇ ਸੁਲਝੇ ਹੋਏ ਦਿਮਾਗ ਤੇ ਸਾਰੀ ਦੁਨੀਆਂ ਦੇ ਖ਼ਤਰਿਆਂ ਤੋਂ ਲਾ-ਪ੍ਰਵਾਹ ਸੱਜਣ ਦੀ ਯਾਦ ਤਾਜ਼ਾ ਰਹੇਗੀ।

ਸ. ਭਗਤ ਸਿੰਘ ਦੇ ਫਾਂਸੀ ਲਟਕਾਏ ਜਾਣ ਉਪਰੰਤ ਇਕ ਗੱਲ ਜਿਸ ਨੇ ਮੈਨੂੰ ਬਹੁਤ ਦੁਖੀ ਕੀਤਾ ਉਹ ਇਹ ਸੀ ਕਿ ਇਕ ਪ੍ਰਤਾਪ ਸਿੰਘ ਨਾਮੀ ਮਜ਼ਬੀ ਸਿੱਖ, ਜੋ ਸੀ.ਆਈ.ਡੀ. ਦਾ ਮੁਲਾਜ਼ਮ ਸੀ, ਨੂੰ ਮੇਰੇ ਪਾਸ, 108 ਦਫਾ ਅਵਾਰਾਗਰਦੀ 'ਚ ਫੜ੍ਹ ਕੇ ਰਖਿਆ ਗਿਆ ਜੋ ਸਾਡੀ ਸੂਹ ਲੈਂਦਾ ਤੇ ਆਪਣੇ ਮਹਿਕਮੇਂ ਨੂੰ ਭੇਜਦਾ ਸੀ। ਪਰ ਉਹ ਆਪਣੀ ਅਸਲੀ ਪਹਿਚਾਣ ਲੁਕੋਣ ਲਈ ਆਪਣੇ ਆਪ ਨੂੰ ਸਰ ਜੋਗਿੰਦਰ ਸਿੰਘ ਦਾ ਭਣੇਵਾਂ ਕਹਿੰਦਾ ਸੀ। ਸਾਨੂੰ ਦੇਰ ਬਾਅਦ ਇਹ ਭੇਦ ਖੁਲ੍ਹਿਆ ਤੇ ਅਸੀਂ ਉਸ ਰਾਤ ਉਸ ਨੂੰ ਖੂਬ ਫਾਂਟਾ ਵੀ ਚਾੜ੍ਹਿਆ। ਪਰ ਮਗਰੋਂ ਕੁਝ ਦਿਨੀਂ ਬਾਅਦ ਹੀ ਉਸ ਨੂੰ ਬਾਹਰ ਕੱਢ ਦਿੱਤਾ ਗਿਆ, ਜਿਸ ਦਾ ਸਾਨੂੰ ਪਤਾ ਤਕ ਨ ਲੱਗਣ ਦਿੱਤਾ ਗਿਆ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਮਹੀਨਾਵਾਰ ਪ੍ਰੋਗਰਾਮ

## ਮੇਅਰ ਕੈਰਲ ਦੱਤਰਾ ਅਤੇ ਵਾਈਸ ਮੇਅਰ ਲਿੱਲੀ ਦਾ ਸਨਮਾਨ













ਫਰੀਮਾਂਟ (ਡੀ. ਡੀ. ਬੀ.)- ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰਿਆ (ਕੈਲੇਫੋਰਨੀਆ) ਨੇ ਆਪਣਾ ਮਹੀਨਾਵਾਰ ਪ੍ਰੋਗਰਾਮ ਇਸ ਵਾਰ ਨਵੀਂ ਲੁਕੇਸ਼ਨ ਨਿਊਆਰਕ ਕਮਿਊਨਿਟੀ ਸੈਂਟਰ, 35501, ਸੀਡਰ ਬੁਲੇਵਾਰਡ ਨਿਊਆਰਕ (ਕੈਲੇਫੋਰਨੀਆ) 94560 ਵਿਖੇ ਬਹੁਤ ਸ਼ਰਧਾ ਪੂਰਵਕ ਮਨਾਇਆ। ਇਸ ਮੌਕੇ ਸੰਗਤਾਂ ਨੇ ਭਰਵੀਂ ਹਾਜ਼ਰੀ ਭਰੀ। ਇਸ ਮੌਕੇ ਭੋਗ ਪਾਏ ਜਾਣ ਉਪਰੰਤ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਤੇ ਉਹਨਾਂ ਦੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਅੱਜ ਦੇ ਇਸ ਪ੍ਰੋਗਰਾਮ ਤੇ ਯੂਨੀਅਨ ਸਿਟੀ ਦੀ ਮੇਅਰ ਕੈਰਲ ਦੱਤਰਾ ਅਤੇ ਫਰੀਮਾਂਟ ਦੀ ਵਾਈਸ ਮੇਅਰ ਲਿੱਲੀ ਨੇ ਕਮੇਟੀ ਦੇ ਉਪਰਾਲੇ, ਯਤਨਾਂ ਮੌਕੇ ਉਚੇਚੇ ਤੌਰ ਤੇ ਸ਼ਰਧਾ ਪੂਰਵਕ ਹਾਜ਼ਰੀ ਭਰੀ ਅਤੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਉਹਨਾਂ ਸ੍ਰੀ ਗੁਰੂ ਰਵਿਦਾਸ ਜੀ ਦੀ ਉਪਮਾ 'ਚ ਦੋ ਸ਼ਬਦ ਬੋਲਦਿਆਂ ਸਮੂਹ ਕਮੇਟੀ ਦਾ ਧੰਨਵਾਦ ਕਰਦਿਆਂ ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਸਾਨੂੰ (ਮੈਡਮ ਕੈਰਲ ਦੱਤਰਾ ਅਤੇ ਮੈਡਮ ਲਿੱਲੀ) ਜੋ ਯੂਨੀਅਨ ਸਿਟੀ ਅਤੇ ਫਰੀਮਾਂਟ ਦੀ ਮੇਅਰ ਵਾਸਤੇ ਚੋਣ ਲੜ ਰਹੀਆਂ ਹਨ, ਨੂੰ ਆਪਣਾ ਕੀਮਤੀ ਵੋਟ ਪਾਉਣ ਲਈ ਅਪੀਲ ਕੀਤੀ ਅਤੇ ਉਹਨਾਂ ਵਿਸ਼ਵਾਸ ਦਿਵਾਇਆ ਕਿ ਉਹ ਜਿੱਤਣ ਉਪਰੰਤ ਹਰ ਸੰਭਵ ਕੋਸ਼ਿਸ਼ ਕਰਨਗੇ ਕਿ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਬਣਾਉਣ ਦੇ ਪ੍ਰਾਜੈਕਟ ਵਾਸਤੇ ਹਰ ਕਿਸਮ ਦੀ ਮਦਦ ਕਰਨਗੇ।

ਇਸ ਉਪਰੰਤ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰਿਆ ਦੇ ਪ੍ਰਬੰਧਕਾਂ ਸਰਵ ਸ੍ਰੀ ਹਰਮੇਸ਼ ਮਦਾਰਾ (ਚੇਅਰਮੈਨ, ਵਿਨੋਦ ਕੁਮਾਰ ਚੁੰਬਰ (ਵਾਈਸ ਚੇਅਰਮੈਨ), ਸ਼ਿਵ ਸਿੱਧੂ (ਕੈਸ਼ੀਅਰ), ਤੇ ਕੇਵਲ ਸਿੰਘ (ਉਪ ਪ੍ਰਧਾਨ) ਅਤੇ ਸਥਾਨਕ ਲੀਡਰਾਂ ਆਦਿ ਨੇ ਉਪਰੋਕਤ ਮੈਡਮਾਂ ਦੇ ਸਬੰਧ 'ਚ ਦੋ ਸ਼ਬਦ ਰੱਖਦਿਆਂ ਉਹਨਾਂ ਨੂੰ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਉਪਰੰਤ ਮੈਡਮ ਕੈਰਲ ਦੱਤਰਾ ਅਤੇ ਮੈਡਮ ਲਿੱਲੀ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤੋਖ ਸਰੋਇਆ, ਮਹਿੰਦਰ ਸਿੰਘ ਮਾਹੀ, ਰਾਮ ਲੁਭਾਇਆ ਤੇ ਹੋਰ ਸ਼ਖਸੀਅਤਾਂ ਨੇ ਦੋਵੇਂ ਮੈਡਮਾਂ ਦਾ ਨਿੱਘਾ ਸਵਾਗਤ ਕੀਤਾ ਤੇ ਸਮੂਹ ਸੰਗਤ ਨੂੰ ਉਹਨਾਂ ਵਾਸਤੇ ਇਲੇਕਸ਼ਨ ਫੰਡ ਵੀ ਇਕੱਠਾ ਕਰਕੇ ਦਿੱਤਾ।

ਵਾਈਸ ਚੇਅਰਮੈਨ ਨੇ ਕੈਰਲ ਦੱਤਰਾ ਅਤੇ ਲਿੱਲੀ ਦਾ ਜਿੱਥੇ ਆਉਣ ਤੇ ਨਿੱਘਾ ਸਵਾਗਤ ਕੀਤਾ, ਉਥੇ ਉਹਨਾ ਦਾ ਧੰਨਵਾਦ ਕਰਦਿਆਂ ਆਪਣਾ ਅਤੇ ਸਮੂਹ ਸੰਗਤ ਵੱਲੋਂ ਪੂਰਨ ਸਮਰਥਨ ਦੇਣ ਦਾ ਵਿਸ਼ਵਾਸ ਜਿਤਾਇਆ।

ਕੈਸ਼ੀਅਰ ਸ਼ਿਵ ਸਿੱਧੂ ਨੇ ਦਾਨੀ ਪਰਿਵਾਰਾਂ ਵੱਲੋਂ ਮਿਲੀ ਧਨ ਰਾਸ਼ੀ ਪੜ੍ਹ ਕੇ ਸੁਣਾਈ। ਅੰਤ ਵਿਚ ਗੁਰੂ ਦੇ ਅਤੁੱਟ ਕੜਾਹ ਪ੍ਰਸ਼ਾਦ ਅਤੇ ਲੰਗਰ ਵਰਤਾਏ ਗਏ। ਹੋਰ ਜਾਣਕਾਰੀ ਲਈ ਵਿਨੋਦ ਕੁਮਾਰ ਚੁੰਬਰ ਨਾਲ 530-953-9800 ਅਤੇ ਹਰਮੇਸ਼ ਮਦਾਰਾ ਨਾਲ 510-386-1702 ਤੇ ਸੰਪਰਕ ਕੀਤਾ ਜਾ ਸਕਦਾ ਹੈ।




MAJESTIC HOMES

SALE PENDING
$338,888
3314 Canim Ct
Antioch

3 Bedrooms and 2 Bathrooms - Best Deal in Antioch
Cozy 3 Bedrooms, 2 bath and 2 car garage in a court location on a 6600 sqft lot. Granite counter tops in kitchen. Fresh paint inside. Dual pane windows. Fire place in living room. Central heating and air conditioning. Storage shed in the backyard, new fence. Possible RV parking. Single story home. Court location.



SOLD $ 348,888
59 E. Lake Drive Antioch
4 Bedrooms and
2 bath Home in Antioch

4 Bedrooms, 2 bath and 2 car garage. Upgraded kitchen, bath and Carpet about 8 years ago. 2 bedrooms and a bath down stairs. Very convenient location.



COMING SOON
3201 Magicwoods Ct Sacramento
$278,888
3 Bedrooms and 2 Bathrooms - Home in Sacramento
Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Specialist
Director - East Bay Regional Data, Inc.
925) 779-1234



Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509
Service Excellence - Experience the Difference
WWW.MajesticHomes.US Email: Ramesh@RameshSuman.com

# ਦਲਿਤ ਅੱਤਿਆਚਾਰ ਦੀ ਇੱਕ ਹੋਰ ਦਾਸਤਾਨ ਪਿੰਡ ਜਲੂਰ

ਕੁੱਝ ਸਮੇਂ ਤੋਂ ਪੰਜਾਬ ਵਿੱਚ ਦਲਿਤਾਂ 'ਤੇ ਅੱਤਿਆਚਾਰਾਂ ਦਾ ਲੜੀਵਾਰ ਸ਼ੁਰੂ ਹੋਇਆ ਸਿਲਸਿਲਾ ਰੁਕ ਨਹੀਂ ਰਿਹਾ ਹੈ। ਹਾਲ ਹੀ ਦੌਰਾਨ ਜ਼ਿਲ੍ਹਾ ਸੰਗਰੂਰ ਦੇ ਪਿੰਡ ਜਲੂਰ ਵਿੱਚ ਦਲਿਤਾਂ 'ਤੇ ਅੱਤਿਆਚਾਰ ਦਾ ਹੋਰ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਦੀ ਸ਼ੁਰੂਆਤ ਦੀਆਂ ਜੜ੍ਹਾਂ ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਤੱਕ ਜੁੜਦੀਆਂ ਹਨ। ਜ਼ਿਲ੍ਹਾ ਸੰਗਰੂਰ ਦੇ ਕੁੱਝ ਪਿੰਡਾਂ ਵਿੱਚ ਦਲਿਤਾਂ ਨੇ ਪੰਚਾਇਤੀ ਜ਼ਮੀਨ ਪ੍ਰਾਪਤ ਕਰਨ ਲਈ ਸੰਘਰਸ਼ ਵਿੱਢਿਆ ਹੋਇਆ ਹੈ। ਇਸ ਸੰਬੰਧ ਵਿੱਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਬਣੀ ਹੋਈ ਹੈ। ਜੋ ਇਲਾਕੇ ਅੰਦਰ ਕਈ ਪਿੰਡਾਂ ਵਿੱਚ ਰਾਖਵੀਂ ਜ਼ਮੀਨ ਕਿਸਾਨੀ ਕਰਦੇ ਦਲਿਤਾਂ ਨੂੰ ਸਸਤੇ ਭਾਅ 'ਤੇ ਦੇਣ ਲਈ ਕੁੱਝ ਸਮੇਂ ਤੋਂ ਸੰਘਰਸ਼ ਕਰ ਰਹੀ ਹੈ। ਇਹ ਮਾਮਲਾ ਜ਼ਮੀਨ ਲੈਣ ਦੇ ਚਾਹਵਾਨ ਦਲਿਤਾਂ ਅਤੇ ਪਹਿਲਾਂ ਤੋਂ ਇਸ ਜ਼ਮੀਨ ਨੂੰ ਆਪਣੇ ਬੰਦੇ ਖੜ੍ਹੇ ਕਰਕੇ ਵਾਹੁੰਦੇ ਰਹੇ ਕਿਸਾਨਾਂ ਦਰਮਿਆਨ ਟਕਰਾਅ ਦਾ ਬਣ ਗਿਆ ਹੈ। ਪੁਲੀਸ ਪ੍ਰਸ਼ਾਸਨ ਨੇ ਪਿੰਡ ਦੇ ਸੰਬੰਧਤ ਧਨਾਢ ਚੌਧਰੀਆਂ ਤੇ ਦਲਿਤਾਂ ਦਰਮਿਆਨ ਹੋਏ ਇਸ ਟਕਰਾਅ ਨੂੰ ਦਲਿਤਾਂ ਦੇ ਦੋ ਹਿੱਸਿਆਂ ਵਿੱਚ ਹੋਏ ਟਕਰਾਅ ਵਜੋਂ ਪੇਸ਼ ਕੀਤਾ ਹੈ। ਦਰਅਸਲ ਇਸ ਟਕਰਾਅ ਦਾ ਮੁੱਢ 10 ਮਈ 2016 ਨੂੰ ਪਿੰਡ ਵਿੱਚ ਬੀ.ਡੀ.ਪੀ.ਓ. ਵੱਲੋਂ ਪੁਲੀਸ ਸੁਰੱਖਿਆ ਵਿੱਚ ਦਲਿਤਾਂ ਲਈ ਰਾਖਵੀਂ ਜ਼ਮੀਨ ਦੀ ਬੋਲੀ ਕਰਵਾਉਣ ਤੋਂ ਬੱਝਾ। ਦਲਿਤ ਸਰਪੰਚ ਦੀ ਮਿਲੀ-ਭੁਗਤ ਨਾਲ਼ ਨਰੰਜਣ ਸਿੰਘ ਦੇ ਨੌਕਰ ਜੁਗਰਾਜ ਸਿੰਘ ਨੇ ਗੁਰਦੀਪ ਸਿੰਘ ਲਈ ਅਤੇ ਛੱਜੂ ਸਿੰਘ ਦੇ ਸੀਰੀ ਕੇਵਲ ਸਿੰਘ ਨੇ ਦਰਸ਼ਨ ਸਿੰਘ ਲਈ ਬੋਲੀ ਦਿੱਤੀ।

ਇਸ 12 ਮਈ ਨੂੰ ਸੰਘਰਸ਼ ਕਮੇਟੀ ਨੇ ਪਿੰਡ ਜਲੂਰ ਦੀ ਹੋਈ ਡੰਮੀ ਬੋਲੀ ਦੇ ਖ਼ਿਲਾਫ ਲਹਿਰਾਗਾਗਾ-ਪਾਤੜਾਂ ਸੜਕ ਜਾਮ ਕੀਤੀ। ਉਨ੍ਹਾਂ ਨੇ ਸਖ਼ਤ ਰੋਸ ਪ੍ਰਗਟ ਕੀਤਾ ਪਰ ਪ੍ਰਸ਼ਾਸਨ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਸ ਮਗਰੋਂ ਸੰਘਰਸ਼ ਕਮੇਟੀ ਦੇ ਕਾਰਕੁਨਾਂ ਨੇ 26-27 ਮਈ ਨੂੰ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰ ਲਿਆ। ਸੈਂਕੜੇ ਦਲਿਤਾਂ ਨੇ ਕਰੀਬ 15 ਦਿਨ ਖੇਤ 'ਚ ਹੀ ਡੇਰੇ ਲਾ ਲਏ।

ਪੁਲੀਸ ਕਬਜ਼ਾ ਛੁਡਵਾਉਣ ਵੀ ਗਈ ਪਰ ਸਫ਼ਲ ਨਹੀਂ ਹੋਈ। ਦਲਿਤਾਂ ਨੇ ਜ਼ਮੀਨ 'ਚ ਬਾਜਰਾ ਬੀਜ ਦਿੱਤਾ। ਸੰਘਰਸ਼ ਕਮੇਟੀ ਨੇ ਬੋਲੀ ਰੱਦ ਕਰਵਾਉਣ ਲਈ ਬੀ.ਡੀ.ਪੀ.ਓ., ਐਸ.ਡੀ.ਐਮ. ਅਤੇ ਡੀ.ਸੀ. ਸੰਗਰੂਰ ਅੱਗੇ ਕਈ ਵਾਰ ਪ੍ਰਦਰਸ਼ਨ ਕੀਤੇ। ਆਖਰ 10 ਜੂਨ ਨੂੰ ਪ੍ਰਸ਼ਾਸਨ ਨੇ ਪੁਲੀਸ ਦੀ ਮੱਦਦ ਨਾਲ ਖੇਤ 'ਚ ਬੈਠੇ ਦਲਿਤਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਅਤੇ ਜ਼ਮੀਨ ਦਾ ਕਬਜ਼ਾ ਉਸ ਵਿਅਕਤੀ ਨੂੰ ਕਰਵਾ ਦਿੱਤਾ ਜਿਸਨੇ ਡੰਮੀ ਬੋਲੀ ਦਿੱਤੀ ਸੀ, ਪਰ ਜ਼ਮੀਨ ਵਿੱਚ ਬਿਜਾਈ ਇੱਕ ਕਿਸਾਨ ਨੇ ਕੀਤੀ। ਇਸ ਨੂੰ ਲੈ ਕੇ 3 ਜੁਲਾਈ ਨੂੰ ਸੰਘਰਸ਼ ਕਰ ਰਹੀ ਕਮੇਟੀ ਅਤੇ ਕਿਸਾਨ ਸਮੱਰਥਕ ਦਲਿਤ ਮਹਿਲਾ ਸਰਪੰਚ ਵਿਚਕਾਰ ਸਿੱਧੀ ਲੜਾਈ ਵੀ ਹੋਈ ਅਤੇ ਦੋਹੇ ਧਿਰਾਂ ਹਸਪਤਾਲ ਵਿੱਚ ਦਾਖ਼ਲ ਹੋਈਆਂ। ਕਿਸਾਨ ਨੇ ਉਸ ਜ਼ਮੀਨ ਵਿੱਚ ਜੀਰੀ ਬੀਜੀ। ਦਲਿਤ ਸਰਪੰਚ ਸਮੇਤ ਹੋਰ ਧਿਰਾਂ ਉਸ ਦੇ ਸਮੱਰਥਨ 'ਤੇ ਰਹੀਆਂ। ਸੰਘਰਸ਼ ਕਮੇਟੀ ਲਗਾਤਾਰ ਬੋਲੀ ਰੱਦ ਕਰਨ ਨੂੰ ਲੈ ਕੇ ਮੁਜ਼ਾਹਰੇ ਕਰਦੀ ਰਹੀ। ਮਸਲਾ ਮੁੱਖ ਮੰਤਰੀ ਤੱਕ ਵੀ ਪਹੁੰਚਿਆ ਪਰ ਹੋਇਆ ਕੁੱਝ ਨਹੀਂ। ਫਿਰ ਜ਼ਮੀਨ ਸੰਘਰਸ਼ ਕਮੇਟੀ ਦੇ ਕਾਰਕੁਨਾਂ ਨੇ 30 ਸਤੰਬਰ ਦੀ ਰਾਤ ਨੂੰ ਜੀਰੀ ਵੱਢ ਦਿੱਤੀ ਤਾਂ ਪੁਲੀਸ ਨੇ ਕਮੇਟੀ ਦੇ ਕਾਰਕੁਨਾਂ 'ਤੇ ਮੁਕੱਦਮਾ ਦਰਜ ਕੀਤਾ। ਇਸ 'ਤੇ ਦੋਹਾਂ ਧਿਰਾਂ ਵਿੱਚ ਲੜਾਈ ਹੋਈ ਜਿਸ ਵਿੱਚ ਦੋਹਾਂ ਧਿਰਾਂ ਦੇ 6 ਜਣੇ ਜਖ਼ਮੀ ਹੋਏ। ਇਸ ਸਬੰਧੀ ਪੁਲੀਸ ਨੇ ਕੇਸ ਦਰਜ ਕੀਤੇ ਪਰ ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ।

ਸੰਘਰਸ਼ ਕਮੇਟੀ ਨੇ 5 ਸਤੰਬਰ ਨੂੰ ਲਹਿਰਾਗਾਗਾ ਐਸ.ਡੀ.ਐਮ. ਦਫ਼ਤਰ ਅੱਗੇ ਧਰਨਾ ਦੇ ਕੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਧਰਨੇ ਦੌਰਾਨ ਦਲਿਤ ਆਗੂਆਂ ਨੇ ਅਧਿਕਾਰੀਆਂ ਨੂੰ ਪਿੰਡ 'ਚ ਟਕਰਾਅ ਬਾਰੇ ਸੁਚੇਤ ਕੀਤਾ ਸੀ। ਉਸ ਦਿਨ ਐਸ.ਡੀ.ਐਮ. ਦਫ਼ਤਰ ਦੇ ਬਾਹਰ ਪਿੰਡ ਦੇ ਕਿਸਾਨ ਡਾਂਗਾਂ ਆਦਿ ਲੈ ਕੇ ਪੁੱਜੇ ਸਨ। ਇਸ ਤੋਂ ਬਿਨਾਂ ਪਿੰਡ ਦੇ ਗੁਰਦੁਆਰੇ ਵਿੱਚ ਬਕਾਇਦਾ ਅਨਾਊਂਸਮੈਂ-ਟਕੀਤੀ ਗਈ ਕਿ ਦਲਿਤਾਂ ਨੂੰ ਪਿੰਡ 'ਚ ਵੜਨ ਨਹੀਂ ਦੇਣਾ। ਇਨ੍ਹਾਂ ਗੱਲਾਂ ਕਾਰਨ ਪਿੰਡ ਜਲੂਰ ਵਿੱਚ ਖ਼ੂਨੀ ਟਕਰਾਅ ਹੋਇਆ। ਪ੍ਰਸ਼ਾਸਨ ਜੇ ਮੁੱਢ ਤੋਂ ਇਸ ਨੂੰ ਗੰਭੀਰਤਾ ਨਾਲ ਲੈਂਦਾ ਤਾਂ ਹਿੰਸਕ ਟਕਰਾਅ ਟਲ ਸਕਦਾ ਸੀ। ਪਰ ਉਸ ਦਿਨ ਪੁਲਿਸ ਦੀ ਹਾਜਰੀ ਵਿੱਚ ਹੀ ਦਲਿਤ ਪਰਿਵਾਰਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਘਰਾਂ ਵਿੱਚ ਜਾ-ਜਾ ਕੇ ਹਮਲਾ ਕੀਤਾ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਬਲਵਿੰਦਰ ਜਲੂਰ ਦੇ ਘਰ ਦਾ ਸਾਰਾ ਸਮਾਨ ਭੰਨ ਦਿੱਤਾ ਗਿਆ। ਉਸਦੀ ਬੁਜਰਗ ਮਾਤਾ ਦੀ ਲੱਤ ਤੋੜ ਦਿੱਤੀ ਗਈ। ਬਹੁਤ ਸਾਰੇ ਲੋਕਾਂ ਦੇ ਵਹੀਕਲ ਭੰਨ ਦਿੱਤੇ ਗਏ ਸਨ ਜਿੰਨ੍ਹਾਂ ਨਾਲ ਉਹਨਾਂ ਦੀ ਰੋਜੀ ਰੋਟੀ ਚੱਲਦੀ ਸੀ। ਲੰਬੀ ਰਾਤ ਤੱਕ ਇਹ ਲੜਾਈ ਚੱਲਦੀ ਰਹੀ। ਜੋ ਵਿਅਕਤੀ ਜਖਮੀ ਹੋਏ ਸਨ ਉਹਨਾਂ ਨੂੰ ਲੈਣ ਵਾਸਤੇ ਐਂਬੂਲੈਂਸ ਆ ਗਈ ਪਰ ਦੂਸਰੀ ਧਿਰ ਨਾ਼ਲ ਸੰਬੰਧਤ ਵਿਅਕਤੀਆਂ ਨੇ 2 ਘੰਟੇ ਐਬੂਲੈਂਸ ਨੂੰ ਪਿੰਡ 'ਚ ਨਹੀਂ ਵੜਨ ਦਿੱਤਾ। ਪੁਲਿਸ ਕੋਲ ਖੜ੍ਹ ਕੇ ਤਮਾਸ਼ਾ ਦੇਖਦੀ ਰਹੀ। ਅਗਲੇ ਦਿਨ ਸਵੇਰੇ 5 ਵਜੇ ਫਿਰ ਦਲਿਤਾਂ 'ਤੇ ਹਮਲਾ ਹੋਇਆ ਜਿਸ ਵਿੱਚ ਬਹੁਤ ਸਾਰੇ ਪਰਿਵਾਰ ਜਖਮੀ ਹੋ ਗਏ। ਪੁਲਿਸ ਵਾ਼ਲੇ ਜਖਮੀ ਹੋਏ ਵਿਅਕਤੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣ ਦਾ ਬਹਾਨਾ ਲਾ ਕੇ ਉਹਨਾਂ ਨੂੰ ਥਾਣੇ ਲੈ ਗਏ। ਜੋ ਜਖ਼ਮੀ ਹਸਪਤਾਲ 'ਚ ਦਾਖਲ ਸਨ ਉਹਨਾਂ ਨੂੰ ਹਸਪਤਾਲ ਤੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਲਹਿਰਾਗਾਗਾ, ਸੁਨਾਮ, ਸੰਗਰੂਰ ਹਸਪਤਾਲ ਵਿੱਚ ਇਲਾਜ ਕਰਵਾ ਰਹੇ ਜਖਮੀਆਂ ਨੂੰ ਪੁਲਿਸ ਨੇ ਡਰਾ-ਧਮਕਾ ਕੇ ਭੇਜ ਦਿੱਤਾ। ਉਹਨਾਂ ਨੂੰ ਬਾਅਦ ਵਿੱਚ ਮਜ਼ਬੂਰਨ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਵਾਉਣਾ ਪਿਆ। ਹੁਣ ਤੱਕ ਦਲਿਤਾਂ ਦੇ 18 ਅਤੇ ਕਿਸਾਨਾਂ ਦੇ ਦੋ ਵਿਅਕਤੀ ਪੁਲੀਸ ਨੇ ਗ੍ਰਿਫ਼ਤਾਰ ਕੀਤੇ ਹਨ। ਪਿੰਡ ਵਿੱਚ ਦਲਿਤਾਂ ਦਾ ਬਾਈਕਾਟ ਕਰ ਦਿੱਤਾ ਗਿਆ ਤੇ ਉਹਨਾਂ ਦਾ ਦੁੱਧ-ਪਾਣੀ ਬੰਦ ਕੀਤਾ ਗਿਆ। ਮਾਰ ਦੇਣ ਦੀ ਧਮਕੀ ਨੇ ਉਹਨਾਂ ਦੇ ਬੱਚਿਆਂ ਦਾ ਸਕੂਲ ਜਾਣਾ ਬੰਦ ਕਰਾ ਦਿੱਤਾ। ਘਰਾਂ ਵਿੱਚ ਰੱਖੇ ਮਜਦੂਰਾਂ ਨੂੰ ਕੰਮ ਤੋਂ ਹਟਾ ਦਿੱਤਾ ਗਿਆ। ਅਜੇ ਵੀ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਬਹੁਤ ਸਾਰੇ ਪਰਿਵਾਰ ਅਤੇ ਉਹਨਾਂ ਦੇ ਬੱਚੇ ਅਜੇ ਵੀ ਡਰ ਕਰਕੇ ਘਰਾਂ ਤੋਂ ਬਾਹਰ ਰਹਿ ਰਹੇ ਹਨ। ਪੁਲਿਸ ਨੇ ਦੋਸ਼ੀ ਕਿਸਾਨਾਂ 'ਤੇ ਪਰਚਾ ਦਰਜ ਕਰਨ ਦੀ ਬਜਾਏ ਦਲਿਤ ਪਰਿਵਾਰਾਂ 'ਤੇ ਹੀ ਇਰਾਦਾ ਕਤਲ ਦਾ ਪਰਚਾ ਦਰਜ ਕਰਕੇ ਉਹਨਾਂ ਨੂੰ ਗ੍ਰਿਫਤਾਰ ਕੀਤਾ। ਹਸਪਤਾਲਾਂ 'ਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਦਲਿਤਾਂ ਦਾ ਅੱਜ ਤੱਕ ਕੋਈ ਵੀ ਬਿਆਨ ਨਹੀਂ ਲਿਆ ਗਿਆ।



ਦਰਸ਼ਨ ਸਿੰਘ ਬਾਜਵਾ (91-98783-83053)

ਜਦ ਅਖਬਾਰਾਂ ਤੇ ਚੈਨਲਾਂ ਨੇ ਇਸ ਕਾਂਡ ਦੀ ਖ਼ਬਰ ਨੂੰ ਦਿਖਾਇਆ ਤਾਂ ਡੀ.ਐਸ.ਪੀ. ਮੂਣਕ ਨੇ ਸਮਝੌਤਾ ਕਰਵਾਉਣ ਲਈ ਗੁਰਦੁਆਰੇ ਵਿੱਚ ਵਾਰ-ਵਾਰ ਅਨਾਊਂਸਮੈਂਟ ਕਰਵਾਈ ਕਿ ਦੋਵੇਂ ਧਿਰਾਂ ਗੁਰਦੁਆਰੇ ਆਉਣ। ਪਰ ਦਲਿਤ ਪਰਿਵਾਰਾਂ ਦਾ ਕੋਈ ਨਹੀਂ ਗਿਆ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਹਮਾਇਤ ਵਿੱਚ ਬਹੁਤ ਸਾਰੀਆਂ ਕਿਸਾਨਾਂ, ਮਜਦੂਰਾਂ, ਵਿਦਿਆਰਥੀਆਂ, ਨੌਜਵਾਨਾਂ ਦੀਆਂ ਜਥੇਬੰਦੀਆਂ ਆਈਆਂ ਹਨ। ਵਿਦਿਆਰਥੀਆਂ ਅਤੇ ਨੌਜਵਾਨਾਂ ਵੱਲੋਂ ਸਹਾਇਤਾ ਕਮੇਟੀ ਬਣਾ ਕੇ ਜਖਮੀ ਪਰਿਵਾਰਾਂ ਦਾ ਇਲਾਜ ਕਰਵਾਇਆ ਜਾ ਰਿਹਾ ਹੈ। ਉਹਨਾਂ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ। ਬਜ਼ੁਰਗ ਮਾਤਾ ਦਾ ਚੰਡੀਗੜ੍ਹ ਪੀ. ਜੀ. ਆਈ. ਤੋਂ ਇਲਾਜ ਕਰਵਾਇਆ ਜਾ ਰਿਹਾ ਹੈ। ਬਹੁਤ ਸਾਰੇ ਪਰਿਵਾਰ ਰਜਿੰਦਰਾ ਹਸਪਤਾਲ ਪਟਿਆਲਾ ਵਿੱਚ ਦਾਖਲ ਹਨ। ਔਰਤਾਂ ਦੇ ਜ਼ਿਆਦਾ ਸੱਟਾਂ ਹੋਣ ਕਰਕੇ ਅਤੇ ਉਹਨਾਂ ਨੂੰ ਆਸ-ਪਾਸ ਦੇ ਹਸਪਤਾਲਾਂ ਵਿੱਚ ਦਾਖਲ ਨਾ ਕਰਨ ਕਰਕੇ ਕੁੱਝ ਔਰਤਾਂ ਨੂੰ ਇਲਾਜ ਵਾਸਤੇ ਸਰਕਾਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਦਾਖਲ ਹੋਣ ਲਈ ਮਜ਼ਬੂਰ ਹੋਣਾ ਪਿਆ ਹੈ। ਬਹੁਤ ਸਾਰੇ ਲੋਕ ਅਜੇ ਵੀ ਡਰ ਕਰਕੇ ਘਰ ਬੈਠੇ ਹਨ। ਜਖਮੀ ਹੋਏ ਪਰਿਵਾਰਾਂ ਅਤੇ ਜੇਲ੍ਹ ਵਿੱਚ ਬੰਦ ਵਿਅਕਤੀਆਂ ਦੇ ਪਰਿਵਾਰ ਤੇ ਉਹਨਾਂ ਦੇ ਪਸ਼ੂ ਭੁੱਖੇ ਮਰਨ ਲੱਗੇ। ਉਹਨਾਂ ਨੂੰ ਸਾਰਾ ਰਾਸ਼ਨ ਅਤੇ ਪਸ਼ੂਆਂ ਲਈ ਹਰਾ-ਚਾਰਾ ਸੰਘਰਸ਼ ਕਮੇਟੀ ਤੇ ਲੋਕਾਂ ਵੱਲੋਂ ਦਿੱਤਾ ਗਿਆ। ਪ੍ਰਸ਼ਾਸਨ ਇਹ ਪੇਸ਼ ਕਰ ਰਿਹਾ ਹੈ ਕਿ ਇਹ ਇੱਕ ਪਰਿਵਾਰਕ ਮਸਲਾ ਸੀ। ਇਹ ਘਟਨਾ ਜੋ ਦਲਿਤ ਵਰਗ ਨਾ਼ਲ ਵਾਪਰੀ ਹੈ ਅਤਿਅੰਤ ਨਿੰਦਣਯੋਗ ਹੈ। ਦਲਿਤਾਂ ਦੀ ਰਾਖੀ ਨਾ ਕਰ ਸਕਣ ਕਰਕੇ ਸਰਕਾਰ ਨੂੰ ਇਸ ਦਾ ਖਮਿਆਜਾ ਚੋਣਾਂ ਵਿੱਚ ਭੁਗਤਣਾ ਪੈ ਸਕਦਾ ਹੈ। ਇਸ ਵਿੱਚ ਕੋਈ ਅਤਿ ਕਥਨੀ ਨਹੀਂ ਕਿ ਸਰਕਾਰਾਂ ਦੀਆਂ ਨੀਤੀਆਂ ਸਦਕਾ ਬਹੁਤੇ ਕਿਸਾਨਾਂ ਦੀ ਹਾਲਤ ਵੀ ਦਿਨੋਂ ਦਿਨ ਦਲਿਤਾਂ ਵਾਂਗ ਹੀ ਮਾੜੀ ਹੋ ਰਹੀ ਹੈ। ਕੁੱਝ ਲੋਕਾਂ ਦੀਆਂ ਜ਼ਮੀਨਾਂ ਵਿਕ ਗਈਆਂ ਹਨ ਅਤੇ ਉਹ ਸਰਕਾਰ ਨੂੰ ਦੋਸ਼ ਦੇਣ ਦੀ ਬਜਾਏ ਆਪਣੀ ਮਾੜੀ ਹਾਲਤ ਸੁਧਾਰਨ ਲਈ ਦੂਸਰਿਆਂ ਦੀਆਂ ਜ਼ਮੀਨਾਂ ਠੇਕੇ 'ਤੇ ਲੈ ਕੇ ਖੇਤੀ ਕਰਨ ਲੱਗੇ ਹਨ। ਕਿਉਂਕਿ ਦਲਿਤ ਵਰਗ ਦੇ ਲੋਕ ਖੇਤੀ ਦੇ ਕੰਮ ਵੱਲ ਘੱਟ ਧਿਆਨ ਦਿੰਦੇ ਰਹੇ ਹਨ ਇਸ ਲਈ ਉਹਨਾਂ ਦੇ ਹਿੱਸੇ ਆਉਂਦੀਪੰਚਾਇਤੀ ਜ਼ਮੀਨ ਅਜਿਹੇ ਕਿਸਾਨਾਂ ਲਈ ਸਸਤੀ ਪੈਂਦੀ ਹੈ। ਹੁਣ ਜਦ ਦਲਿਤ ਵੀ ਖੇਤੀ ਦੇ ਕੰਮ ਵਿੱਚ ਉਤਸ਼ਾਹ ਦਿਖਾਉਣ ਲੱਗੇ ਹਨ ਤਾਂ ਪਹਿਲਾਂ ਤੋਂ ਇਸ ਜ਼ਮੀਨ 'ਤੇ ਖੇਤੀ ਕਰਦੇ ਆ ਰਹੇ ਕਿਸਾਨ ਆਪਣੇ ਤੋਂ ਮਾੜੀ ਹਾਲਤ ਵਿੱਚ ਜਿਉਂ ਰਹੇ ਦਲਿਤਾਂ ਦੇ ਹੱਕਾਂ ਨੂੰ ਹਥਿਆਉਣ ਦੇ ਰਾਹ ਪੈ ਗਏ ਹਨ। ਜਦੋਂ ਤੱਕ ਤਾਂ ਦਲਿਤ ਵਰਗ ਦੀ ਜ਼ਮੀਨ ਵਿੱਚ ਦਿਲਚਸਪੀ ਨਹੀਂ ਸੀ ਉਦੋਂ ਤੱਕ ਤਾਂ ਇਹ ਸਿਲਸਿਲਾ ਬੇਰੋਕ-ਟੋਕ ਚੱਲਦਾ ਰਿਹਾ। ਪਰ ਜਦੋਂ ਤੋਂ ਦਲਿਤਾਂ ਨੇ ਆਪਣੇ ਹਿੱਸੇ ਦੀ ਜ਼ਮੀਨ 'ਤੇ ਖ਼ੁਦ ਕਾਸ਼ਤ ਕਰਨ ਦਾ ਇਰਾਦਾ ਬਣਾਇਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਦੋਵਾਂ ਵਰਗਾਂ ਦਰਮਿਆਨ ਟਕਰਾਅ ਸ਼ੁਰੂ ਹੋ ਗਿਆ ਹੈ। ਅਜਿਹੇ ਟਕਰਾਅ ਵਿੱਚ ਆਮ ਤੌਰ 'ਤੇ ਜਾਤੀ ਸੰਗਠਨ ਆਪਣੀ ਜਾਤੀ ਦੇ ਪੱਖ ਵਿੱਚ ਆ ਖੜ੍ਹਦੇ ਹਨ। ਇਹਨਾਂ ਜਾਤੀ ਸੰਗਠਨਾਂ ਨੂੰ ਸੱਤਾਧਾਰੀਆਂ ਦਾ ਸਹਿਯੋਗ ਵੀ ਮਿ਼ਲਦਾ ਰਹਿੰਦਾ ਹੈ। ਕਿਉਂਕਿ ਦਲਿਤ ਚੇਤਨ ਹੋ ਰਹੇ ਹਨ ਇਸ ਲਈ ਉਹ ਸੱਤਾਧਾਰੀਆਂ ਦੀ ਅੱਖ ਵਿੱਚ ਰੜਕਦੇ ਰਹਿੰਦੇ ਹਨ। ਸੱਤਾ ਦੇ ਸਹਾਰੇ ਕੁੱਝ ਕੁ ਤਾਕਤਵਰ ਲੋਕ ਵੀ ਦਲਿਤਾਂ 'ਤੇ ਦਬਾਅ ਪਾਉਣਾ ਚਾਹੁੰਦੇ ਹਨ। ਇਸ ਬਾਰੇ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅਕਾਲੀ-ਭਾਜਪਾ ਦੀ ਸਰਕਾਰ ਨੇ ਦਲਿਤਾਂ ਨੂੰ ਉਹਨਾਂ ਦੇ ਬਣਦੇ ਅਧਿਕਾਰ ਦੇਣ ਦੀ ਬਜਾਏ ਆਟਾ-ਦਾ਼ਲ ਦਾ ਲਾਲੀਪਾਪ ਦੇ ਕੇ ਹੀ ਪ੍ਰਚਾਉਣ ਦੀ ਕੋਸ਼ਿਸ ਕੀਤੀ ਹੈ। ਸਰਕਾਰ ਦੇ ਨਿਰਦੇਸ਼ਾਂ ਤਹਿਤ ਪੁਲਿਸ ਜਾਂ ਸਿਵਲ ਪ੍ਰਸ਼ਾਸਨ ਵੀ ਕਿਸੇ ਦਲਿਤ ਦੀ ਜਾਂ ਕਿਸੇ ਹੋਰ ਮਜ਼ਲੂਮ ਦੀ ਨਹੀਂ ਸੁਣੇਗਾ। ਇਸ ਹਾਲਤ ਵਿੱਚ ਜਦੋਂ ਦਲਿਤ ਟਕਰਾਉ ਦੇ ਮੂਡ ਵਿੱਚ ਆਉਂਦੇ ਹਨ ਤਾਂ ਉਹਨਾਂ ਦਾ ਆਮ ਕਿਸਾਨਾਂ ਨਾ਼ਲ ਟਕਰਾਅ ਵਧਦਾ ਹੈ। ਦਲਿਤ ਵਰਗ ਦਾ ਗੁੱਸਾ ਸਰਕਾਰਾਂ ਪ੍ਰਤੀ ਨਹੀਂ ਹੁੰਦਾ ਸਗੋਂ ਕਿਸਾਨਾਂ ਪ੍ਰਤੀ ਹੀ ਹੁੰਦਾ ਹੈ। ਦੂਸਰੇ ਪਾਸੇ ਕਿਸਾਨ ਵੀ ਸਰਕਾਰ ਨੂੰ ਦੋਸ਼ ਦੇਣ ਦੀ ਬਜਾਏ ਦਲਿਤ ਵਰਗ ਵਿੱਚ ਆਈ ਚੇਤਨਾ ਨੂੰ ਹੀ ਸਿਰ ਚੜ੍ਹ ਜਾਣਾ ਸਮਝਦੇ ਹਨ। ਦਲਿਤਾਂ ਦਾ ਆਪਣੇ ਅਧਿਕਾਰਾਂ ਪ੍ਰਤੀ ਚੇਤਨ ਹੋਣਾ ਬਹੁਤ ਹੀ ਚੰਗੀ ਗੱਲ ਹੈ। ਇਸ ਦੇ ਨਾ਼ਲ ਹੀ ਆਮ ਗ਼ਰੀਬ ਕਿਸਾਨ ਅਤੇ ਦਲਿਤਾਂ ਦਾ ਆਪਸੀ ਟਕਰਾਅ ਹੋਣਾ ਚੰਗੀ ਗੱਲ ਨਹੀਂ ਹੈ। ਕਿਸਾਨਾਂ ਦੀਆਂ ਭਾਵੇਂ ਵੱਖੋ-ਵੱਖਰੀਆਂ ਜਥੇਬੰਦੀਆਂ ਹੋਣ ਪਰ ਸਮਾਜਿਕ ਹਿਤਾਂ ਲਈ ਉਹ ਹਮੇਸ਼ਾਂ ਇਕੱਠੇ ਹੋ ਜਾਂਦੇ ਹਨ। ਜਾਤੀ ਮਾਨਸਿਕਤਾ ਉਹਨਾਂ ਨੂੰ ਇਕਜੁਟ ਕਰਨ ਵਿੱਚ ਸਹਾਇਤਾ ਕਰਦੀ ਹੈ। ਦਲਿਤਾਂ ਦੀ ਨਾ ਤਾਂ ਕੋਈ ਇੱਕ ਜਥੇਬੰਦੀ ਹੈ ਅਤੇ ਨਾ ਹੀ ਉਹ ਜਾਤੀ ਤੌਰ 'ਤੇ ਹੀ ਇਕੱਤਰ ਹਨ। ਨਾ ਹੀ ਉਹਨਾਂ ਦੀ ਸਰਕਾਰ ਹੈ ਤੇ ਨਾ ਹੀ ਪ੍ਰਸ਼ਾਸਨ ਉਹਨਾਂ ਦੀ ਸੁਣਵਾਈ ਕਰਦਾ ਹੈ। ਸੰਘਰਸ਼ ਕਰਦੇ ਰਹਿਣ ਲਹੀ ਉਹਨਾਂ ਕੋ਼ਲ ਬਹੁਤੇ ਸਾਧਨ ਵੀ ਨਹੀਂ। ਇਸ ਹਾਲਤ ਵਿੱਚ ਬਿਨਾਂ ਇਕਜੁਟਤਾ ਦੇ ਉਹਨਾਂ ਨੂੰ ਸੰਘਰਸ਼ ਦੇ ਰਾਹ ਪਾਉਣਾ ਠੀਕ ਨਹੀਂ ਹੈ। ਤੋਪਾਂ ਦਾ ਮੁਕਾਬਲਾ ਫੂਕਣੀਆਂ ਨਾ਼ਲ ਨਹੀਂ ਕੀਤਾ ਜਾ ਸਕਦਾ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਿੱਚ ਵਿਦਿਆਰਥੀ ਸੰਗਠਨਾਂ ਦੇ ਨੌਜਵਾਨ ਹਨ ਜਿਹੜੇ ਉਤਸ਼ਾਹ 'ਚ ਕੰਮ ਕਰਦੇ ਹਨ। ਪਰ ਸ਼ਾਇਦ ਉਹਨਾਂ ਵਿੱਚ ਅਜੇ ਸੂਝ ਦੀ ਕਮੀ ਹੈ। ਅਜਿਹੇ ਮਾਮਲਿਆਂ ਵਿੱਚ ਹੱਥ ਉਦੋਂ ਹੀ ਪਾਉਣਾ ਚਾਹੀਦਾ ਹੈ ਜਦੋਂ ਅਸੀਂ ਸ਼ਾਸਨ ਤੇ ਪ੍ਰਸ਼ਾਸਨ ਦੀ ਧਿਰ ਵੱਲੋਂ ਕਮਜ਼ੋਰ ਨਾ ਹੋਈਏ।

# ਚੋਣਾਂ ਸਮੇਂ ਫਿਰ ਯਾਦ ਆਇਆ ਰਾਮ ਮੰਦਰ

ਦਰਸ਼ਨ ਸਿੰਘ ਬਾਜਵਾ

2014 ਦੀਆਂ ਆਮ ਲੋਕ ਸਭਾ ਚੋਣਾਂ ਸਮੇਂ ਭਾਰਤੀ ਜਨਤਾ ਪਾਰਟੀ ਨੇ ਰਾਮ ਮੰਦਰ ਦੀ ਗੱਲ ਨਹੀਂ ਕੀਤੀ ਸਗੋਂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰੇਂਦਰ ਮੋਦੀ ਰਾਹੀਂ 'ਸਭ ਕਾ ਸਾਥ ਸਭ ਕਾ ਵਿਕਾਸ' ਦਾ ਨਾਅਰਾ ਦੇ ਕੇ ਜਨਤਾ ਤੋਂ ਸਹਿਯੋਗ ਦੀ ਮੰਗ ਕੀਤੀ ਸੀ। ਉਸ ਸਮੇਂ ਯੂ.ਪੀ.ਏ. ਦੌਰਾਨ ਹੋਏ ਕਈ ਵੱਡੇ ਘੁਟਾ਼ਲਿਆਂ ਤੋਂ ਪ੍ਰੇਸ਼ਾਨ ਤੇ ਦੁਖੀ ਜਨਤਾ ਨੇ ਆਸ ਦੀ ਕਿਰਨ ਵਜੋਂ 'ਸਭ ਦੇ ਵਿਕਾਸ' ਦਾ ਨਾਅਰਾ ਲਾਉਣ ਵਾ਼ਲੇ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਸਵਿਕਾਰ ਕਰਕੇ ਭਾਜਪਾ ਦੀ ਜਿੱਤ 'ਤੇ ਮੋਹਰ ਲਗਾਈ ਸੀ। ਲੋਕਾਂ ਨੂੰ ਆਸ ਸੀ ਕਿ ਭਾਰਤੀ ਜਨਤਾ ਪਾਰਟੀ ਇਸ ਵਾਰ ਸ਼ਾਇਦ ਦੇਸ਼ ਦੇ ਵਿਕਾਸ ਦੀ ਗੱਲ ਕਰੇਗੀ ਅਤੇ ਮੰਦਰ, ਸਿਵਲ ਕੋਡ ਤੇ ਧਾਰਾ 370 ਵਗੈਰਾ ਦੀ ਗੱਲ ਨਹੀਂ ਕਰੇਗੀ। ਭਾਜਪਾ ਨੂੰ ਪੂਰਨ ਬਹੁਮਤ ਮਿਲਿਆ ਅਤੇ ਮੋਦੀ ਪ੍ਰਧਾਨ ਮੰਤਰੀ ਬਣ ਗਏ। ਇਸ ਸਮੇਂ ਦੌਰਾਨ ਹੀ ਕੁੱਝ ਰਾਜਾਂ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਆਈਆਂ ਤਦ ਵੀ ਭਾਰਤੀ ਜਨਤਾ ਪਾਰਟੀ ਨੇ ਰਾਮ ਮੰਦਰ ਦੀ ਗੱਲ ਨਹੀਂ ਕੀਤੀ ਸਗੋਂ ਸਥਾਨਕ ਮੁੱਦਿਆਂ ਨੂੰ ਪਹਿਲ ਦਿੱਤੀ। ਭਾਵੇਂ ਕਿ ਭਾਜਪਾ ਨੇ ਹਿੰਦੂਤਵ ਨੂੰ ਹੁਲਾਰਾ ਦੇਣ ਵਾ਼ਲੇ ਕੰਮ ਹੀ ਕੀਤੇ ਹਨ। ਸ਼ਾਇਦ ਭਾਰਤੀ ਜਨਤਾ ਪਾਰਟੀ ਤੋਂ ਅਜਿਹੀ ਆਸ ਰੱਖਣਾ ਮੂਰਖਤਾ ਹੈ। ਉਹਨਾਂ ਦਾ ਏਜੰਡਾ ਤਾਂ ਲੋਕਾਂ ਦੀ ਧਾਰਮਿਕ ਆਸਥਾ ਦਾ ਲਾਹਾ ਲੈਣਾ ਹੈ। ਹੁਣ ਜਦ 2017 ਵਿੱਚ ਉੱਤਰ ਪ੍ਰਦੇਸ਼ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ ਤਾਂ ਰਾਮ ਮੰਦਰ ਦਾ ਮੁੱਦਾ ਇੱਕ ਵਾਰ ਫਿਰ ਉੱਛਲ ਰਿਹਾ ਹੈ। ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲਖਨਊ ਵਿੱਚ ਰਾਮ ਲੀਲਾ ਗਰਾਊਂਡ ਵਿੱਚ ਦੁਸਹਿਰੇ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਆਪਣਾ ਭਾਸ਼ਣ ਸ਼ੁਰੂ ਕਰਨ ਤੋਂ ਪਹਿਲਾਂ 'ਜੈ ਸ਼੍ਰੀ ਰਾਮ' ਦਾ ਨਾਅਰਾ ਲਾਇਆ। ਸੂਝਵਾਨ ਲੋਕ ਇਸ ਤੋਂ ਹੀ ਅੰਦਾਜ਼ਾ ਲਗਾਉਣ ਲੱਗ ਪਏ ਸਨ ਕਿ ਹੁਣ ਫਿਰ ਰਾਮ ਮੰਦਰ ਦਾ ਮੁੱਦਾ ਉਛਾ਼ਲਿਆ ਜਾਵੇਗਾ। ਮੋਦੀ ਨੇ ਲਖਨਊ ਦੇ ਦੁਸਹਿਰੇ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਹੀ ਇਸ ਲਈ ਕੀਤਾ ਸੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਹਮੇਸ਼ਾ ਹੀ ਦਿੱਲੀ ਦੇ ਦੁਸਹਿਰੇ ਦੇ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਰਹੇ ਹਨ। ਜਦੋਂ ਮੋਦੀ ਜੀ ਨੇ ਲਖਨਊ ਦੇ ਸਮਾਗਮ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ ਤਦ ਹੀ ਕੁੱਝ ਲੋਕਾਂ ਨੇ ਅੰਦਾਜ਼ਾ ਲਾ ਲਿਆ ਸੀ ਕਿ ਮੋਦੀ ਜੀ ਉੱਤਰ ਪ੍ਰਦੇਸ਼ ਵਿੱਚ ਕੀ ਗੁਲ ਖਿਲਾਉਣ ਆ ਰਹੇ ਹਨ। ਇਸ ਤੋਂ ਬਾਅਦ ਪਰਿਵਾਰਕ ਕ਼ਲੇਸ਼ ਵਿੱਚ ਉ਼ਲਝੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਵੀ ਰਾਮ ਦੇ ਨਾਂਅ ਨੂੰ ਕੈਸ਼ ਕਰਨ ਲਈ ਅਯੁੱਧਿਆ ਵਿੱਚ ਰਾਮ ਲੀਲਾ ਥੀਮ ਪਾਰਕ ਬਣਾਉਣ ਦਾ ਐਲਾਨ ਕਰ ਦਿੱਤਾ। ਕੇਂਦਰ ਸਰਕਾਰ ਦੀ ਵੀ ਅਜਿਹੀ ਹੀ ਯੋਜਨਾ ਸੀ। ਉਹ ਅਯੁੱਧਿਆ ਤੋਂ 15 ਕਿਲੋਮੀਟਰ ਦੂਰ ਰਾਮਾਇਣ ਮਿਊਜ਼ੀਅਮ ਬਣਾਉਣਾ ਚਾਹੁੰਦੀ ਸੀ। ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਕੰਮ ਲਈ ਜ਼ਮੀਨ ਦੇ ਵੀ ਦਿੱਤੀ ਸੀ।

ਇਸ ਦੌਰਾਨ ਹੀ ਭਾਜਪਾ ਨਾ਼ਲ ਸੰਬੰਧਤ ਉੱਤਰ ਪ੍ਰਦੇਸ਼ ਦੇ ਹੀ ਸੰਸਦ ਮੈਂਬਰ ਵਿਨੈ ਕਟਿਆਰ ਨੇ ਬਿਆਨ ਦਾਗ ਦਿੱਤਾ ਕਿ ਹਿੰਦੂਆਂ ਨੂੰ ਰਾਮਾਇਣ ਮਿਊਜ਼ੀਅਮ ਜਾਂ ਰਾਮ ਲੀਲਾ ਥੀਮ ਪਾਰਕ ਦੇ ਲਾਲੀਪਾਪ ਨਾ਼ਲ ਵਡਿਆਇਆ ਨਹੀਂ ਜਾ ਸਕੇਗਾ। ਲੋਕਾਂ ਦੀ ਮੰਗ ਤਾਂ ਰਾਮ ਮੰਦਰ ਦੀ ਹੈ। ਉਸ ਨੇ ਕਿਹਾ ਕਿ ਜਦੋਂ ਅਸੀਂ ਅਯੁੱਧਿਆ ਵਿੱਚ ਜਾਂਦੇ ਹਾਂ ਤਾਂ ਸੰਤ ਪੁੱਛਦੇ ਹਨ ਕਿ ਰਾਮ ਮੰਦਰ ਕਦੋਂ ਬਣੇਗਾ? ਇਸ ਬਿਆਨ ਨਾ਼ਲ ਹੀ ਇੱਕ ਵਾਰ ਫਿਰ ਰਾਮ ਮੰਦਰ ਦੀ ਚਰਚਾ ਛਿੜ ਪਈ। ਹਿੰਦੂ ਸਾਧੂਆਂ ਨੇ ਵੀ ਉਸ ਸਮੇਂ ਹੀ ਮੰਦਰ ਦੀ ਮੰਗ ਰੱਖ ਦਿੱਤੀ। ਇਸ ਤੋਂ ਬਾਅਦ ਹਮੇਸ਼ਾ ਸੁਰਖੀਆਂ ਵਿੱਚ ਰਹਿਣ ਵਾ਼ਲੇ ਭਾਜਪਾ ਦੇ ਇੱਕ ਹੋਰ ਨੇਤਾ ਸੁਬਰਾਮਨੀਅਮ ਸਵਾਮੀ ਨੇ ਵੀ ਵਿਨੈ ਕਟਿਆਰ ਦੀ ਮੰਗ ਦੀ ਹਮਾਇਤ ਕਰ ਦਿੱਤੀ। ਉਸਨੇ ਕਿਹਾ ਕਿ ਮੈਂ ਰਾਮ ਮੰਦਰ ਬਣਾਏ ਜਾਣ ਲਈ ਅਦਾਲਤ ਵਿੱਚ ਪਟੀਸ਼ਨ ਦਾਖਲ ਕਰਾਂਗਾ। ਸਰਕਾਰ ਦਾ ਫਰਜ ਬਣਦਾ ਹੈ ਕਿ ਉਹ ਕੋਰਟ ਵਿੱਚ ਇਸ ਸੰਬੰਧੀ ਹਰ ਰੋਜ਼ ਸੁਣਵਾਈ ਕੀਤੇ ਜਾਣ ਲਈ ਅਰਜੀ ਦਾਖ਼ਲ ਕਰੇ।

ਖੁਦ ਨੂੰ ਸੈਕੂਲਰ ਕਹਾਉਣ ਵਾ਼ਲੀਆਂ ਪਾਰਟੀਆਂ ਵੀ ਕਦੇ ਖੁੱਲ੍ਹ ਕੇ ਰਾਮ ਮੰਦਰ ਬਣਾਏ ਜਾਣ ਦੇ ਖ਼ਿਲਾਫ਼ ਨਹੀਂ ਬੋਲਦੀਆਂ। ਧਾਰਮਿਕ ਭਾਵਨਾਵਾਂ ਭੜਕਾ ਕੇ ਰਾਮ ਮੰਦਰ ਦੇ ਮੁੱਦੇ ਨੂੰ ਹਵਾ ਦੇਣ ਵਾ਼ਲੀ ਅਸਲ ਵਿੱਚ ਕਾਂਗਰਸ ਹੈ। ਕਾਂਗਰਸ ਦੀ ਸੱਤਾ ਦੇ ਸਮੇਂ ਹੀ ਬਾਬਰੀ ਮਸਜਿਦ ਅੰਦਰ ਮੂਰਤੀਆਂ ਰਖਵਾਈਆਂ ਗਈਆਂ। ਫਿਰ ਰਾਜੀਵ ਗਾਂਧੀ ਨੇ ਪੂਜਾ ਦੀ ਇਜਾਜ਼ਤ ਦਿਵਾਈ। ਫਿਰ ਇਹ ਮੁੱਦਾ ਭਾਰਤੀ ਜਨਤਾ ਪਾਰਟੀ ਦੇ ਹੱਥਾਂ ਵਿੱਚ ਆ ਗਿਆ। ਕਾਂਗਰਸ ਦੀ ਸਰਕਾਰ ਸਮੇਂ ਹੀ ਪੀ.ਵੀ. ਨਰਸਿਮਹਾ ਰਾਓ ਦੀ ਅੰਦਰੂਨੀ ਸਹਿਮਤੀ ਕਾਰਨ ਹੀ ਬਾਬਰੀ ਮਸਜਿਦ ਨੂੰ ਗਿਰਾਇਆ ਗਿਆ। ਭਾਵੇਂ ਮੁਲਾਇਮ ਸਿੰਘ ਦੀ ਸਰਕਾਰ ਸਮੇਂ ਕਾਰ ਸੇਵਕਾਂ 'ਤੇ ਗੋ਼ਲੀ ਚੱਲੀ ਸੀ। ਪਰ ਬਾਅਦ ਵਿੱਚ ਮੁਲਾਇਮ ਸਿੰਘ ਨੇ ਇਸ ਨੂੰ ਗਲਤੀ ਵਜੋਂ ਸਵਿਕਾਰ ਲਿਆ ਸੀ। ਉਸਦਾ ਕਾਰ ਸੇਵਕਾਂ 'ਤੇ ਗੋ਼ਲੀ ਚਲਾਉਣ ਦੀ ਗਲਤੀ ਮੰਨਣਾ ਵੀ ਇੱਕ ਤਰ੍ਹਾਂ ਵਧਦੇ ਜਾ ਰਹੇ ਹਿੰਦੂਵਾਦ ਅੱਗੇ ਗੋਡੇ ਟੇਕਣਾ ਹੀ ਸੀ। ਅੱਜ ਅਖਿਲੇਸ਼ ਯਾਦਵ ਇਸ ਤੋਂ ਅਗਲਾ ਕਦਮ ਚੁੱਕਦਿਆਂ ਰਾਮ ਲੀਲਾ ਥੀਮ ਪਾਰਕ ਦੀ ਸ਼ੁਰੂਆਤ ਕਰ ਰਿਹਾ ਹੈ। ਅਖਿਲੇਸ਼ ਦਾ ਇਹ ਕਦਮ ਭਾਵੇਂ ਪਾਰਟੀ ਦੀ ਅੰਦਰੂਨੀ ਕਲ੍ਹਾ ਤੇ ਗੁੱਟਬਾਜ਼ੀ ਕਾਰਨ ਹੁੰਦੇ ਨੁਕਸਾਨ ਦੀ ਪੂਰਤੀ ਕਰਨਾ ਹੋ ਸਕਦਾ ਹੈ। ਪਰ ਇੱਕ ਗੱਲ ਸਾਫ਼ ਹੈ ਕਿ ਜੇਕਰ ਰਾਮ ਦੇ ਨਾਂਅ 'ਤੇ ਵੋਟ ਮਿਲਦੇ ਹਨ ਤਾਂ ਹਰ ਕੋਈ ਵਹਿੰਦੀ ਗੰਗਾ ਵਿੱਚ ਹੱਥ ਧੋ ਲੈਣ ਦੀ ਕੋਸ਼ਿਸ਼ ਵਿੱਚ ਹੈ। ਭਾਵੇਂ ਰਾਮ ਮੰਦਰ ਬਣਾਉਣਾ ਕਿਸੇ ਪਾਰਟੀ ਦੀ ਵੀ ਪ੍ਰਾਥਮਿਕਤਾ ਨਾ ਹੋਵੇ। ਅਸਲ ਵਿੱਚ ਰਾਮ ਮੰਦਰ ਦੇ ਨਾਂਅ 'ਤੇ ਹਿੰਦੂ ਲੋਕ ਜੁੜਦੇ ਹਨ। ਇਸ ਲਈ ਕੋਈ ਵੀ ਪਾਰਟੀ ਇਸ ਮੁੱਦੇ ਨੂੰ ਹੱਥ 'ਚੋਂ ਨਹੀਂ ਛੱਡਣਾ ਚਾਹੁੰਦੀ।

ਮੁੱਠੀ ਭਰ ਲੋਕਾਂ ਨੂੰ ਛੱਡ ਕੇ ਸਾਰਾ ਭਾਰਤ ਰਾਮ ਰਾਮ ਕਰਦਾ ਫਿਰ ਰਿਹਾ ਹੈ। ਇਸ ਦਾ ਲਾਹਾ ਲੈਂਦਿਆਂ ਸਾਰੀਆਂ ਰਾਜਨੀਤਕ ਪਾਰਟੀਆਂ ਇਸ ਆਸਥਾ ਨੂੰ ਹੋਰ ਹਵਾ ਦਿੰਦੀਆਂ ਹਨ। ਹਿੰਦੂਆਂ ਦੀ ਤਾਂ ਗੱਲ ਹੀ ਛੱਡੋ ਸਿੱਖਾਂ ਦੇ ਮਨਾਂ ਵਿੱਚ ਵੀ ਰਾਮ ਵਸਿਆ ਹੋਇਆ ਹੈ। ਇਹ ਰਾਮ ਅਯੁੱਧਿਆ ਪਤੀ ਰਾਮ ਹੈ ਜਾਂ ਰਸਾਇਣੀ ਰਾਮ, ਇਸਦੇ ਫ਼ਰਕ ਦਾ ਵੀ ਸਿੱਖਾਂ ਨੂੰ ਕੋਈ ਪਤਾ ਨਹੀਂ। ਬਸ ਰਾਮ ਰਾਮ ਹੋ ਰਿਹਾ ਹੈ। ਅਯੁੱਧਿਆ ਦੇ ਦਸ਼ਰਥ ਦੇ ਪੁੱਤਰ ਰਾਮ ਚੰਦਰ ਨੂੰ ਗੁਰਮਤਿ ਨਹੀਂ ਮੰਨਦੀ। ਗੁਰਮਤਿ ਤਾਂ ਰਸਾਇਣੀ ਰਾਮ ਨੂੰ ਮੰਨਦੀ ਹੈ ਜਿਸਦਾ ਜ਼ਿਕਰ ਰਾਮ ਚੰਦਰ ਤੋਂ ਵੀ ਪਹਿਲਾਂ ਹੁੰਦਾ ਆਇਆ ਹੈ। ਸਿੱਖਾਂ ਦੇ ਧਾਰਮਿਕ ਗ੍ਰੰਥ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੋਵੇਂ ਤਰ੍ਹਾਂ ਦੇ ਰਾਮ ਆਉਂਦੇ ਹਨ। ਇੱਥੇ ਜਦੋਂ ਰਸਾਇਣੀ ਰਾਮ ਦਾ ਜ਼ਿਕਰ ਹੈ ਤਾਂ ਸ਼ਰਧਾ ਵਸ ਜ਼ਿਕਰ ਹੈ ਅਤੇ ਜਦੋਂ ਦਸਰਥ ਦੇ ਪੁੱਤਰ ਰਾਮ ਚੰਦਰ ਦਾ ਜ਼ਿਕਰ ਆਉਂਦਾ ਤਾਂ ਉਸਨੂੰ ਆਮ ਇਨਸਾਨਾਂ ਵਾਂਗ ਲਿਆ ਜਾਂਦਾ ਹੈ। ਉਦਾਹਰਣ ਵਜੋਂ ਬਾਬਾ ਨਾਮਦੇਵ ਜੀ ਰਾਮ ਚੰਦਰ ਦਾ ਜ਼ਿਕਰ ਕਰਦਿਆਂ ਪੰਡਤ ਨੂੰ ਆਖਦੇ ਹਨ :-

ਪਾਂਡੇ ਤੁਮਰਾ ਰਾਮ ਚੰਦੁ ਸੋ ਭੀ ਆਵਤੁ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।।

ਆਦਿ ਗ੍ਰੰਥ, ਪੰਨਾ 875

ਗੁਰੂ ਨਾਨਕ ਦੇਵ ਜੀ ਰਾਮ ਚੰਦਰ ਦਾ ਜ਼ਿਕਰ ਕਰਦਿਆਂ ਉਸਨੂੰ ਇੱਕ ਬੇਵਸ ਇਨਸਾਨ ਦੇ ਤੌਰ 'ਤੇ ਦਰਸ-ਾਉਂਦੇ ਹਨ ਜਿਹੜਾ ਆਪਣੀ ਮਤਰੇਈ ਮਾਂ ਕਰਕੇ 14 ਸਾਲ ਦਾ ਵਣਵਾਸ ਭੋਗਦਾ ਹੈ। ਵਣਵਾਸ ਦੌਰਾਨ ਹੀ ਲੰਕਾ ਪਤੀ ਰਾਵਣ ਦੀ ਭੈਣ ਸਰੂਪ ਨਖਾ ਦਾ ਨੱਕ ਕੱਟ ਕੇ ਆਪਣੀ ਪਤਨੀ ਗੁਆ ਲੈਂਦਾ ਹੈ। ਰਾਵਣ ਨਾ਼ਲ ਹੋਈ ਲੜਾਈ ਵਿੱਚ ਸਾਏ ਵਾਂਗ ਸਦਾ ਨਾ਼ਲ ਰਹਿਣ ਵਾ਼ਲਾ ਉਸ ਦਾ ਭਰਾ ਛੋਟਾ ਲਛਮਣ ਵੀ ਮੇਘਨਾਦ ਦੇ ਤੀਰ ਨਾ਼ਲ ਜਖ਼ਮੀ ਹੋ ਕੇ ਮੂਰਛਤ ਹੋ ਜਾਂਦਾ ਹੈ। ਇਸ ਤਰ੍ਹਾਂ ਦੁੱਖਾਂ ਵਿੱਚ ਘਿਰਕੇ ਪ੍ਰਮਾਤਮਾ ਕਿਹਾ ਜਾਣ ਵਾ਼ਲਾ ਉਹ ਰਾਮ ਆਮ ਇਨਸਾਨਾਂ ਵਾਂਗ ਰੋਂਦਾ ਹੈ:-

ਰੋਵੈ ਰਾਮੁ ਨਿਕਾਲਾ ਭਇਆ।।
ਸੀਤਾ ਲਛਮਣੁ ਵਿਛੁੜਿ ਗਇਆ।।

ਆਦਿ ਗ੍ਰੰਥ, ਪੰਨਾ 953-54

ਗੁਰੂ ਤੇਗ ਬਹਾਦਰ ਜੀ ਦਸਰਥ ਦੇ ਪੁੱਤਰ ਰਾਮ

**(ਬਾਕੀ ਸਫਾ 25 ਤੇ)**

# ਪ੍ਰਾਕ੍ਰਿਤੀ ਦੇ ਜੀਵਿਤ ਤੇ ਨਿਰਜਿੰਦ ਪਾਤਰ-ਉਸਾਰੀ ਨਾਲ ਸਮਾਜ ਨੂੰ ਸੇਧ ਦੇਣ ਦੇ ਰਾਹ ਤੁਰਿਆ ਰਾਹੀ- ਦਵਿੰਦਰ ਮੰਡ



ਪਰਸ਼ੋਤਮ ਲਾਲ ਸਰੋਏ
91-92175-44348

ਹਰ ਰਚਨਾਕਾਰ ਚਾਹੇ ਉਹ ਵਾਰਤਕ ਲਿਖਦਾ ਹੈ, ਕਵਿਤਾ ਜਾਂ ਗੀਤ/ਗ਼ਜ਼ਲ ਲਿਖਦਾ ਹੈ। ਹਰ ਇੱਕ ਦਾ ਆਪਣੇ ਤਰੀਕੇ ਨਾਲ ਘਟਨਾਵਾਂ ਨੂੰ ਬਿਆਨ ਕਰਨ ਦਾ ਇੱਕ ਆਪਣਾ ਹੀ ਅਲੱਗ ਅੰਦਾਜ਼ ਹੈ। ਜਦੋਂ ਵੀ ਕੋਈ ਘਟਨਾ ਮਨ ਵਿੱਚ ਉਛਾਲ ਜਾਂ ਉਬਾਲ ਪੈਦਾ ਕਰਦੀ ਹੈ ਤਾਂ ਰਚਨਾਕਾਰ ਉਸ ਦੇ ਲਈ ਪਾਤਰਾਂ ਦੀ ਖੋਜ ਕਰਦਾ ਹੈ। ਉਹ ਪਾਤਰ ਜੀਵਿਤ ਸੰਸਾਰ ਵਿੱਚੋਂ ਹੀ ਹੋ ਸਕਦੇ ਹਨ ਤੇ ਨਿਰਜੀਵ ਜਾਂ ਅਕਾਸ਼ੀ (ਜਿਨ੍ਹਾਂ ਵਿੱਚ ਜਿੰਦ ਭਾਵੇਂ ਨਹੀਂ ਪਰ ਉਸ ਨੂੰ ਦੇਖਿਆ ਤੇ ਮਹਿਸੂਸ ਕੀਤਾ ਜਾ ਸਕੇ) ਜਿਹੇ ਪਾਤਰ ਰਚਨਾਵਾਂ ਦਾ ਹਿੱਸਾ ਬਣਦੇ ਹਨ।

ਮੰਡ ਦੁਆਰਾ ਰਚਿਤ ਕੁੱਝ ਪੁਸਤਕਾਂ ਕਾਲਜ ਸਲੇਬਸ ਦਾ ਹਿੱਸਾ ਵੀ ਬਣੀਆਂ, ਜਿਹੜੀਆਂ ਕਿ ਐਮ. ਏ ਦੇ ਸਲੇਬਸ ਵਿੱਚ ਸ਼ਾਮਿਲ ਹਨ। ਮੰਡ ਦੁਆਰਾ ਰਚਿਤ ਪੁਸਤਕਾਂ ਵਿੱਚ 'ਆਪਣੇ ਆਪਣੇ ਘਾਟ', 'ਖ਼ੁਸ਼ਬੂ ਦੇ ਖੰਡਰ', 'ਚਾਨਣ ਦੀ ਲੀਹ', 'ਬਾਕੀ ਦਾ ਦਰਦ', 'ਗੰਗਾ ਜਲ ਤੇ ਹੋਰ ਕਹਾਣੀਆਂ', 'ਕਣੀਆਂ' ਆਦਿ ਸ਼ਾਮਿਲ ਹਨ। ਹੁਣ ਜਦ ਦਵਿੰਦਰ ਮੰਡ ਦੁਆਰਾ ਕਿਸੇ ਘਟਨਾ ਨੂੰ ਬਿਆਨ ਕਰਨ ਦੀ ਗੱਲ ਤੁਰਦੀ ਹੈ ਤਾਂ ਉਸ ਦੀਆਂ ਰਚਨਾਵਾਂ (ਕਹਾਣੀਆਂ, ਮਿੰਨੀ ਕਹਾਣੀਆਂ) ਪਾਤਰਾਂ ਦੀ ਭਰਮਾਰ ਵੀ ਜੀਵਿਤ ਤੇ ਨਿਰਜਿੰਦ ਵਸਤੂਆਂ ਜਾਂ ਪਸ਼ੂ ਪੰਛੀਆਂ ਨੂੰ ਲਿਆ ਗਿਆ ਦਿਖਾਈ ਦਿੰਦਾ ਹੈ। ਦਵਿੰਦਰ ਮੰਡ ਦਾ ਮੰਨਣਾ ਹੈ ਕਿ ਕੋਈ ਵੀ ਵਸਤੂ ਜਿਹੜੀ ਵੀ ਇਸ ਸਮਾਜ ਵਿੱਚ ਹੈ ਚਾਹੇ ਉਹ ਪ੍ਰਾਕ੍ਰਿਤਕ ਹੈ, ਮਾਨਵ ਪ੍ਰਵਿਰਤੀ ਨਾਲ ਸਬੰਧਤ ਹੈ, ਪਸ਼ੂ ਪੰਛੀ ਹੈ, ਚੰਨ-ਤਾਰੇ ਆਦਿ ਹਨ ਇਹ ਸੱਭ ਇਸ ਸਮਾਜ ਦਾ ਹੀ ਹਿੱਸਾ ਹਨ।

ਦਵਿੰਦਰ ਮੰਡ ਦੀ ਕਹਾਣੀਆਂ ਦੀ ਜਦ ਗੱਲ ਚੱਲਦੀ ਹੈ ਤਾਂ ਦਵਿੰਦਰ ਮੰਡ ਨੇ ਆਪਣੀਆਂ ਕਹਾਣੀਆਂ ਦਾ ਵਿਸ਼ਾ ਪਸ਼ੂਆਂ, ਪੰਛੀਆਂ, ਪਰੀਆਂ ਆਦਿ ਨੂੰ ਲਿਆ ਹੈ। ਉਸਨੂੰ ਪੜ੍ਹਨ 'ਤੇ ਇਹ ਪ੍ਰਤੀਕ ਹੁੰਦਾ ਹੈ ਕਿ ਜਿਸ ਤਰ੍ਹਾਂ ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ ਉਸੇ ਤਰ੍ਹਾਂ ਸਾਹਿਤ ਦੇ ਕਿਸੇ ਰੂਪ ਵਿੱਚਲੇ ਪਾਤਰ ਵੀ ਇੱਕੋ ਜਿਹੇ ਨਹੀਂ ਹੁੰਦੇ। ਉਹ ਪਾਤਰਾਂ ਰਾਹੀਂ ਸਥਿਤੀਆਂ ਨੂੰ ਪੈਦਾ ਹੁੰਦਾ ਦਰਸਾਉਂਦਾ ਹੈ। ਉਸ ਨੂੰ ਪੜ੍ਹਿਆਂ ਪਤਾ ਚੱਲਦਾ ਹੈ ਕਿ ਉਸ ਨੂੰ ਸਾਡੇ ਇਤਿਹਾਸ ਬਾਰੇ ਪੂਰਣ ਜਾਣਕਾਰੀ ਹੈ। ਜਦੋਂ ਦੀ ਦੁਨੀਆਂ ਬਣੀ ਹੈ ਇਸ ਸਮਾਜ ਵਿੱਚ ਦੋ ਤਰ੍ਹਾਂ ਦੇ ਪਾਤਰ ਆਉਂਦੇ ਹਨ। ਇੱਕ ਪ੍ਰਵਿਰਤੀ ਬਣੀ ਹੋਈ ਹੈ ਵੱਡੀ ਮੱਛਲੀ ਛੋਟੀ ਮੱਛਲੀ ਨੂੰ ਖਾ ਰਹੀ ਹੈ। ਇਸੇ ਤਰ੍ਹਾਂ ਹੀ ਮੰਡ ਦੀਆਂ ਇਨ੍ਹਾਂ ਸਾਹਿਤਕ ਜੁਗਤਾਂ ਵਿੱਚ ਦੋ ਤਰ੍ਹਾਂ ਦੇ ਪਾਤਰ ਹਨ। ਇੱਕ ਤਾਂ ਚਤੁਰ-ਚਾਲਾਕ, ਵਧੀਕੀ ਕਰਨ ਵਾਲੇ, ਸ਼ੋਸਕ, ਜ਼ੋਰਾਵਰ ਹਨ ਤੇ ਦੂਜੇ ਪਾਸੇ ਸ਼ੋਸ਼ਿਤ, ਭੋਲੇਭਾਲੇ, ਅਧੀਨ ਆਦਿ। ਸਾਧਾਰਨ ਪਾਤਰਾਂ ਨੂੰ ਜਦੋਂ ਆਪਣੇ ਨਾਲ ਹੁੰਦੀ ਵਧੀਕੀ ਦਾ ਅਹਿਸਾਸ ਹੁੰਦਾ ਹੈ ਤਾਂ ਉਨ੍ਹਾਂ ਵਿੱਚ ਵਿਦਰੋਹ ਦੀ ਭਾਵਨਾ ਉਤਪੰਨ ਹੁੰਦੀ ਹੈ। ਕਈ ਪਾਤਰ ਸਿਆਣੇ, ਸਾਹਸੀ, ਵਿਦਰੋਹੀ ਤੇ ਕਾਰਜਸ਼ੀਲਤਾ ਦੇ ਸੂਚਕ ਬਣ ਕੇ ਸਾਡੇ ਸਾਹਮਣੇ ਨਜ਼ਰੀ ਪੈਂਦੇ ਹਨ।

ਮੰਡ ਦੀ ਪਾਤਰ ਉਸਾਰੀ ਵਿੱਚ ਪਸ਼ੂ, ਪੰਛੀ, ਜ਼ਨੌਰ ਆਦਿ ਦਾ ਆਉਣਾ ਵੀ ਇੱਕ ਰਹੱਸ ਪੈਦਾ ਕਰਦਾ ਹੋਇਆ ਨਜ਼ਰੀ ਪੈਂਦਾ ਹੈ। ਇਸ ਦਾ ਵੀ ਇੱਕ ਬਹੁਤ ਵੱਡਾ ਅਰਥ ਉੱਭਰ ਕੇ ਸਾਡੇ ਸਾਹਮਣੇ ਆਉਂਦਾ ਹੈ। ਮਜ਼ੇ ਦੀ ਗੱਲ ਬਿਆਨ ਕਰਦਾ ਹਾਂ ਕਿ ਪਹਿਲੀ ਵਾਰ ਮੰਡ ਸਾਹਿਬ ਨੂੰ ਮਿਲਣ ਉਨ੍ਹਾਂ ਦੇ ਘਰ ਗਿਆ ਤਾਂ ਪੁੱਛਦਾ-ਪੁਛਾਉਂਦਾ ਉਨ੍ਹਾਂ ਦੇ ਘਰ ਵਾਲੀ ਗਲੀ ਵਿੱਚ ਜਦੋਂ ਗਿਆ ਤਾਂ ਰਸਤੇ ਵਿੱਚ ਇੱਕ ਕੋਠੀ ਦੇ ਮੂਹਰੇ ਇੱਕ ਗਾਂ ਬੈਠੀ ਹੋਈ ਨਜ਼ਰੀ ਪਈ। ਮੈਨੂੰ ਲੱਗਾ ਕਿ ਮੰਡ ਸਾਹਿਬ ਆਪਣੀਆਂ ਬਹੁਤੀਆਂ ਸਿਰਜਨਾਵਾਂ ਵਿੱਚ ਪਸ਼ੂ, ਪੰਛੀ ਤੇ ਜ਼ਨੌਰ ਆਦਿ ਨੂੰ ਪਾਤਰ ਦੇ ਵਜੋਂ ਲੈਂਦੇ ਹਨ ਤੇ ਇੰਜ ਲੱਗਾ ਕਿ ਹੁਣ ਘਰ ਲੱਭਣ ਵਿੱਚ ਕੋਈ ਦਿੱਕਤ ਨਹੀਂ ਆਵੇਗੀ ਕਿਉਂਕਿ ਉਨ੍ਹਾਂ ਦੀਆਂ ਸਿਰਜਨਾਵਾਂ ਦਾ ਇੱਕ ਪਾਤਰ ਗਾਂ ਦੇ ਰੂਪ ਵਿੱਚ ਰਸਤੇ ਵਿੱਚ ਮਿਲ ਗਿਆ ਹੈ। ਇਹ ਸ਼ਾਇਦ ਇੱਕ ਇਸ਼ਾਰਾ ਸੀ ਜਿਵੇਂ ਗਾਂ ਕਹਿ ਰਹੀ ਹੋਵੇ ਕਿ ਸਾਡੀ ਗੱਲ ਕਰਨ ਵਾਲੇ ਸਾਡੇ ਮਸੀਹਾ ਦਾ ਘਰ ਉਸ ਦੇ ਇਰਦ-ਗਿਰਦ ਹੀ ਹੈ। ਭਾਵੇਂ ਇਹ ਗੱਲ ਵੱਖਰੀ ਹੈ ਕਿ ਅੱਜ ਦੇ ਇਸ ਕਲਯੁਗੀ ਸਮੇਂ ਦੌਰਾਨ ਮਸੀਹਾ ਬਣਨ ਦੀ ਸਮਰੱਥਾ ਕਿਸੇ ਵੀ ਮਨੁੱਖ ਵਿੱਚ ਨਹੀਂ ਹੈ ਕਿਉਂਕਿ ਮਸੀਹਾ ਲੋਕਾਂ ਨੂੰ ਤਾਂ ਲੋਕ ਪੱਥਰ ਮਾਰਦੇ ਨੇ, ਉਸ ਨਾਲ ਬੁਰਾ ਸਲੂਕ ਕਰਦੇ ਹਨ ਤੇ ਮੱਲੋ-ਮੱਲੀ ਦੇ ਬਣੇ ਮਸੀਹਾ ਦੀ ਪੂਜਾ ਕਰਨ ਨੂੰ ਹੀ ਆਪਣਾ ਵਡੱਪਣ ਸਮਝਦੇ ਹਨ। ਅਸਲ ਗੱਲ ਤਾਂ ਇਹ ਵੀ ਹੈ ਕਿ ਅੱਜ ਦੇ ਮਾਨਵ-ਪ੍ਰਕ੍ਰਿਤੀ ਦੇ ਪਾਤਰਾਂ ਵਿੱਚ ਵੀ ਇਹ ਪਸ਼ੂ, ਪੰਛੀ ਤੇ ਜ਼ਾਨਵਰਾਂ ਵਾਲੀ ਪ੍ਰਵਿਰਤੀ ਦੇਖਣ ਨੂੰ ਮਿਲ ਰਹੀ ਹੈ।

ਸੋ ਗੱਲ ਚੱਲ ਰਹੀ ਸੀ ਮੰਡ ਦੀਆਂ ਸਾਹਿਤਕ ਜੁਗਤਾਂ ਦੀ। ਮੰਡ ਆਪਣੇ ਕੁੱਝ ਪਾਤਰਾਂ ਨੂੰ ਚਤੁਰ-ਚਾਲਾਕ, ਜੋਰਾਵਰ, ਸ਼ੋਸਕ ਤੇ ਵਧੀਕੀ ਕਰਨ ਵਾਲੇ ਤੇ ਕੁੱਝ ਨੂੰ ਸੋਸ਼ਤ, ਭੋਲੇਭਾਲੇ ਤੇ ਅਧੀਨ ਰੂਪ ਵਿੱਚ ਪੇਸ਼ ਕਰਦਾ ਹੈ। ਜੋ ਕਿ ਅੱਜ ਦੇ ਸਮਾਜ ਦਾ ਇੱਕ ਯਥਾਰਥ ਵੀ ਹੈ। ਸੋ ਇਸ ਤੋਂ ਇਹ ਭਾਸਦਾ ਪ੍ਰਤੀਕ ਹੁੰਦਾ ਹੈ ਕਿ ਮੰਡ ਵਿੱਚ ਯਥਾਰਥ ਦੀ ਲਿਖਣ ਦੀ ਤੇ ਕੋਈ ਗੱਲ ਲੁਕਾ ਕੇ ਨਾ ਰੱਖਣ ਦੀ ਸਮਰੱਥਾ ਹੈ। ਅਸਲ ਵਿੱਚ ਅੱਜ ਦੇ ਸਮੇਂ ਵੱਲ ਨਜ਼ਰ ਦੌੜਾਈ ਜਾਵੇ ਤਾਂ ਅੱਜ ਉਹ ਪ੍ਰਵਿਰਤੀਆਂ ਜਿਹੜੀਆਂ ਪ੍ਰਵਿਰਤੀਆਂ ਨੂੰ ਲੈ ਕੇ ਮੰਡ ਪਸ਼ੂ, ਪੰਛੀ ਤੇ ਜ਼ਾਨਵਰਾਂ ਆਦਿ ਨੂੰ ਪਾਤਰਾਂ ਦੇ ਰੂਪ ਵਿੱਚ ਪੇਸ਼ ਕਰਦਾ ਨਜ਼ਰ ਆ ਰਿਹਾ ਹੈ ਉਹ ਪ੍ਰਵਿਰਤੀਆਂ ਅੱਜ ਮਾਨਵੀਂ ਜੀਵਾਂ ਵਿੱਚ ਵੀ ਦੇਖਣ ਨੂੰ ਮਿਲਦੀਆਂ ਹਨ। ਅਸਲ ਗੱਲ ਤਾਂ ਇਹ ਹੀ ਹੈ ਕਿ ਅੱਜ ਨਾ ਤਾਂ ਕੋਈ ਪੂਰਨ ਰੂਪ ਵਿੱਚ ਦੇਵਤਾ ਬਣ ਸਕਦਾ ਹੈ ਤੇ ਨਾ ਹੀ ਪਸ਼ੂ। ਇਹੀ ਜੀਵਨ ਦਾ ਯਥਾਰਥ ਵੀ ਹੈ ਜਿਸ ਨੂੰ ਪੇਸ਼ ਕਰਨਾ ਮੰਡ ਦੀ ਇੱਕ ਕਲਾ ਹੈ।

ਜਿੱਥੇ ਉਹ ਆਪਣੀ ਸਾਹਿਤਕ ਸਿਰਜਨਾ ਵਿੱਚ ਪਸ਼ੂਆਂ, ਪੰਛੀਆਂ, ਜਾਨਵਰਾਂ ਆਦਿ ਦੀ ਗੱਲ ਹੀ ਨਹੀਂ ਕਰਦਾ ਸਗੋਂ ਉਸ ਦੀ ਸਿਰਜਨਾ ਦਾ ਵਿਸ਼ਾ; ਸੁਨਹਿਰੀ ਵਾਲ, ਲਾਲ



ਦਵਿੰਦਰ ਮੰਡ

ਪਰੀ, ਹਿੱਚਕੀ, ਸੱਚ ਤੇ ਝੂਠ ਦੀ ਪ੍ਰਵਿਰਤੀ, ਆਦਿ ਨਾਲ ਵੀ ਜੁੜਿਆ ਹੋਇਆ ਹੈ। ਉਹ ਆਪਣੇ ਨਾਲ ਵਾਹ ਪਏ ਜਾਂ ਜੁੜੇ ਹੋਏ ਸੱਜਣ-ਮਿੱਤਰਾਂ ਦੀ ਗੱਲ ਵੀ ਕਰਦਾ ਹੋਇਆ ਦਿਖਾਈ ਦਿੱਤਾ ਹੈ। ਜਿਸ ਦੀ ਉਦਾਹਰਨ ਉਸ ਦੁਆਰਾ ਰਚਿਤ ਕਹਾਣੀ 'ਸੱਪ', 'ਕੋਠੀ ਦਾ ਸੌਦਾ' ਅਤੇ 'ਮਿੱਧੀਆਂ ਹੋਈਆਂ ਵੇਲਾਂ' ਆਦਿ ਨੂੰ ਲਿਆ ਜਾ ਸਕਦਾ ਹੈ। ਉਹ ਦਲਿੱਤ ਸੰਵੇਦਨਾਂ ਦੀ ਗੱਲ ਵੀ ਕਰਦਾ ਹੈ ਅਤੇ ਇਨ੍ਹਾਂ ਲਈ ਇਨਸਾਫ਼ ਮੰਗਦਾ ਹੋਇਆ ਵੀ ਦਿਖਾਈ ਦਿੰਦਾ ਹੈ। ਇਹਨਾਂ ਪਾਤਰ ਦਾ ਵੀ ਕਿਸੇ ਹੱਦ ਤੱਕ ਮੰਡ ਨਾਲ ਨਜਦੀਕੀ ਸੰਬੰਧ ਰਿਹਾ ਹੈ। ਉਹ ਇੱਕ ਕਿਸਮ ਦਾ ਸਮਾਜ ਵਿੱਚਲੇ ਪਾੜੇ 'ਤੇ ਕਟਾਖ਼ਸ਼ ਕੱਸਦਾ ਵੀ ਨਜ਼ਰੀ ਪਿਆ ਜਿਸ ਦਾ ਸਬੂਤ ਉਸਦੀ ਕਹਾਣੀ 'ਗੰਗਾ ਜਲ', 'ਨਸਲ' ਕਹਾਣੀ ਆਦਿ ਤੋਂ ਮਿਲ ਹੀ ਜਾਂਦਾ ਹੈ।

ਮੰਡ ਨਿੱਕੇ ਆਕਾਰ ਦੀ ਕਹਾਣੀ ਵਿੱਚ ਵੀ ਕਈ ਵਾਰ ਅਜਿਹੀ ਗੱਲ ਕਹਿ ਜਾਂਦਾ ਹੈ ਜਿਸ ਦੀ ਸਮਝ ਬਾਅਦ ਵਿੱਚ ਪੈਂਦੀ ਨਜ਼ਰੀ ਆਉਂਦੀ। ਏਨਾਂ ਹੀ ਨਹੀਂ ਉਹ ਭੱਦੀ ਰਾਜਨੀਤੀ ਦਾ ਵੀ ਆਪਣੀ ਸਮਝ ਅਨੁਸਾਰ ਵਿਰੋਧ ਕਰਦਾ ਹੋਇਆ ਦਿੱਤਾ ਹੈ। ਇਸ ਦੇ ਨਾਲ ਹੀ ਦੇ ਰਿਸ਼ਤਿਆਂ ਦਾ ਸੱਚਾਈ ਨੂੰ ਬਿਆਨ ਕਰਨਾ ਵੀ ਉਸ ਦੀ ਕਲਾ ਹੀ ਮੰਨੀ ਜਾ ਸਕਦੀ ਹੈ। ਜਿੱਥੇ ਉਹ ਕੁੱਤਿਆਂ, ਕਾਂਵਾਂ, ਸ਼ੇਰ, ਲੂੰਬੜੀ ਅਤੇ ਪਰੀਆਂ ਆਦਿ ਦੀ ਗੱਲ ਕਰਦਾ ਹੈ ਉੱਥੇ ਉਹ ਆਪਣੇ ਨਜ਼ਰੀਏ ਨਾਲ ਭੂਤਾਂ ਪ੍ਰੇਤਾਂ ਦੇ ਡਰ ਨੂੰ ਵੀ ਭੰਡਦਾ ਹੈ। ਜਿਸ ਦੀ ਉਦਾਹਰਣ ਉਸਦੀ ਰਚਿਤ ਮਿੰਨੀ ਕਹਾਣੀ 'ਭੂਤ ਤੇ ਪੰਜਾਬ' ਵਿੱਚੋਂ ਮਿਲ ਸਕਦੀ ਹੈ। ਉਹ ਰਾਜਨੀਤੀ ਨੂੰ ਵੀ ਕੁੰਭਕਰਨੀ ਚਾਲ ਦੱਸਦਾ ਹੋਇਆ ਨਜ਼ਰੀਂ ਪਿਆ ਹੈ। ਇਸ ਦੇ ਨਾਲ ਦੀ ਨਾਲ ਉਹ ਮਸ਼ੀਨੀ ਯੁੱਗ ਦੀ ਆਮਦ ਦੇ ਨਾਲ ਇਨਸਾਨੀ ਸੋਚ ਵਿੱਚ ਆ ਗਏ ਨਿਘਾਰ ਦੀ ਵੀ ਗੱਲ ਕਰਦਾ ਹੋਇਆ ਨਜ਼ਰੀਂ ਪਿਆ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਮੰਡ ਦੁਆਰਾ ਰਚਿਤ ਕੋਈ ਵੀ ਸਾਹਿਤਕ ਰਚਨਾ ਚਾਹੇ ਉਹ ਕਹਾਣੀ ਹੈ ਜਾਂ ਮਿੰਨੀ ਕਹਾਣੀ ਹੈ, ਉਸ ਦੇ ਪਾਤਰਾਂ ਵਿੱਚ ਜ਼ਾਨ ਪਾਉਣ ਦਾ ਗੁਰ ਮੰਡ ਵਿੱਚ ਬਾਖ਼ੂਬੀ ਨਜ਼ਰੀ ਪੈਂਦਾ ਹੈ। ਮੰਡ ਦੀ ਕੋਈ ਵੀ ਰਚਨਾ ਚਾਹੇ ਉਹ ਮਿੰਨੀ ਕਹਾਣੀ ਹੈ ਜਾਂ ਫਿਰ ਕਹਾਣੀ ਹੈ ਉਸ ਵਿੱਚ ਮੰਡ ਨੇ ਸਮਾਜ ਲਈ ਕੋਈ ਨਾਲ ਕੋਈ ਸੰਦੇਸ਼ ਜ਼ਰੂਰੀ ਛੱਡਿਆ ਹੈ।

ਮੰਡ ਦ੍ਰਿਸ਼ਟਾਂਤ ਨੂੰ ਵੀ ਪੇਸ਼ ਕਰਦਾ ਹੈ। ਮੰਡ ਨੂੰ ਪੜ੍ਹ ਕੇ ਮੈਨੂੰ ਕਦੇ ਕਦੇ ਇਹ ਮਹਿਸੂਸ ਹੁੰਦਾ ਹੈ ਕਿ-ਉਲਟੇ ਹੋਰ ਜ਼ਮਾਨੇ ਆਏ, ਹੁਣ ਅਸਾਂ ਭੇਦ ਸੱਜਣ ਦੇ ਪਾਏ।

ਇੰਜ ਲੱਗ ਰਿਹਾ ਹੈ ਜਿਵੇਂ ਉਸ ਨੇ ਅੱਜ ਦੇ ਸੱਜਣ ਲੋਕ ਕਹਾਉਣ ਵਾਲਿਆਂ ਦੇ ਦਿਲਾਂ ਦੇ ਭੇਦ ਨੂੰ ਪਾ ਲਿਆ ਹੈ ਜਿਸ ਨੂੰ ਮੰਡ ਆਪਣੇ ਦ੍ਰਿਸ਼ਟਾਂਤਾਂ ਰਾਹੀਂ, ਆਪਣੀ ਸਾਹਿਤਕ ਸਿਰਜਨਾ ਦੇ ਪਾਤਰਾਂ ਰਾਹੀਂ ਕਟਾਖਸ ਕੱਸਦਾ ਹੋਇਆ ਉਹ ਗੱਲ ਕਹਿ ਜਾਂਦਾ ਹੈ ਜਿਸ ਦੇ ਅਰਥ ਦਾ ਬਾਅਦ 'ਚ ਪਤਾ ਲੱਗਦਾ ਹੈ। ਉਹ ਆਪਣੇ ਪਾਤਰਾਂ ਰਾਹੀਂ ਸਮਾਜ ਨੂੰ ਸੇਧ ਦੇਣ ਦੇ ਰਾਹ ਤੁਰੇ ਹੋਏ ਇੱਕ ਰਾਹੀ ਦੀ ਤਰ੍ਹਾਂ ਪ੍ਰਤੀਤ ਹੁੰਦਾ ਹੈ। ਚਲੋ ਮੰਜ਼ਿਲ ਚਾਹੇ ਦੂਰ ਵੀ ਕਿਉਂ ਨਾ ਲੱਗੇ, ਮੰਡ ਉਸ ਮੰਜ਼ਿਲ 'ਤੇ ਜ਼ਰੂਰੀ ਪਹੁੰਚ ਜਾਵੇਗਾ।

ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ' ਵਿਚ ਹੁਣ ਤੱਕ ਮੁਫਤ ਮੈਟਰੀਮੋਨੀਅਲ ਛਾਪੇ ਗਏ ਹਨ, ਜਿਸਨੂੰ ਅਸੀਂ ਦਸੰਬਰ 2016 ਤੱਕ ਜਾਰੀ ਰੱਖਾਂਗੇ। ਚਾਹਵਾਨ ਸੱਜਣ ਮੁਫਤ ਮੈਟਰੀਮੋਨੀਅਲ ਛਪਾਉਣ ਲਈ ਸਾਨੂੰ ਹਰੇਕ ਹਫਤੇ ਸਨਿਚਰਵਾਰ ਤੱਕ ਜਾਣਕਾਰੀ ਭੇਜਣ ਦੀ ਕ੍ਰਿਪਾਲਤਾ ਕਰਨ।

**- ਸੰਪਾਦਕ**

# ਬਲਦੇ ਹੱਥਾਂ ਨੇ ਜਿਹੜੇ ਹਵਾ ਵਿੱਚ ਲਿਖੇ - ਹਰਫ਼ ਓਹੀ ਹਮੇਸ਼ਾ ਲਿਖੇ ਰਹਿਣਗੇ....

ਮੇਲਾ ਗ਼ਦਰੀ ਬਾਬਿਆਂ ਦਾ ਅੱਜ ਆਪਣੇ ਸਿਲਵਰ ਜੁਬਲੀ ਪੜਾਅ 'ਤੇ ਪਹੁੰਚ ਗਿਆ ਹੈ। 25ਵਾਂ ਮੇਲਾ ਗ਼ਦਰ ਲਹਿਰ ਦੇ ਉਨ੍ਹਾਂ ਸਿਰਲੱਥ ਯੋਧਿਆਂ ਨੂੰ ਸਮਰਪਿਤ ਹੈ, ਜਿਨ੍ਹਾਂ ਨੇ ਅੱਜ ਤੋਂ 100 ਸਾਲ ਪਹਿਲਾਂ ਦੇਸ਼ ਨੂੰ ਸਾਮਰਾਜੀ ਜਕੜ ਤੋਂ ਆਜ਼ਾਦ ਕਰਾਉਣ ਲਈ ਗ਼ਦਰ ਪਾਰਟੀ ਵਲੋਂ ਸ਼ੁਰੂ ਕੀਤੇ ਸੰਗਰਾਮ ਨੂੰ ਆਪਣੇ ਲਹੂ ਨਾਲ ਸਿੰਝਿਆ ਸੀ। ਫਾਂਸੀ ਦੇ ਰੱਸੇ ਚੁੰਮੇ, ਉਮਰ ਭਰ ਕਾਲੇ ਪਾਣੀ ਦੀਆਂ ਜੇਲ੍ਹਾਂ 'ਚ ਤਸੀਹੇ ਝੱਲੇ। ਪਿਛਲੇ ਦੋ ਮੇਲੇ 1914 ਤੇ 15 ਦੀਆਂ ਸ਼ਹਾਦਤਾਂ ਨੂੰ ਸਮਰਪਿਤ ਸੀ। 1913 'ਚ ਗ਼ਦਰ ਪਾਰਟੀ ਦੀ ਸ਼ਤਾਬਦੀ ਮਨਾਈ ਸੀ। ਅਗਲਾ ਮੇਲਾ ਜਿੱਥੇ 1917 ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਨੂੰ ਸਮਰਪਤ ਹੋਵੇਗਾ, ਉਥੇ ਕੁੱਲ ਦੁਨੀਆਂ ਦੇ ਲੋਕਾਂ ਦੀ ਮੁਕਤੀ ਲਈ ਚਾਨਣ ਮੁਨਾਰਾ ਬਣੀ ਰੂਸੀ ਕਰਾਂਤੀ (1917) ਦੀ ਸ਼ਤਾਬਦੀ ਨੂੰ ਸਮਰਪਤ ਹੋਏਗਾ। ਇਨ੍ਹਾਂ ਇਤਿਹਾਸਕ ਮੌਕਿਆਂ ਸਮੇਂ ਜਿਥੇ ਅਸੀਂ ਗ਼ਦਰ ਪਾਰਟੀ ਵਲੋਂ ਕੀਤੇ ਸੰਗਰਾਮ ਤੇ ਉਸ 'ਚ ਜਾਨ ਵਾਰਣ ਵਾਲੇ ਸੂਰਬੀਰ ਗ਼ਦਰੀਆਂ ਨੂੰ ਯਾਦ ਕਰਦੇ ਹਾਂ, ਉਥੇ ਉਨ੍ਹਾਂ ਵਲੋਂ ਆਜ਼ਾਦੀ, ਖੁਸ਼ਹਾਲੀ ਤੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਲਈ ਲਏ ਸੁਪਨੇ ਨੂੰ ਪੂਰਿਆ ਕਰਨ ਦਾ ਸੰਕਲਪ ਵੀ ਦੁਹਰਾਉਂਦੇ ਹਾਂ। ਜਿਸ ਤਰ੍ਹਾਂ ਦੀ ਆਜ਼ਾਦੀ ਲਈ ਉਨ੍ਹਾਂ 'ਆਜ਼ਾਦੀ ਅਤੇ ਤਰੱਕੀ ਦੇ ਅਸੂਲਾਂ'' ਗ਼ਦਰ ਅਖ਼ਬਾਰ ਦੀ ਸੰਪਾਦਕੀ 'ਚ ਲਿਖਿਆ ਸੀ:

''ਅਜ਼ਾਦੀ ਅਤੇ ਤਰੱਕੀ ਦੇ ਅਸੂਲ''

ਅਸੀਂ ਅਜ਼ਾਦੀ ਕਿਸ ਲਈ ਚਾਹੁੰਦੇ ਹਾਂ? ਅਸੀਂ ਗ਼ਦਰ ਕਿਓਂ ਕਰਨਾ ਹੈ? ਅਸੀਂ ਏਤਨਾ ਬੜਾ ਅਡੰਬਰ ਕਿਓਂ ਚੁਕਿਆ ਹੈ? ਬਸ ਸਿਰਫ ਸੁਖ ਦੀ ਖਾਤਰ। ਏਸ ਵਕਤ ਹਿੰਦੋਸਤਾਨ ਦੇ ਲੋਕ ਭਾਂਤ ਭਾਂਤ ਦੇ ਦੁਖਾਂ ਵਿਚ ਹਨ। ਹੁਣ ਸਾਰੇ ਦੁਖਾਂ ਦਾ ਨਾਸ਼ ਕਰਕੇ ਸੁਖ ਦਾ ਰਾਜ ਬਣਾਓਨ ਦੀ ਖਾਤਰ ਅਸੀਂ ਗ਼ਦਰ ਦੀ ਤਿਆਰੀ ਕਰਦੇ ਹਾਂ

ਸੁਖ ਦੇ ਕਈ ਬੜੇ ਅਸੂਲ ਹਨ। ਜਿਨਾਂ ਦੀ ਜੜ ਪੁਰ ਕਈ ਅੱਛੀ ਰਿਯਾਸਤਾਂ ਬਣ ਸਕਦੀਆਂ ਹਨ। ਜਿਥੇ ਏਹ ਅਸੂਲ ਨਹੀਂ ਵਰਤੇ ਜਾਂਦੇ ਓਥੇ ਛੇਕੜ ਫੇਰ ਗੁਲਾਮੀ ਆ ਜਾਂਦੀ ਹੈ। ਦੁਖ, ਭੁਖ, ਰੋਗ, ਵਰੋਧ, ਹਰ ਕਿਸਮ ਦੇ ਕਸ਼ਟ ਓਥੇ ਆਕੇ ਡੇਰੇ ਲਾ ਲੈਂਦੇ ਹਨ। ਸੁਖ ਐਵੇਂ ਬੇ ਕੈਦੇ ਕੰਮ ਤੋਂ ਨਹੀਂ ਮਿਲਦਾ। ਏਸ ਨੂੰ ਪਰਾਪਤ ਕਰਨ ਦੇ ਕੁਝ ਅਸੂਲ ਹਨ। ਜਿਨਾਂ ਨੂੰ ਛੱਡਣਾ ਨਹੀਂ ਚਾਹੀਦਾ। ਤਵਾਰੀਖ ਰਾਜ ਨੀਤੀ ਅਤੇ ਸਾਸ਼ਤਰਾਂ ਦੇ ਪਾਠ ਕਰਕੇ ਏਹ ਅਸੂਲ ਕੱਢੇ ਗਏ ਹਨ। ਜਿਸ ਤਰ੍ਹਾਂ ਸੁਮੁੰਦਰ ਵਿਚੋਂ ਮੋਤੀ। ਗ਼ਦਰ ਦੇ ਸਪਾਹੀਆਂ ਨੇ ਏਨਾ ਅਸੂਲਾਂ ਦੀ ਖਾਤਰ ਲੜਨਾ ਹੈ। ਅੰਗਰੇਜਾਂ ਨੂੰ ਕਢ ਕੇ ਏਨਾਂ ਅਸੂਲਾਂ ਦਾ ਆਸਰਾ ਲੈਣਾ ਚਾਹੀਦਾ ਹੈ। ਜੇ ਆਜ਼ਾਦੀ ਦੇ ਨਾਲ ਅੱਛੇ ਅਸੂਲ ਨਾ ਹੋਵਨ ਤਾਂ ਆਜ਼ਾਦੀ ਬੁਹਤ ਦੇਰ ਤਕ ਨਹੀਂ ਰੈਹ ਸਕਦੀ। ਅਜ਼ਾਦੀ ਤੋਂ ਪਰਜਾ ਨੂੰ ਦੁਖ ਮਿਲੇ ਜਾਂ ਦੇਸ਼ ਵਿਚ ਗੜ ਬੜ ਹੋਵੇ ਯਾ ਮਜ਼ਹਬੀ ਵੈਰ ਪੈ ਜਾਵੇ ਤਦ ਅਜੇਹੀ ਅਜ਼ਾਦੀ ਤੋਂ ਕੋਈ ਫੈਦਾ ਨਹੀਂ ਹੋਊਗਾ।

ਰਾਜ ਵਿੱਚ ਅਮੀਰ ਅਤੇ ਗ਼ਰੀਬ ਲੋਕ ਨਹੀਂ ਹੋਣੇ ਚਾਹੀਦੇ। ਧੰਨ ਦਾ ਬੜਾ ਬਲ ਹੈ। ਜੇ ਕਿਸੇ ਦੇਸ਼ ਵਿੱਚ ਕੁਝ ਆਦਮੀ ਅਮੀਰ ਕਰੋੜਪਤੀ ਹਨ ਅਤੇ ਬਾਕੀ ਹੋਰ ਲੋਕ ਗਰੀਬ ਹਨ ਤਾਂ ਓਥੇ ਅਜ਼ਾਦੀ ਦਾ ਨਾਓਂ ਨਸ਼ਾਨ ਨਹੀਂ ਰੈਹ ਸਕਦਾ...''

(ਗ਼ਦਰ...)

ਅੱਜ ਦੇਸ਼ ਦੇ ਹਾਲਾਤ ਫਿਰ ਉਸੇ ਤਰ੍ਹਾਂ ਦੇ ਹਨ ਜਦੋਂ ਗ਼ਦਰੀਆਂ ਨੇ ਬਰਤਾਨਵੀ ਸਾਮਰਾਜ ਵਲੋਂ ਮਿਹਨਤਕਸ਼ਾਂ ਦੀ ਲਹੂ ਨਿਚੋੜਵੀ ਲੁੱਟ ਕਰਕੇ ਆਪਣੇ ਖਜ਼ਾਨੇ ਭਰੇ ਜਾ ਰਹੇ ਸਨ। ਹੱਕ, ਨਿਆਂ ਲਈ ਉੱਠੀਆਂ ਅਵਾਜ਼ਾਂ ਨੂੰ ਕੁਚਲਣ ਲਈ ਅੱਤਿਆਚਾਰਾਂ ਦੀਆਂ ਸਭ ਹੱਦਾਂ ਪਾਰ ਕਰ ਦਿੱਤੀਆਂ ਸਨ। ਓਦੋਂ ਗ਼ਦਰ ਪਾਰਟੀ ਨੇ ਉਸ ਜ਼ਾਲਮ ਰਾਜ ਦੇ ਖਾਤਮੇ ਦਾ ਬਿਗਲ ਵਜਾਇਆ ਸੀ। ਭਾਰਤ ਮਾਂ ਦੀ ਆਜ਼ਾਦੀ ਲਈ ਉਨ੍ਹਾਂ ਨਗਾਰੇ 'ਤੇ ਚੋਟ ਲਈ ਸੀ... ਜੰਗ ਦਾ ਐਲਾਨ ਕੀਤਾ ਸੀ....

ਉਨ੍ਹਾਂ ਅਹਿਦ ਲਿਆ ਸੀ:

ਅਸੀਂ ਸੂਲੀਆਂ ਤੋਂ ਨਹੀਂ ਡਰਨ ਵਾਲੇ,
ਹੱਸ ਹੱਸ ਕੇ ਖੱਲ੍ਹ ਲੁਹਾ ਦਿਆਂਗੇ।
ਹੋਵੇ ਮਿਹਰ ਦੀ ਨਜ਼ਰ ਬਸ ਇਕ ਤੇਰੀ,
ਫਿਰ ਤੇ ਜ਼ਮੀਂ ਨੂੰ ਪਲਟ ਵਖਾ ਦਿਆਂਗੇ।
ਤੇਰੀ ਗੋਦ ਦੀ ਆਸ ਉਮੀਦ ਅੰਦਰ,
ਜਗ੍ਹਾ ਪਾਣੀ ਦੇ ਖ਼ੂਨ ਵਹਾਂ ਦਿਆਂਗੇ।
ਜਿਚਰ ਤੀਕ ਹੈ ਜਿਸਮ ਵਿਚ ਜਾਨ ਸਾਡੇ,
ਸਿਦਕ ਆਪਣਾ ਪੂਰਾ ਨਿਭਾ ਦਿਆਂਗੇ।
ਦੁਖਾਂ ਭਰੀ ਦਸ ਕੇ ਦਾਸਤਾਨ ਆਪਣੀ,
ਚਰਖ ਤੱਕ ਦੇ ਇੰਜੂ ਗਰਾ ਦਿਆਂਗੇ।
ਅਜੇ ਆਪਣੇ ਤੇ ਸਾਨੂੰ ਮਾਣ ਏਨਾ,
ਅਸੀਂ ਅੱਗ ਅਸਮਾਨ ਨੂੰ ਲਾ ਦਿਆਂਗੇ।

(ਗ਼ਦਰ ਗੂੰਜ)

ਹਿੰਦੀ ਆਜ਼ਾਦੀ ਲਈ ਗ਼ਦਰ ਪਾਰਟੀ ਦੇ ਸੱਦੇ 'ਤੇ ਸਾਢੇ ਅੱਠ ਹਜ਼ਾਰ ਗ਼ਦਰੀ ਸਿਰਾਂ 'ਤੇ ਕਫ਼ਨ ਬੰਨ ਕਾਫ਼ਲੇ ਬਣਾ ਕੈਨੇਡਾ ਅਮਰੀਕਾ ਦੀ ਧਰਤੀ ਤੋਂ ਹਿੰਦੋਸਤਾਨ ਵੱਲ ਆਏ ਸਨ... ਦੇਸ਼ ਵਿੱਚ ਆ ਕੇ ਉਨ੍ਹਾਂ ਆਮ ਲੋਕਾਂ, ਹਿੰਦੀ ਫੌਜੀਆਂ ਨੂੰ ਗ਼ਦਰ ਲਈ ਤਿਆਰ ਕੀਤਾ... ਇਸ ਸੰਗਰਾਮ 'ਚ ਉਨ੍ਹਾਂ ਬੇ-ਮਿਸਾਲ ਕੁਰਬਾਨੀਆਂ ਦਿੱਤੀਆਂ, ਫਾਂਸੀਆਂ, ਕਾਲੇ ਪਾਣੀ ਦੀਆਂ ਕਾਲ ਕੋਠੜੀਆਂ, ਗੋਲੀਆਂ ਉਨ੍ਹਾਂ ਦੇ ਹੌਸਲੇ ਨੂੰ ਮੱਧਮ ਨਾ ਕਰ ਸਕੀਆਂ। ਬੇਸ਼ੱਕ ਉਨ੍ਹਾਂ ਦਾ ਇਹ ਪਹਿਲਾਂ ਹੰਭਲਾ ਨਿਸ਼ਾਨੇ ਤੱਕ ਨਹੀਂ ਪਹੁੰਚ ਸਕਿਆ ਪਰ ਗ਼ਦਰ ਦੀ ਇਹ ਗੂੰਜ... ਅਗੇ ਚਲੀਆਂ ਕਿਰਤੀ ਪਾਰਟੀ, ਨੌਜਵਾਨ ਭਾਰਤ ਸਭਾ, ਬੱਬਰ ਅਕਾਲੀ ਲਹਿਰ, ਮਾਰਸ਼ਲ ਲਾਅ ਵਿਰੋਧੀ ਲਹਿਰ ਤੇ ਆਜ਼ਾਦ ਹਿੰਦ ਫੌਜ ਲਹਿਰ ਦੇ ਰੂਪ 'ਚ ਜਾਰੀ ਰਹੀ...

ਗ਼ਦਰੀਆਂ ਦੇ ਸੁਪਨਿਆਂ ਦਾ ਸਮਾਜ ਅਜੇ ਨਹੀਂ ਉਸਰ ਸਕਿਆ ਗ਼ਦਰੀ ਆਜ਼ਾਦੀ ਤੋਂ ਬਾਅਦ ਵੀ ਸਮਾਜਕ ਬਰਾਬਰੀ, ਨਿਆਂ ਭਰੇ ਪ੍ਰਬੰਧ ਦੀ ਉਪਾਧੀ ਲਈ ਸੰਘਰਸ਼ਸ਼ੀਲ ਰਹੇ...1963 ਵਿਚ ਗ਼ਦਰ ਪਾਰਟੀ ਦੀ ਗੋਲਡਨ ਜੁਬਲੀ (50ਵੀਂ ਵਰ੍ਹੇ ਗੰਢ) ਮਨਾਉਣ ਸਮੇਂ ਗ਼ਦਰ ਪਾਰਟੀ ਦੇ ਮੋਢੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੇ ਬੜੇ ਭਰੇ ਮਨ ਨਾਲ ਉਸ ਵੇਲੇ ਦੇ ਹਾਲਾਤ ਦਾ ਜ਼ਿਕਰ ਕਰਦਿਆਂ ''ਸਾਡੇ ਸੁਪਨਿਆਂ ਦੀ ਆਜ਼ਾਦੀ ਸਾਨੂੰ ਪ੍ਰਾਪਤ ਨਹੀਂ ਹੋਈ। ਇਥੇ ਬਦੇਸ਼ੀ ਸਰਮਾਇਆ ਹਰ ਥਾਂ ਭਾਰੂ ਹੋ ਗਿਆ ਹੈ। ਜੇ ਅਸਾਂ ਕੁਰਬਾਨੀਆਂ ਕੀਤੀਆਂ ਹਨ, ਜੰਗੇ-ਆਜ਼ਾਦੀ ਵਿਚ ਖ਼ੂਨ ਤੇ ਜ਼ਿੰਦਗੀਆਂ ਦਿੱਤੀਆਂ ਹਨ ਤਾਂ ਸਾਨੂੰ ਮੌਜੂਦਾ ਹਾਕਮਾਂ ਤੋਂ ਪੁੱਛਣ ਦਾ ਹੱਕ ਹੈ ਕਿ ਦੇਸ਼ ਦੀ ਹਾਲਤ ਕਿਉਂ ਨਹੀਂ ਸੁਧਰੀ? ਜੇ ਅਸੀਂ ਇਹ ਨਹੀਂ ਪੁੱਛਦੇ ਤਾਂ ਅਸੀਂ ਆਪਣੀਆਂ ਜ਼ੁੰਮੇਵਾਰੀਆਂ ਤੋਂ ਕੋਤਾਹੀ ਕਰ ਰਹੇ ਹੋਵਾਂਗੇ...।'' ਅੱਜ ਫੇਰ ਕੁਝ ਮੁੱਠੀ ਭਰ ਅਜਾਰੇਦਾਰ ਘਰਾਣੇ ਦੇਸ਼ ਦੇ ਸਮੁੱਚੇ ਸਮਰਾਏ ਤੇ ਆਪਣੀ ਜਕੜ 'ਚ ਦੱਬੀ ਬੈਠੇ ਹਨ। ਹਾਕਮ ਧਿਰ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰ ਰਹੀ ਹੈ... ਮਿਹਨਤਕਸ਼ਾਂ ਦੀ ਆਵਾਜ਼ ਨੂੰ ਕਾਲੇ ਕਾਨੂੰਨਾਂ ਦੇ ਆੜ੍ਹ 'ਚ ਦਬਾਇਆ ਜਾ ਰਿਹਾ ਹੈ। ਤਸਵੀਰ ਦਾ ਦੂਜਾ ਪਾਸਾ ਬੇਹੱਦ ਸੁਲੱਖਣਾ ਹੈ। ਪੰਜਾਬ ਸਮੇਤ ਪੂਰਾ ਮੁਲਕ ਦੇਸੀ ਬਦੇਸੀ ਦਾਬੇ, ਨਵੀਆਂ ਲੋਕ-ਵਿਰੋਧੀ ਨੀਤੀਆਂ, ਫ਼ਿਰਕੂ ਦਹਿਸ਼ਤ-ਗਰਦੀ, ਜਾਤ-ਪਾਤੀ ਦਾਬੇ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਹੱਲੇ, ਕਰਜ਼ਿਆਂ ਦੇ ਬੋਝ, ਬੇਰੁਜ਼ਗਾਰੀ, ਨਿੱਜੀਕਰਣ ਅਤੇ ਵਪਾਰੀਕਰਣ ਖਿਲਾਫ਼ ਲੋਕ ਜੂਝ ਰਹੇ ਹਨ।



ਗੁਰਮੀਤ ਸਿੰਘ

ਸੱਚ ਨਾ ਕਦੇ ਮਰਿਆ, ਨਾ ਕਦੇ ਫਾਂਸੀ ਚੜ੍ਹਿਆ। ਅਖੀਰ ਇਸ ਸੱਚ ਦੀ ਜਿੱਤ ਹੋਏਗੀ। ਇਸ ਸੱਚ ਦੇ ਸੰਗਰਾਮ ਵਿੱਚ ਮੇਲਾ ਗ਼ਦਰੀ ਬਾਬਿਆਂ ਦਾ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ। ਦੇਸ਼-ਬਦੇਸ਼ ਅੰਦਰ ਗ਼ਦਰ ਲਹਿਰ ਦੇ ਅਣਫੋਲੇ ਵਰਕੇ ਫੋਲੇ ਜਾ ਰਹੇ ਹਨ। ਇਤਿਹਾਸ ਦੇ ਅਮੁੱਲੇ ਸਬਕ ਪੱਲੇ ਬੰਨ੍ਹਕੇ ਆਪਣੇ ਨਵੇਂ ਰਾਹ ਬਣਾਉਣ ਲਈ ਲੋਕ-ਕਾਫ਼ਲੇ ਸੰਗਰਾਮ ਦੇ ਪਿੜਾਂ ਵਿੱਚ ਹਨ। ਅੱਜ ਵੀ ਸ਼ਹਾਦਤਾਂ ਹੋ ਰਹੀਆਂ ਨੇ ਅੱਜ ਵੀ ਸੱਚ ਦੇ ਗਲ ਗੂਠਾ ਦੇਣ ਦੇ ਯਤਨ ਨੇ ਜਿਨ੍ਹਾਂ ਨੂੰ ਲੋਕ-ਸ਼ਕਤੀ ਨਾਕਾਮ ਕਰ ਰਹੀ ਹੈ।

ਭਵਿੱਖ ਸੁਰਜੀਤ ਪਾਤਰ ਦੇ ਇਹਨਾਂ ਬੋਲਾਂ ਦਾ ਹੈ:

ਇਹ ਜੁ ਰੰਗਾਂ 'ਚ ਚਿਤਰੇ ਨੇ ਖੁਰ ਜਾਣਗੇ
ਇਹ ਜੁ ਮਰ ਮਰ 'ਚ ਉਕਰੇ ਨੇ ਮਿਟ ਜਾਣਗੇ
ਬਲਦੇ ਹੱਥਾਂ ਨੇ ਜਿਹੜੇ ਹਵਾ ਵਿੱਚ ਲਿਖੇ
ਹਰਫ਼ ਓਹੀ ਹਮੇਸ਼ਾ ਲਿਖੇ ਰਹਿਣਗੇ।

# ਕੀ ਤੀਰਥ, ਸਰੋਵਰ, ਸ਼ਬਦ ਗੁਰੂ ਤੋਂ ਵੀ ਉੱਪਰ ਨੇ ਅਤੇ ਇਨ੍ਹਾਂ ਦਾ ਜਲ ਅੰਮ੍ਰਿਤ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਪੁਰਾਣੇ ਸਮੇਂ ਤੀਰਥ, ਸਰੋਵਰ, ਖੂਹ ਆਦਿਕ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਬਣਾਏ ਜਾਂ ਲਵਾਏ ਜਾਂਦੇ ਸਨ। ਹਿੰਦੂ ਤੀਰਥਾਂ, ਸਰੋਵਰਾਂ ਅਤੇ ਖੂਹਾਂ ਉੱਤੇ ਬ੍ਰਾਹਮਣ ਵੱਲੋਂ ਬਣਾ ਦਿੱਤੀਆਂ ਗਈਆਂ ਸ਼ੂਦਰ ਜਾਤੀਆਂ ਨੂੰ ਪਾਣੀ ਭਰਨ ਅਤੇ ਨਹਾਉਣ ਦਾ ਕੋਈ ਹੱਕ ਨਹੀਂ ਸੀ। ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਬ੍ਰਾਹਮਣ ਦਾ ਇਹ ਛੂਆ-ਛਾਤੀ ਸੁੱਚ-ਭਿੱਟ ਰਾਹੀਂ ਦੂਜਿਆਂ ਨੂੰ ਨੀਵਾਂ ਦਿਖਾ ਕੇ, ਜਲੀਲ ਕਰਨ ਵਾਲਾ ਵਹਿਮ ਅਤੇ ਹੰਕਾਰੀ ਕਰਮ, ਸਰਬਸਾਂਝੇ ਸਰੋਵਰ, ਖੂਹ ਲਵਾ ਅਤੇ ਲੰਗਰ ਚਲਾ ਕੇ ਦੂਰ ਕੀਤਾ, ਜਿੱਥੇ ਅਮੀਰ ਗਰੀਬ ਹਰ ਜਾਤੀ ਦੇ ਲੋਕ ਬਿਨਾਂ ਵਿਤਕਰੇ ਨਹਾ, ਖੂਹਾਂ ਬਾਉਲੀਆਂ ਦਾ ਪਾਣੀ ਪੀ ਅਤੇ ਲੰਗਰ ਛਕ ਸਕਦੇ ਸਨ।

ਗੁਰੂ ਜੀ ਨੇ ਇਸ ਪਾਣੀ ਨੂੰ ਕਿਤੇ ਵੀ ਅੰਮ੍ਰਿਤ ਨਹੀਂ ਕਿਹਾ ਸਗੋਂ ਅਸਲ ਅੰਮ੍ਰਿਤ ਸੱਚ, ਰੱਬੀ ਹੁਕਮ, ਸ਼ਬਦ, ਨਾਮ ਗੁਰਬਾਣੀ ਅਤੇ ਚੰਗੇ ਗੁਣਾਂ ਨੂੰ ਦਰਸਾਇਆ ਜੋ ਉਪਦੇਸ਼ ਗੁਰੂ ਗ੍ਰੰਥ ਸਾਹਿਬ ਵਿਖੇ ਅੰਕਿਤ ਹਨ। ਕਈ ਇਹ ਵੀ ਕਹਿੰਦੇ ਨੇ ਕਿ ਜੇ ਅੰਧੇ ਅੱਖਾਂ ਵਿੱਚ ਸਰੋਵਰ ਪਾਣੀ ਦੇ ਛਿੱਟੇ ਮਾਰਨ ਤੇ ਸੁਜਾਖੇ ਹੋ ਜਾਂਦੇ ਹਨ ਪਰ ਦਰਬਾਰ ਸਾਹਿਬ ਵਿਖੇ ਨੇਤ੍ਰਹੀਨ ਰਾਗੀ ਸਾਰੀ ਉੱਮਰ ਕੀਰਤਨ ਕਰਕੇ ਸੁਜਾਖੇ ਕਿਉਂ ਨਹੀਂ ਹੋਏ?ਜੇ ਸਰੋਵਰਾਂ ਦਾ ਜਲ ਹੀ ਰੋਗ ਦੂਰ ਕਰਦਾ ਹੈ ਤਾਂ ਫਿਰ ਸ੍ਰੋਮਣੀ ਕਮੇਟੀ ਵੱਲੋਂ ਗੁਰੂ ਰਾਮਦਾਸ ਹਸਪਤਾਲ ਕਿਉਂ ਬਣਾਇਆ ਹੈ? ਹਾਂ ਕਦੇ ਕੁਦਰਤੀ ਤੌਰ ਤੇ ਕਿਸੇ ਵੀ ਅਸਥਾਨ ਕੋਈ ਰੋਗ ਦੂਰ ਹੋ ਗਿਆ, ਉਹ ਇਵੇਂ ਹੈ ਕਿ ਪੰਜਾਬੀ ਦੀ ਕਹਾਵਤ ਮਨ ਤੋਂ ਵਿਸਾਰਿਆ ਰੋਗ ਤਨ ਤੋਂ ਦੂਰ ਹੋ ਜਾਂਦਾ ਹੈ। ਨਾਮ ਬਾਣੀ ਦਾ ਗਿਆਨ ਅੰਮ੍ਰਿਤ ਪੀਣ ਵਾਲੀ ਕੌਮ ਨੂੰ, ਸਾਧਾਂ, ਸੰਪ੍ਰਦਾਈ ਟਕਸਾਲੀਆਂ ਨੇ, ਆਪਣੀਆਂ ਕਥਾਵਾਂ ਵਿੱਚ ਸਰੋਵਰਾਂ ਦਾ ਜਲ ਅਤੇ ਪੈਰਾਂ ਦਾ ਧੋਣ ਪੀਣਾ ਹੀ ਸਿਖਾਇਆ ਹੈ। ਜੇ ਸਰੋਵਰਾਂ ਦਾ ਜਲ ਹੀ ਅੰਮ੍ਰਿਤ ਹੁੰਦਾ ਤਾਂ ਬਾਣੀ ਦਾ ਅੰਮ੍ਰਿਤ ਖੰਡੇ ਦੀ ਪਾਹੁਲ ਰਾਹੀਂ ਨਾ ਦਿੱਤਾ ਜਾਂਦਾ। ਧੋਣ ਤਾਂ ਹਮੇਸ਼ਾਂ ਗੰਦਾ ਹੁੰਦਾ ਭਾਵੇਂ ਉਹ ਕਪੜਿਆਂ ਦਾ ਹੋਵੇ ਤੇ ਭਾਵੇਂ ਪੈਰਾਂ ਦਾ। ਇਹ ਕੰਮ ਉੱਚ ਜਾਤੀਏ ਬ੍ਰਾਹਮਣ ਅਤੇ ਸਨਾਤਨੀ ਹਿੰਦੂ ਭਗਵੇ ਸਾਧ ਕਰਦੇ ਸਨ, ਜਿਸ ਨੂੰ ਸੰਤੋਖ ਸਿੰਘ ਵਰਗੇ ਸਾਧ ਸੇਵੀ ਕਵੀ ਲਿਖਾਰੀਆਂ ਨੇ, ਸਿੱਖ ਗੁਰੂਆਂ ਨਾਲ ਜੋੜ ਕੇ, ਸੂਰਜ ਪ੍ਰਕਾਸ਼ ਵਰਗੇ ਗ੍ਰੰਥਾਂ ਵਿੱਚ ਅੰਕਿਤ ਕੀਤਾ ਹੈ।

ਇਸ ਬ੍ਰਾਹਮਣੀ ਕਰਮਾਂ ਨਾਲ ਭਰੇ ਪਏ ਗ੍ਰੰਥ ਦੀ ਕਥਾ, ਬੜੇ ਚਟਕਾਰੇ ਲੈ ਲੈ ਗੁਰਦੁਆਰਿਆਂ ਵਿੱਚ ਹੁੰਦੀ ਰਹੀ ਅਤੇ ਕਿਤੇ ਕਿਤੇ ਹੁਣ ਵੀ ਹੋ ਰਹੀ ਹੈ। ਮਿਸ਼ਨਰੀ ਪ੍ਰਚਾਰਕਾਂ ਦੇ ਵੱਡੀ ਗਿਣਤੀ ਨਾਲ, ਪ੍ਰਚਾਰ ਖੇਤਰ ਵਿੱਚ ਆਉਣ ਅਤੇ ਇਲੈਕਟ੍ਰੌਨਿਕ ਮੀਡੀਆ ਸਰਗਰਮ ਹੋ ਜਾਣ ਕਰਕੇ, ਹੁਣ ਸੂਰਜ ਪ੍ਰਕਾਸ਼ ਦੀ ਕਥਾ ਬਹੁਤਿਆਂ ਗੁਰਦੁਆਰਿਆਂ ਵਿੱਚ ਨਹੀਂ ਹੁੰਦੀ ਪਰ ਅਜੇ ਵੀ ਵਿੱਚ ਵਿਚਾਲੇ ਡੇਰਿਆਂ ਸੰਪ੍ਰਦਾਵਾਂ ਦੇ ਕਥਾਵਾਚਕ, ਮਨਘੜਤ ਕਹਾਣੀਆਂ ਸੁਣਾ ਹੀ ਜਾਂਦੇ ਹਨ। ਕੌਮ ਨੂੰ ਅੱਜ ਗਿਆਨਵਾਨ, ਉੱਚੇ ਜੀਵਨ ਵਾਲੇ, ਕਹਿਣੀ, ਕਥਨੀ ਅਤੇ ਕਰਨੀ ਦੇ ਮਾਲਕ, ਨਿਧੱੜਕ ਪ੍ਰਚਾਰਕਾਂ ਦੀ ਲੋੜ ਹੈ ਜੋ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਖੋਜ ਭਰਪੂਰ ਵਿਖਆਖਿਆ ਕਰਦੇ ਹਨ।

ਦਾਸ ਨਾਲ ਵੀ ਇੱਕ ਵਾਰ ਅਮਰੀਕਾ ਵਿਖੇ, ਇੱਕ ਤੀਰ ਵਾਲੇ ਬਾਬੇ ਨਾਲ ਵਾਹ ਪਿਆ ਸੀ ਜੋ ਕਥਾ ਵਿੱਚ ਕਹਿ ਰਿਹਾ ਸੀ ਕਿ ਸੰਗਤੇ ਦੇਖੋ! ਗੁਰੂ ਰਾਮਦਾਸ ਵਿੱਚ ਕਿੰਨੀ ਨਿਮ੍ਰਤਾ ਸੀ ਜੋ ਆਈ ਸੰਗਤ ਦੇ ਪੈਰ ਦੋ ਧੋ ਕੇ ਪੀਂਦੇ ਸਨ। ਇਸ ਤੋਂ ਬਾਅਦ ਦਾਸ ਦਾ ਸਮਾਂ ਸੀ ਜਿਸ ਵਿੱਚ ਮੈਂ ਕਿਹਾ ਕਿ ਜੇ ਤੇਰੇ ਮੁਤਾਬਿਕ ਇਹ ਠੀਕ ਹੈ ਤਾਂ ਉਪਦੇਸ਼ ਆਪ ਵੀ ਕਮਾਉਣਾ ਚਾਹੀਦਾ ਹੈ। ਇਸ ਲਈ ਆਪ ਜੀ ਵੀ ਆ ਰਹੀਆਂ ਸੰਗਤਾਂ ਦੇ ਪੈਰ ਧੋ ਕੇ, ਪੈਰਾਂ ਅਤੇ ਜੁੱਤੀਆਂ ਦੀ ਰਾਖ ਪਾਣੀ ਵਿੱਚ ਘੋਲ ਕੇ ਪੀਣ ਦੀ ਸੇਵਾ, ਸੰਗਤਾਂ ਦੇ ਸਾਹਮਣੇ ਕਰੋ ਤਾਂ ਕਿ ਆਪ ਜੀ ਵਿੱਚ ਵੀ ਨਿਮਰਤਾ ਆ ਜਾਵੇ, ਜੋ ਗੁਰਬਾਣੀ ਪੜ੍ਹਨ ਵਿਚਾਰਨ ਤੇ ਵੀ ਨਹੀਂ ਆਈ ਕਿਉਂਕਿ ਅਮਲ ਤਾਂ ਸੰਪ੍ਰਾਦਾਈ ਸਾਧਾਂ ਦੀਆਂ ਮਨਘੜਤ ਕਹਾਣੀਆਂ 'ਤੇ ਹੀ ਕੀਤਾ ਹੈ।

ਦਾਸ ਨੇ ਕਿਹਾ ਭਲਿਓ ਨਹਾਉਣ ਜਾਂ ਪੈਰ ਧੋਣ ਵਾਲਾ ਪਾਣੀ ਅੰਮ੍ਰਿਤ ਨਹੀਂ ਅਤੇ ਨਾਂ ਹੀ ਪੀਣ ਵਾਸਤੇ ਹੁੰਦਾ ਹੈ। ਲੋਕਾਂ ਨੂੰ ਬਿਲਕੁਲ ਸਾਫ ਸੁਥਰਾ ਪਾਣੀ ਹੀ ਪੀਣਾ ਚਾਹੀਦਾ ਹੈ। ਅਕਲ ਤੋਂ ਕੰਮ ਲੈਣ ਦੀ ਲੋੜ ਹੈ-ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗੱਲਾਂ ਸੈਤਾਨੁ॥ (੧੨੪੫)

ਅੱਜ ਸੰਨ 2016 ਵਿੱਚ ਸੰਤ ਤੋਂ ਭਾਈ ਬਣੇ ਅਤੇ ਕੱਚੀਆਂ ਧਾਰਨਾਂ ਛੱਡ ਕੇ, ਸੱਚੀ ਬਾਣੀ ਦਾ ਕੀਰਤਨ ਅਤੇ ਵਿਆਖਿਆ ਕਰਨ ਵਾਲੇ "ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ" ਨੇ, ਗਿਣਤੀ ਦੇ ਪਾਠਾਂ, ਥੋਥੇ ਕਰਮਕਾਂਡਾਂ, ਧੂਪ ਸਮੱਗਰੀਆਂ, ਅਖੌਤੀ ਭੂਤਾਂ-ਪ੍ਰੇਤਾਂ, ਵਰਤਾਂ, ਰੱਖੜੀਆਂ, ਸੰਗ੍ਰਾਂਦਾਂ, ਅਖੌਤੀ ਡੇਰੇਦਾਰ ਸਾਧਾਂ ਸੰਪ੍ਰਦਾਈਆਂ, ਕੁਰੱਪਟ ਲੀਡਰਾਂ ਅਤੇ ਵਹਿਮਾਂ ਭਰਮਾਂ ਬਾਰੇ ਸੰਗਤਾਂ ਨੂੰ ਸੁਚੇਤ ਕਰਨਾ ਸ਼ੁਰੂ ਕਰ ਦਿੱਤਾ ਹੈ। ਹੁਣੇ ਜਿਹੇ ਉਨ੍ਹਾਂ ਨੇ ਸਰੋਵਰਾਂ, ਤੀਰਥਾਂ ਅਤੇ ਬਿਲਡਿੰਗਾਂ ਦੀ ਅਸਲੀਅਤ ਬਾਰੇ ਅਮਰੀਕਾ ਵਿਖੇ ਵਖਿਆਣ ਕੀਤਾ ਤਾਂ ਡੇਰੇਦਾਰ, ਸੰਪ੍ਰਦਾਈ ਅਤੇ ਅਖੌਤੀ ਖਾਲਿਸਤਾਨੀ ਬੁਖਲਾ ਉੱਠੇ ਅਤੇ ਕਿਸੇ ਜਾਗੋ ਵਾਲੇ ਜਥੇ ਨੇ, ਇੰਗਲੈਂਡ ਤੋਂ ਵੀਡੀਓ ਕਲਿਪ ਰਾਹੀਂ ਮਨਘੜਤ ਕਹਾਣੀਆਂ ਦਾ ਸਹਾਰਾ ਲੈ ਕੇ, ਉਨ੍ਹਾਂ ਨੂੰ ਧਮਕੀ ਦਿੰਦੇ ਸਰੋਵਰਾਂ, ਇਕੋਤਰੀਆਂ ਅਤੇ ਬਿਲਡਿੰਗ ਪੂਜਾ ਨੂੰ, ਗੁਰਬਾਣੀ ਦੇ ਉਪਦੇਸ਼ਾਂ ਨੂੰ ਛੱਡ ਕੇ, ਜਰੂਰੀ ਦੱਸਿਆ ਹੈ।

ਹੁਣ ਇਲੈਕਟ੍ਰੌਨਿਕ ਮੀਡੀਏ, ਜਾਗਰੂਕ ਸਿੱਖ ਮਿਸ਼ਨਰੀਆਂ, ਜਾਗਰੂਕ ਪ੍ਰਚਾਰਕਾਂ, ਪ੍ਰਚਾਰਕਾਂ, ਸਿੱਖ ਵਿਦਵਾਨਾਂ ਅਤੇ ਲਿਖਾਰੀਆਂ ਦੇ ਪ੍ਰਚਾਰ ਕਰਕੇ, ਸਿੱਖ ਸੰਗਤਾਂ ਜਾਗ੍ਰਿਤ ਹੋ ਰਹੀਆਂ ਹਨ। ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ, ਲੱਖਾਂ ਸੰਗਤਾਂ ਨੂੰ, ਗੁਰੂ ਗ੍ਰੰਥ ਸਾਹਿਬ ਦੀ ਸੱਚੀ ਬਾਣੀ ਰਾਹੀਂ ਥੋੜੇ ਜਿਹੇ ਸਮੇ ਵਿੱਚ ਸੁਚੇਤ ਕਰ ਦਿੱਤਾ ਹੈ। ਜਿਸ ਕਰਕੇ ਡੇਰੇਦਾਰ ਸੰਪ੍ਰਦਾਈਆਂ ਦਾ, ਥੋਥੇ ਕਰਮਕਾਂਡਾਂ, ਅੰਧਵਿਸ਼ਵਾਸ਼ਾਂ, ਅੰਨ੍ਹੀ ਸ਼ਰਧਾ, ਬਾਬਾਵਾਦ, ਸੰਤਪੁਣੇ ਰਾਹੀਂ, ਦਾਨ ਦੱਸ਼ਣਾ ਅਤੇ ਪਾਠਾਂ ਦੀਆਂ ਇਕੋਤਰੀਆਂ ਰਾਹੀਂ ਚਲਾਇਆ ਭਰਮਜਾਲ ਦਾ ਹਲਵਾਮੰਡਾ ਬੰਦ ਹੁੰਦਾ ਜਾ ਰਿਹਾ ਹੈ।

ਤੀਰਥ, ਸਰੋਵਰ, ਧਰਮਸ਼ਾਲਾਵਾਂ, ਖੂਹ, ਬਾਉਲੀਆਂ ਅਤੇ ਲੰਗਰ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ, ਸਿੱਖ ਗੁਰੂਆਂ ਨੇ ਬਣਵਾਏ ਤੇ ਚਲਾਏ ਜਿੱਥੇ ਹਰ ਜਾਤੀ ਤੇ ਧਰਮ ਦੇ ਲੋਕ ਇਸ਼ਨਾਨ ਕਰ, ਪਾਣੀ ਪੀ, ਲੰਗਰ ਛੱਕ ਅਤੇ ਆਤਮ ਗਿਆਨ ਲੈ ਸਕਦੇ ਹਨ। ਗੁਰਦੇਵ ਹੀ ਤੀਰਥ-ਸਰੋਵਰ ਹੈ ਜਿੱਥੇ ਗਿਆਨ ਦੇ ਜਲ ਵਿੱਚ ਮਨ ਦਾ ਇਸ਼ਨਾਨ ਕਰਨ ਨਾਲ ਮਨ ਪਵਿਤ੍ਰ ਹੋ ਜਾਂਦਾ ਹੈ-ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥(੨੫੦) ਪੂਰਾ ਸਤਿਗੁਰੂ ਹੀ ਤੀਰਥ ਹੈ-ਤੀਰਥੁ ਪੂਰਾ ਸਤਿਗੁਰੂ...(੧੪੦) ਗਿਆਨ ਦਾ ਤੀਰਥ ਤਾਂ ਮਨੁੱਖ ਦੇ ਅੰਦਰ ਹੈ, ਜਿਸ ਦੀ ਸਮਝ ਸਤਿਗੁਰੂ ਤੋਂ ਪੈਂਦੀ ਹੈ-ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥ ਮੈਲੁ ਗਈ ਮਨੁ ਨਿਰਮਲ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥ (੫੮੭) ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ ਅੰਨ੍ਹੀ ਸ਼ਰਧਾ ਵਾਲੇ ਅਗਿਆਨੀ ਲੋਕ ਸੱਚੇ ਸਤਿਗੁਰੂ ਤੀਰਥ ਨੂੰ ਛੱਡ, ਭਟਕਦੇ ਹੋਏ, ਬਾਹਰੀ ਮੰਨੇ ਗਏ ੬੮ ਤੀਰਥਾਂ ਤੇ ਨਹਾਉਂਦੇ ਫਿਰਦੇ ਹਨ-ਸਤਿਗੁਰ ਤੀਰਥੁ ਛਡ ਕੈ ਅਠਸਠਿ ਤੀਰਥ ਨਾਵਣਿ ਜਾਹੀਂ॥ ਨਦੀ ਨ ਡੁਬੈ ਤੁੰਬੜੀ ਤੀਰਥੁ ਵਿਸੁ ਨਿਵਾਰੇ ਨਾਹੀ॥ ਸੋ ਤੀਰਥ, ਸਰੋਵਰ, ਖੂਹ, ਬਾਉਲੀਆਂ ਅਤੇ ਅਜੋਕੇ ਸੰਤ ਬਾਬੇ "ਸ਼ਬਦ ਗੁਰੂ" ਤੋਂ ਉੱਪਰ ਨਹੀਂ ਹਨ।

ਭਾਈ ਢੱਡਰੀਆਂ ਵਾਲੇ ਨੇ ਠੀਕ ਹੀ ਕਿਹਾ ਹੈ ਕਿ ਭਰਨਾ ਤਾਂ ਮਨ ਦਾ ਲੋਟਾ ਸੀ ਪਰ ਅਸੀਂ ਦਰਬਾਰ ਸਾਹਿਬ ਗੁਰੂ ਰਾਮਦਾਸ ਸਰੋਵਰ ਚੋਂ ਵੀ ਬਾਣੀ ਉਪਦੇਸ਼ਾਂ ਦੀ ਬਜਾਇ ਪਾਣੀ ਦੀਆਂ ਕੈਨੀਆਂ ਹੀ ਭਰੀ ਲਿਆਉਂਦੇ ਹਾਂ।

# ਦੀਵੇ, ਦੀਵਾਲੀ, ਲਛਮੀ ਪੂਜਾ ਅਤੇ ਗੁਰਮਤਿ

ਅਵਤਾਰ ਸਿੰਘ ਮਿਸ਼ਨਰੀ

ਦੀਪ ਸੰਸਕ੍ਰਿਤ, ਦੀਪਕ ਹਿੰਦੀ, ਦੀਵਾ, ਦਿਵਾਲੀ ਪੰਜਾਬੀ, ਲਛਮੀ ਅਤੇ ਪੂਜਾ ਸੰਸਕ੍ਰਿਤ ਦੇ ਸ਼ਬਦ ਹਨ। ਦੀਪ ਦਾ ਅਰਥ ਟਾਪੂ ਵੀ ਹੈ ਜੋ ਗਿਣਤੀ ਵਿੱਚ ਸੱਤ ਮੰਨੇ ਜਾਂਦੇ ਹਨ। ਹਿੰਦੀ ਵਿੱਚ ਦੀਪਾਵਲੀ ਅਤੇ ਪੰਜਾਬੀ ਵਿੱਚ ਦੀਵਾਲੀ ਕਿਹਾ ਜਾਂਦਾ ਹੈ। ਲਛਮੀ ਧੰਨ ਦੌਲਤ ਅਤੇ ਪੂਜਾ ਪੂਜਨ ਨੂੰ ਕਹਿੰਦੇ ਹਨ। ਦੀਵੇ ਓਦੋਂ ਤੋਂ ਹੀ ਜਗਾਏ ਜਾ ਰਹੇ ਹਨ ਜਦੋਂ ਤੋਂ ਤੇਲ ਜਾਂ ਘਿਓ ਹੋਂਦ ਵਿੱਚ ਆਏ ਨੇ ਕਿਉਂਕਿ-ਬਿਨ ਤੇਲ ਦੀਵਾ ਕਿਉਂ ਜਲੇ (੨੫) ਚਾਰ ਥਾਈਂ ਬੱਤੀਆਂ ਵਾਲੇ ਦੀਵੇ ਨੂੰ ਚਰਾਗ ਕਿਹਾ ਜਾਂਦਾ ਹੈ। ਗੁਰਬਾਣੀ ਵਿੱਚ ਵੀ ਚਰਾਗ ਦਾ ਜਿਕਰ ਹੈ-ਬਲਿਓ ਚਰਾਗੁ ਅੰਧਿਆਰ ਮਹਿ (੧੩੮੭) ਚਰਾਗ ਰੋਸ਼ਨੀ ਅਤੇ ਅੰਧਿਆਰ ਹਨੇਰੇ ਦਾ ਪ੍ਰਤੀਕ ਹੈ। ਅੰਧਕਾਰ ਅਤੇ ਚਰਾਗ ਦੀਵੇ ਵੀ ਕਈ ਪ੍ਰਕਾਰ ਦੇ ਹਨ। ਇੱਕ ਹੈ ਕੁਦਰਤੀ ਹਨੇਰਾ ਜੋ ਸੂਰਜ-ਚੰਦ ਅਤੇ ਰੋਸ਼ਨੀ ਦੀ ਅਣਹੋਂਦ, ਦਿਨ ਤੋਂ ਬਾਅਦ ਰਾਤ ਸਮੇਂ ਹੁੰਦਾ ਹੈ। ਦੂਜੇ ਅੰਧੇਰੇ ਹਨ ਅਗਿਆਨਤਾ, ਵਹਿਮ-ਭਰਮ, ਕਰਮਕਾਂਡ, ਬੇਅਕਲ, ਹੰਕਾਰ, ਬਲਹੀਨਤਾ, ਮੰਦੇ ਕਰਮ, ਔਰਤ-ਵਿਤਕਰਾ, ਕਲਪਿਤ ਨਰਕ-ਸਵਰਗ, ਅੰਧ-ਵਿਸ਼ਵਾਸ਼, ਮਿਥਿਹਾਸ, ਜਾਤ-ਪਾਤ, ਅਤੇ ਛੂਆ-ਛਾਤ ਆਦਿ। ਦੀਵਾ ਬਲਣਾ ਜਾਂ ਜਗਣਾ ਰੋਸ਼ਨੀ ਦਾ ਪ੍ਰਤੀਕ ਹੈ। ਗੁਰੂ ਨਾਨਕ ਗਿਆਨ ਦਾ ਸੂਰਜ, ਸੱਚ ਦਾ ਚਰਾਗ, ਤਰਕ ਦਾ ਦਿਨ ਅਤੇ ਸ਼ੁਭ ਕਰਮਾਂ ਦਾ ਚਾਨਣ ਸਨ ਤਾਂ ਹੀ ਉਨ੍ਹਾਂ ਨੂੰ "ਬਲਿਓ ਚਰਾਗੁ ਅੰਧਿਆਰ ਮਹਿ" ਕਿਹਾ ਗਿਆ ਹੈ। ਦੀਵਾਲੀ-ਦੀਵਿਆਂ ਵਾਲੀ, ਦੀਵਿਆਂ ਦੀ ਪਾਲ ਜੋ ਇਕੱਠੇ ਬਲ ਕੇ ਵੱਧ ਰੋਸ਼ਨੀ ਕਰਦੇ ਹਨ। ਵਿਦਿਆ ਵੀ ਚਾਨਣ ਅਤੇ ਤੀਜਾ ਨੇਤਰ ਹੈ। ਦੁਨੀਆਂ ਦੀਆਂ ਸਾਰੀਆਂ ਕੌਮਾਂ ਅਤੇ ਬੋਲੀਆਂ ਵੀ ਵਿਦਿਆ ਦੀ ਪਾਲ, ਸਰਬਸਾਂਝੀਵਾਲਤਾ ਦੀ ਰੋਸ਼ਨੀ ਦਾ ਪ੍ਰਤੀਕ ਹਨ। ਇਸ ਕਰਕੇ ਜਦੋਂ ਤੋਂ ਵੀ ਮਨੁੱਖ ਨੂੰ ਸੋਝੀ ਆਈ ਹੈ, ਉਸ ਨੇ ਰੋਸ਼ਨੀ ਦੇ ਦੀਵੇ ਬਾਲੇ ਹਨ। ਰੋਸ਼ਨੀ ਚਾਨਣ ਲਈ ਹੈ ਨਾਂ ਕਿ ਪੂਜਨ ਵਾਸਤੇ।

ਮਿਥਿਹਾਸਕ ਤੌਰ ਤੇ ਹਿੰਦੂਆਂ ਵਿੱਚ ਦੀਵਾਲੀ, ਸ੍ਰੀ ਰਾਮ ਚੰਦਰ ਦੇ ੧੪ ਸਾਲ ਦਾ ਬਨਵਾਸ ਕੱਟ ਕੇ, ਅਯੁੱਧਿਆ ਆਉਣ ਦੀ ਖੁਸ਼ੀ ਵਿੱਚ ਮਨਾਈ ਜਾਂਦੀ ਅਤੇ ਲਸ਼ਮੀ ਪੂਜਨ ਕੀਤਾ ਜਾਂਦਾ ਹੈ। ਜਰਾ ਸੋਚੋ! ਕੀ ਰਾਮ ਚੰਦਰ ਦੇ ਬਨਵਾਸ ਕੱਟ ਕੇ ਆਉਣ ਤੋਂ ਪਹਿਲਾਂ, ਲੋਕ ਖੁਸ਼ੀ ਦੇ ਦੀਵੇ ਨਹੀਂ ਬਾਲਦੇ ਸਨ? ਹਾਂ ਪਹਿਲੇ ਵੀ ਲੋੜ ਅਤੇ ਖੁਸ਼ੀ ਵੇਲੇ ਦੀਵਾਲੀਆਂ ਜਗਦੀਆਂ ਸਨ। ਮਿਥਿਹਾਸਿਕ ਮਨੌਤ ਅਨੁਸਾਰ ਲਛਮੀ ਧੰਨ ਦੌਲਤ ਦੀ ਦੇਵੀ ਹੈ ਜੋ ਪੁਰਾਣਾ ਵਿੱਚ ਵਿਸ਼ਨੂੰ ਦੀ ਇਸਤਰੀ ਲਿਖੀ ਹੈ। ਇਸ ਨੂੰ ਕਾਮ ਦੀ ਮਾਤਾ ਮੰਨਿਆਂ ਗਿਆ ਹੈ ਅਤੇ ਸਮੁੰਦਰ ਰਿੜਕਣ ਤੋਂ ਇਸ ਦਾ ਪ੍ਰਗਟ ਹੋਣਾ ਕਲਪਿਆ ਹੈ। ਇਸੇ ਲਈ ਇਸ ਦਾ ਨਾਮ ਇੰਦਰਾ ਅਤੇ ਜਲਧਿਜਾ ਵੀ ਹੈ। ਇਸ ਦੇ ਹੱਥ ਵਿੱਚ ਕਮਲ ਹੋਣ ਕਰਕੇ ਇਸ ਦਾ ਨਾਂ ਪਦਮਾਂ ਵੀ ਪ੍ਰਸਿੱਧ ਹੈ (ਮਹਾਨ ਕੋਸ਼-੧੦੫੫) ਡਾ. ਰਤਨ ਸਿੰਘ ਜੱਗੀ "ਗੁਰੂ ਗ੍ਰੰਥ ਵਿਸ਼ਵਕੋਸ਼" ਦੇ ਸਫਾ ੪੬੧ ਤੇ ਲਿਖਦੇ ਹਨ ਕਿ ਲਛਮੀ ਚਾਰ ਭੁਜਾਵਾਂ ਵਾਲੀ ਸੁੰਦਰਤਾ ਦੀ ਸਾਕਾਰ ਮੂਰਤੀ ਹੈ। ਇਸਦੇ ਹੱਥ ਵਿੱਚ ਕਮਲ ਫੜਿਆ ਹੁੰਦਾ ਹੈ ਅਤੇ ਇਸ ਦਾ ਆਪਣਾ ਕੋਈ ਮੰਦਿਰ ਜਾਂ ਧਰਮ-ਧਾਮ ਨਹੀਂ ਪਰ ਇਸ ਨੂੰ ਧੰਨ ਅਤੇ ਚੰਗੀ ਕਿਸਮਤ ਦੀ ਦੇਵੀ ਮੰਨ ਲੈਣ ਨਾਲ, ਇਸ ਦੀ ਪੂਜਾ ਹੁੰਦੀ ਰਹਿੰਦੀ ਹੈ। ਦੀਵਾਲੀ ਵਾਲੇ ਦਿਨ ਤਾਂ ਇਸ ਦੀ ਉਚੇਚੀ ਪੂਜਾ ਹੁੰਦੀ ਹੈ ਕਿਉਂਕਿ ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਦਿਵਾਲੀ ਵਾਲੇ ਦਿਨ, ਲਛਮੀ ਦੇਵੀ ਹਰ ਘਰ ਦੇ ਅੰਦਰ ਜਾਂਦੀ ਹੈ। ਇਸ ਲਈ ਲੋਕੀਂ ਆਪਣਾ ਘਰ-ਬਾਰ ਸਜਾ, ਸਾਰੀ ਰਾਤ ਦੀਵੇ ਬਾਲ, ਇਸ ਦੇ ਆਉਣ ਦੀ ਇੰਤਜਾਰ ਕਰਦੇ ਅਤੇ ਵਕਤ ਪਾਸ ਕਰਨ ਲਈ ਜੂਆ ਆਦਿ ਵੀ ਖੇਡਦੇ ਹਨ। ਇਸ ਮਿਥਿਹਾਸ ਦਾ ਨਕਾਰਾਤਮਕ ਜ਼ਿਕਰ ਭਗਤ ਤ੍ਰਿਲੋਚਨ ਜੀ ਨੇ ਵੀ ਕੀਤਾ ਹੈ-ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਸਰਪ ਜੋਨਿ ਵਲਿ ਵਲਿ ਅਉਤਰੈ॥੧॥(ਗੁਰੂ ਗ੍ਰੰਥ)

ਸਿੱਖਾਂ ਵਿੱਚ ਵੀ ਇਹ ਪ੍ਰਚੱਲਤ ਕਰ ਦਿੱਤਾ ਗਿਆ ਹੈ ਕਿ ਜਦ ਛੇਵੇਂ ਗੁਰੂ ਹਰਗੋਬਿੰਦ ਸਾਹਿਬ, ਗੁਵਾਲੀਅਰ ਦੇ ਕਿਲੇ ਚੋਂ ਰਿਹਾ ਹੋ ਕੇ, ਅੰਮ੍ਰਿਤਸਰ ਆਏ ਤਾਂ ਸਿੱਖਾਂ ਨੇ ਇਸ ਖੁਸ਼ੀ ਵਿੱਚ ਦੀਪਮਾਲਾ ਕੀਤੀ ਸੀ। ਅੱਜ ਕੱਲ੍ਹ ਇਸ ਦਿਨ ਨੂੰ, ਬੰਦੀ ਛੋੜ ਦਿਵਸ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਇਤਿਹਾਸ ਨੂੰ ਪੜ੍ਹਨ ਅਤੇ ਵਾਚਨ ਵਾਲੇ ਲੋਕ ਜਾਣਦੇ ਹਨ ਕਿ ਭੱਟ ਵਹੀਆਂ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਤਾਂ ਦੀਵਾਲੀ ਤੋਂ ਕਈ ਮਹੀਨੇ ਪਿੱਛੋਂ, ਜੋ ਫਰਵਰੀ ਦੇ ਅੰਤ 'ਤੇ ਅੰਮ੍ਰਿਤਸਰ ਪੁੱਜੇ ਸਨ। ਦੂਜਾ ਬਾਬਰ ਦੀ ਕੈਦ ਵਿੱਚ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੂੰ ਰੱਖਿਆ ਗਿਆ ਜਿੱਥੇ ਚੱਕੀਆਂ ਪੀਹਣ ਦੀ ਸਜਾ ਭੁਗਤ ਰਹੇ ਲੋਕਾਂ ਨੂੰ, ਬਾਬਰ ਦੀ ਬੰਦੀ ਵਿੱਚੋਂ ਛੁਡਾਇਆ ਸੀ। ਪਹਿਲੇ ਬੰਦੀ ਛੋੜ ਤਾਂ "ਜ਼ਾਹਰ ਪੀਰ ਜਗਤ ਗੁਰ ਬਾਬਾ" ਗੁਰੂ ਨਾਨਕ ਸਾਹਿਬ ਹਨ। ਓਸ ਪਹਿਲੇ ਬੰਦੀ ਛੋੜ ਦਾਤੇ ਦਾ "ਬੰਦੀ ਛੋੜ ਦਿਵਸ" ਕਿਉਂ ਵਿਸਾਰ ਦਿੱਤਾ ਗਿਆ ਹੈ? ਸਿੱਖਾਂ ਦੇ ਤਿਉਹਾਰ ਅਤੇ ਗੁਰ ਪੁਰਬ ਹਿੰਦੂਆਂ ਨਾਲ ਮਿਲਗੋਭਾ ਕਿਉਂ ਕੀਤੇ ਗਏ ਹਨ? ਜਿਵੇਂ ਗੁਰੂ ਨਾਨਕ ਸਹਿਬ ਦਾ ਪ੍ਰਕਾਸ਼ ਵੈਸਾਖ ਦੀ ਥਾਂ ਕੱਤਕ ਦੀ ਪੂਰਨਮਾਸ਼ੀ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਦੀ ਥਾਂ, ਹਜ਼ੂਰ ਸਾਹਿਬ ਦਸਹਿਰਾ ਮਨੌਣਾ, ਸ੍ਰੀ ਕੇਸਗੜ੍ਹ ਸਾਹਿਬ ਵੈਸਾਖੀ ਦੀ ਥਾਂ ਹੋਲਾ ਅਤੇ ਸ੍ਰੀ ਮੁਕਤਸਰ ਸਾਹਿਬ ਗਰਮੀਆਂ ਵਿਖੇ ਹੋਏ ਯੁੱਧ ਦਾ ਦਿਨ ਛੱਡ ਕੇ, ਮਾਘੀ ਮਨਾਉਣਾ ਆਦਿਕ। ਹੋਰ ਤਾਂ ਹੋਰ ਅੱਜ ਬਹੁਤੇ ਗੁਰਦੁਆਰਿਆਂ ਵਿੱਚ-ਥਿਤਿ ਵਾਰ ਸੇਵਹਿ ਮੁਗਧ ਗਵਾਰ (੮੪੩) ਗੁਰੂ ਦੇ ਅਕੱਟ ਹੁਕਮ ਉੱਲਟ ਪੂਰਨਮਾਸ਼ੀ, ਮੱਸਿਆ ਅਤੇ ਸੰਗ੍ਰਾਂਦ ਆਦਿ ਹਿੰਦੂ ਪੁਰਬ ਬੜੀ ਧੂੰਮ-ਧਾਮ ਨਾਲ ਮਨਾਏ ਜਾਂਦੇ ਹਨ। ਮਿਲਗੋਭਾ ਕੀਤੇ ਗਏ ਇਤਿਹਾਸ ਨੂੰ, ਗੁਰਮਤਿ ਦੀ ਰੋਸ਼ਨੀ ਵਿੱਚ ਦੁਬਾਰਾ ਵਾਚਨ ਅਤੇ ਲਿਖਣ ਦੀ ਅਤਿਅੰਤ ਲੋੜ ਹੈ। ਸਿੱਖ ਨੇ ਗੁਰੂ ਤੋਂ ਰੋਸ਼ਨੀ ਲੈਣੀ ਹੈ ਨਾਂ ਕਿ ਮਿਥਿਹਾਸਕ ਗ੍ਰੰਥਾਂ ਅਤੇ ਸੋ ਕਾਲਡ ਕਹਾਣੀਆਂ ਦੇ ਅੰਧੇਰੇ ਵਿੱਚ ਹੀ ਫਸੇ ਰਹਿਣਾ ਹੈ। ਗੁਰਮਤਿ ਵਿੱਚ ਲਛਮੀ ਪੂਜਾ ਨੂੰ ਕੋਈ ਥਾਂ ਨਹੀਂ ਸਗੋਂ ਅਕਾਲ ਦੀ ਪੂਜਾ ਦਾ ਵਿਧਾਨ ਹੈ (ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਅਤੇ ਦਿਦਾਰ ਖਾਲਸੇ ਕਾ ਨਾਂ ਕਿ ਕਿਸੇ ਭੇਖੀ ਸਾਧ ਦਾ) ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਤਾਂ ਹਰ ਵੇਲੇ ਗੁਰਬਾਣੀ ਗਿਆਨ ਦੀ ਦੀਵਾਲੀ ਜਗਦੀ ਰਹਿੰਦੀ ਹੈ। ਵਾਤਵਰਣ ਸਵੱਛ ਅਤੇ ਸਾਫ ਹੁੰਦਾ ਹੈ। ਗੁਰਬਾਣੀ ਮਨ ਨੂੰ ਸ਼ਾਤ ਕਰਦੀ ਤੇ ਉਖੜਿਆ ਮਨ ਵੀ ਟਿਕ ਜਾਂਦਾ ਹੈ। ਇਸੇ ਕਰਕੇ ਗੁਰੂ ਸਾਹਿਬਾਨਾਂ ਨੇ ਆਪਣੇ ਮਜੂਦਾ ਸਰੀਰਕ ਜੀਵਨ ਸਮੇਂ, ਇਸ ਪਵਿੱਤ੍ਰ, ਗਿਆਨ ਦੇ ਸੋਮੇਂ ਅਤੇ ਸਰਬਸਾਂਝੇ ਅਸਥਾਨ ਨੂੰ, ਯੁੱਧ ਦਾ ਅਖਾੜਾ ਨਹੀਂ ਬਣਾਇਆ ਸਗੋਂ ਸਾਰੇ ਜੰਗ-ਯੁੱਧ ਬਾਹਰ ਹੀ ਲੜੇ ਹਨ। ਫਿਰ ਕੀ ਐਸੇ ਸਾਫ-ਸੁਥਰੇ ਅਤੇ ਮਨ ਦੇ ਟਿਕਾ ਵਾਲੇ ਪਵਿਤ੍ਰ ਥਾਂ ਤੇ ਅਤਸ਼ਬਾਜੀ ਦਾ ਜ਼ਹਿਰ ਅਤੇ ਵਾਤਾਵਰਣ ਨੂੰ ਗੰਧਲਾ ਕਰਨ ਵਾਲੇ ਪਟਾਕੇ ਚਲਾਉਣੇ ਚਾਹੀਦੇ ਹਨ? ਕੀ ਸਿੱਖਾਂ ਨੂੰ ਇਸ ਦਿਨ ਕਰੋੜਾਂ ਰੁਪਿਆ ਭੰਗ ਦੇ ਭਾੜੇ ਫੂਕਣਾ ਚਾਹੀਦਾ ਹੈ? ਗੁਰੂ ਤਾਂ ਲੋੜਵੰਦਾਂ ਦੀ ਮਦਦ ਕਰਦੇ ਸਨ। ਇਸੇ ਕਰਕੇ ਧੜਾ-ਧੜ ਲੋਕ, ਅਧੁਨਿਕ ਵਿਗਿਆਨਕ ਅਤੇ ਅਗਾਂਹ ਵਧੂ ਸਿੱਖ ਧਰਮ ਨੂੰ ਅਪਣਾਈ ਜਾ ਰਹੇ ਸਨ। ਕੀ ਗੁਰੂ ਜੀ ਅਜਿਹੇ ਦੀਵਾਲੀਆਂ, ਦਸਹਿਰਿਆਂ ਵਾਲੇ ਅਡੰਬਰ ਰਚ, ਲੋਕਾਂ ਨੂੰ ਪ੍ਰਭਾਵਿਤ ਕਰਕੇ ਸਿੱਖ ਬਣਾਉਂਦੇ ਸਨ? ਹਾਂ ਜੇ ਥੋੜੇ ਬਹੁਤੇ ਪਟਾਕੇ ਚਲਾਉਣੇ ਹੀ ਹਨ ਤਾਂ ਸ਼ਹਿਰ ਦੇ ਬਾਹਰਵਾਰ, ਕੋਈ ਨਵੇਕਲੀ ਜਗ੍ਹਾ ਹੋਣੀ ਚਾਹੀਦੀ ਹੈ। ਦੇਖੋ ਅਮਰੀਕਾ ਵਿਖੇ ਵੀ ਲੋਕ ਫੋਰਥ ਜੁਲਾਈ ਨੂੰ, ਸ਼ਪੈਸ਼ਲ ਅਬਾਦੀ ਤੋਂ ਦੂਰ, ਸੁਰੱਖਿਅਤ ਥਾਵਾਂ ਤੇ ਸੌਫਟ ਅਤਸ਼ਬਾਜੀ ਚਲਾਉਂਦੇ ਹਨ ਜੋ ਧੂੰਆਂ ਤੇ ਖੜਕਾ ਘੱਟ ਅਤੇ ਰੋਸ਼ਨੀ ਵੱਧ ਕਰਦੀ ਹੈ।

ਜੇ ਦੀਵਾਲੀ ਬਾਲਣੀ ਹੀ ਹੈ ਤਾਂ ਸਭਿਅਕ ਢੰਗ ਅਪਨਾਉਣਾ ਚਾਹੀਦਾ ਹੈ। ਪੈਸੇ ਦਾ ਬਚਾ ਕਰਕੇ, ਲੋੜਵੰਦ ਜੋ ਢਿੱਡੋਂ ਭੁੱਖੇ, ਸਰੀਰੋਂ ਨੰਗੇ, ਛੱਤ ਤੋਂ ਵਾਂਝੇ, ਫੁੱਟ ਪਾਥਾਂ ਜਾਂ ਹਨੇਰੀਆਂ ਝੁੱਗੀਆਂ ਵਿੱਚ, ਦਿਨ ਕਟੀ ਕਰ ਰਹੇ ਨੇ, ਓਥੇ ਭੋਜਨ, ਪਾਣੀ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਮਠਾਈਆਂ ਵਿੱਚ ਰਹਿੰਦ-ਖੂੰਹਦ ਦੀ ਥਾਂ ਸ਼ੁੱਧ ਅਤੇ ਨਰੋਏ ਪਦਾਰਥ ਹੀ ਵਰਤਨੇ ਚਾਹੀਦੇ ਹਨ। ਇਸ ਦਿਨ ਸ਼ਰਾਬਾਂ ਪੀਣੀਆਂ ਅਤੇ ਜੂਏ ਖੇਲ੍ਹਣੇ ਕਿੱਧਰ ਦੀ ਖੁਸ਼ੀ ਅਤੇ ਸਭਿਅਤਾ ਹੈ? ਸਿੱਖਾਂ ਨੂੰ ਇਹ ਦਿਨ ਗਿਆਨ ਦੇ ਚਰਾਗ ਵਜੋਂ ਹੀ ਮਨਾਉਣਾ ਚਾਹੀਦਾ ਹੈ ਕਿਉਂਕਿ ਗਿਆਨ ਦੇ ਚਰਾਗ ਹੀ ਬੁਝੇ ਹੋਏ ਮਨ ਦੇ ਦੀਵਿਆਂ ਨੂੰ ਜਗਾ ਸਕਦੇ ਹਨ। ਜਿਵੇਂ 1000 ਵਾਟ ਦੇ ਬਲਬ ਸਾਹਮਣੇ, 100 ਵਾਟ ਦੀ ਕੀ ਵੁਕਤ ਹੈ, ਚਰਾਗ ਦੀ ਥਾਂ ਛੋਟੇ ਦੀਵੇ ਦੀ, ਇਵੇਂ ਹੀ "ਗੁਰੂ ਗ੍ਰੰਥ ਰੂਪ ਗਿਆਨ ਸੂਰਜ" ਦੀ ਥਾਂ ਹੋਰ ਕਿੱਸੇ ਕਹਾਣੀਆਂ, ਕੋਈ ਵੁਕਤ ਨਹੀਂ ਰੱਖਦੀਆਂ।



ਜੇ ਦੀਵਾਲੀ ਬਾਲਣੀ ਹੀ ਹੈ ਤਾਂ ਸਭਿਅਕ ਢੰਗ ਅਪਨਾਉਣਾ ਚਾਹੀਦਾ ਹੈ। ਪੈਸੇ ਦਾ ਬਚਾ ਕਰਕੇ, ਲੋੜਵੰਦ ਜੋ ਢਿੱਡੋਂ ਭੁੱਖੇ, ਸਰੀਰੋਂ ਨੰਗੇ, ਛੱਤ ਤੋਂ ਵਾਂਝੇ, ਫੁੱਟ ਪਾਥਾਂ ਜਾਂ ਹਨੇਰੀਆਂ ਝੁੱਗੀਆਂ ਵਿੱਚ, ਦਿਨ ਕਟੀ ਕਰ ਰਹੇ ਨੇ, ਓਥੇ ਭੋਜਨ, ਪਾਣੀ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਮਠਾਈਆਂ ਵਿੱਚ ਰਹਿੰਦ-ਖੂੰਹਦ ਦੀ ਥਾਂ ਸ਼ੁੱਧ ਅਤੇ ਨਰੋਏ ਪਦਾਰਥ ਹੀ ਵਰਤਨੇ ਚਾਹੀਦੇ ਹਨ। ਇਸ ਦਿਨ ਸ਼ਰਾਬਾਂ ਪੀਣੀਆਂ ਅਤੇ ਜੂਏ ਖੇਲ੍ਹਣੇ ਕਿੱਧਰ ਦੀ ਖੁਸ਼ੀ ਅਤੇ ਸਭਿਅਤਾ ਹੈ? ਸਿੱਖਾਂ ਨੂੰ ਇਹ ਦਿਨ ਗਿਆਨ ਦੇ ਚਰਾਗ ਵਜੋਂ ਹੀ ਮਨਾਉਣਾ ਚਾਹੀਦਾ ਹੈ ਕਿਉਂਕਿ ਗਿਆਨ ਦੇ ਚਰਾਗ ਹੀ ਬੁਝੇ ਹੋਏ ਮਨ ਦੇ ਦੀਵਿਆਂ ਨੂੰ ਜਗਾ ਸਕਦੇ ਹਨ। ਜਿਵੇਂ 1000 ਵਾਟ ਦੇ ਬਲਬ ਸਾਹਮਣੇ, 100 ਵਾਟ ਦੀ ਕੀ ਵੁਕਤ ਹੈ, ਚਰਾਗ ਦੀ ਥਾਂ ਛੋਟੇ ਦੀਵੇ ਦੀ, ਇਵੇਂ ਹੀ "ਗੁਰੂ ਗ੍ਰੰਥ ਰੂਪ ਗਿਆਨ ਸੂਰਜ" ਦੀ ਥਾਂ ਹੋਰ ਕਿੱਸੇ ਕਹਾਣੀਆਂ, ਕੋਈ ਵੁਕਤ ਨਹੀਂ ਰੱਖਦੀਆਂ। ਸਿੱਖਾਂ ਨੂੰ ਇਸ ਦਿਨ ਗੁਰਬਾਣੀ ਅਰਥਾਂ ਦੀਆਂ ਪੋਥੀਆਂ, ਗੁਰਮਤਿ ਫਿਲਾਸਫੀ ਦੀਆਂ ਕਿਤਾਬਾਂ ਅਤੇ ਗੁਰਬਾਣੀ ਦੀ ਕਸਵੱਟੀ ਤੇ ਪਰਖੇ ਸ਼ੁੱਧ ਇਤਿਹਾਸ ਦੀਆਂ ਪੁਸਤਕਾਂ, ਸੀਡੀਆਂ ਅਤੇ ਅਧੁਨਿਕ ਮੀਡੀਏ ਦੇ ਦੀਵੇ, ਮਹਿੰਗੇ-ਮਹਿੰਗੇ ਪਟਾਕਿਆਂ ਅਤੇ ਵੰਨ-ਸੁਵੰਨੀਆਂ ਮਠਿਆਈਆਂ ਦੀ ਥਾਂ ਵੰਡਣੇ ਚਾਹੀਦੇ ਹਨ ਨਾਂ ਕਿ "ਦੀਵਾਲੀ ਕੀ ਰਾਤ ਦੀਵੇ ਬਾਲੀਅਨ" ਵਾਲੀ ਤੁਕ ਹੀ ਰਟੀ ਜਾਣੀ ਚਾਹੀਦੀ ਹੈ, ਜੋ ਭਾਈ ਗੁਰਦਾਸ ਜੀ ਨੇ ਕਿਸੇ ਹੋਰ ਭਾਵ ਵਿੱਚ ਅਜਿਹੀਆਂ ਕਈ ਹੋਰ ਉਦਾਹਰਣਾ ਦੇ ਕੇ ਸਮਝਾਉਂਦਿਆਂ ਉਚਾਰੀ ਅਤੇ ਲਿਖੀ ਸੀ। ਸੋ ਗੁਰਮਤਿ ਨਾਲ, ਲਛਮੀ ਪੂਜਨ ਵਾਲੀ ਦੀਵਾਲੀ ਦਾ ਕੋਈ ਸਬੰਧ ਨਹੀਂ ਸਗੋਂ ਕਿਰਤ ਕਰਕੇ ਲਛਮੀ ਪੈਦਾ ਕਰਨੀ ਜਾਂ ਕਮਾਉਣੀ ਚਾਹੀਦੀ ਹੈ। ਲਛਮੀ ਤਾਂ ਹੱਥਾਂ ਦੀ ਕਿਰਤ ਹੈ ਨਾਂ ਕਿ ਕੋਈ ਮਿਥਿਹਾਸਕ ਦੇਵੀ, ਜੋ ਸਾਡੇ ਰਾਤ ਨੂੰ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਨਾਲ ਹੀ ਅੰਦਰ ਆਉਂਦੀ ਹੈ। ਐਸਾ ਹੁੰਦਾ ਹੋਏ ਤਾਂ ਗਰੀਬ ਲੋਕ ਜਿਨ੍ਹਾਂ ਦੇ ਕੋਈ ਘਰ ਘਾਟ ਨਹੀਂ ਜਾਂ ਟੁੱਟੀਆਂ-ਫੁੱਟੀਆਂ ਖੁੱਲ੍ਹੀਆਂ ਝੁੱਗੀਆਂ ਹੀ ਹੁੰਦੀਆਂ ਨੇ, ਕਥਿਤ ਲਛਮੀ ਓਥੇ ਪਹਿਲੇ ਕਿਉਂ ਨਹੀਂ ਜਾਂਦੀ? ਕਹਿੰਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਗਰੀਬ ਬਿਦਰ ਦੇ ਘਰ ਅਤੇ ਸ੍ਰੀ ਰਾਮ ਚੰਦ ਜੀ ਗਰੀਬ ਭੀਲਣੀ ਕੋਲ ਗਏ ਸਨ। ਗੁਰੂ ਨਾਨਕ ਸਾਹਿਬ ਜੀ ਦਾ ਤਾਂ ਅਕੱਟ ਸਬੂਤ ਇਤਿਹਾਸ ਹੈ ਕਿ ਉਹ ਮਲਕ ਭਾਗੋ ਦੇ ਮਹਿਲ ਤੇ ਪਕਵਾਨ ਛੱਡ ਕੇ, ਇੱਕ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਗਏ। ਉਨ੍ਹਾਂ ਨੇ ਗੁਰਬਾਣੀ ਵਿੱਚ ਵੀ ਲਿਖਿਆ ਹੈ ਕਿ-ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥ ਨਾਨਕ ਤਿਨ ਕੇ ਸੰਗਿ ਸਾਥ ਵਡਿਆਂ ਸਿਉਂ ਕਿਆ ਰੀਸ॥(੧੫)

ਲਛਮੀ ਕੋਈ ਦੇਵੀ ਨਹੀਂ ਸਗੋਂ ਹੱਥੀਂ ਕੀਤੀ ਕਿਰਤ ਹੈ, ਜੋ ਮਿਹਨਤ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ ਨਾਂ ਕਿ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਦੇ ਵਹਿਮ ਨਾਲ। ਖੁੱਲ੍ਹੇ ਦਰਵਾਜਿਆਂ ਵਿੱਚ ਤਾਂ ਸਗੋਂ ਕਈ ਵਾਰ ਕੁੱਤੇ ਬਿੱਲੇ ਅਤੇ ਚੋਰ ਆ ਵੜਦੇ ਹਨ, ਜੋ ਖਾ ਪੀ ਕੇ ਘਰ ਵਿੱਚ ਪਈ ਲਛਮੀ ਨੂੰ ਵੀ ਲੁੱਟ ਲੈ ਜਾਂਦੇ ਹਨ। ਪਾਠਕ ਜਨੋ! ਗੁਰਮਤਿ ਇੱਕ ਆਲਮਗੀਰ ਮੱਤ ਹੈ ਜੋ ਮਿੱਥਾਂ ਦੀ ਤਾਂ ਤੱਥਾਂ ਨੂੰ ਮਾਨਤਾ ਦਿੰਦਾ ਹੈ। ਆਓ ਗੁਰਬਾਣੀ ਗਿਆਨ ਦੇ ਦੀਵੇ ਬਾਲ ਕੇ ਮਨ ਦੀਆਂ ਬੁਝੀਆਂ ਬੱਤੀਆਂ ਨੂੰ ਬਾਲੀਏ ਜੋ ਹੋਰਨਾਂ ਨੂੰ ਵੀ ਗਿਆਨ ਦੀ ਰੋਸ਼ਨੀ ਦੇ ਸੱਕਣ।

ਪੰਜਾਬੀ ਦੀ ਕਹਾਵਤ ਹੈ "ਸਦਾ ਦੀਵਾਲੀ ਸਾਧ ਕੀ ਅੱਠੇ ਪਹਿਰ ਬਸੰਤ" ਸਾਧ ਭਾਵ ਭਲਾ ਪੁਰਖ ਨਾਂ ਕਿ ਭੇਖਧਾਰੀ। ਇਹ ਸੀ ਥੋੜੀ ਜਿਹੀ ਵਿਚਾਰ ਦੀਵੇ, ਦੀਵਾਲੀ, ਲਛਮੀ ਪੂਜਾ ਅਤੇ ਗੁਰਮਤਿ ਬਾਰੇ ਜਿਸ ਨੂੰ ਪਾਠਕ ਜਨ, ਗੁਰਬਾਣੀ ਅਤੇ ਗੁਰ ਇਤਿਹਾਸ ਦੇ ਸੰਦਰਭ ਵਿੱਚ ਵਾਚਣ ਦੀ ਕ੍ਰਿਪਾਲਤਾ ਕਰਨ। ਗੁਰੂ ਗਿਆਨ ਦੀ ਰੋਸ਼ਨ ਜੋਤ ਨਾਲ, ਆਪਣੇ ਦਿਲਾਂ ਦੇ ਦੀਵੇ ਜਗਾਉਣ ਜੋ ਮਾਇਕ ਪਦਾਰਥਾਂ ਦੀ ਹਵਾ ਤੇ ਵਿਸ਼ੇ ਵਿਕਾਰਾਂ ਦੇ ਝੱਖੜਾਂ ਨੇ ਬੁਝਾਏ ਨੇ ਨਾਂ ਕਿ ਲਛਮੀ ਪੂਜਾ ਲਈ ਬੂਹੇ ਖੁੱਲ੍ਹੇ ਰੱਖ ਕੇ ਜਗਾਏ ਬਾਹਰੀ ਦੀਵਿਆਂ, ਬਰੂਦੀ ਪਟਾਕਿਆਂ, ਮਿਲਾਵਟੀ ਬਜਾਰੀ ਜਹਿਰੀਲਆਂ ਮਿਠਿਆਈਆਂ ਅਤੇ ਮਾਰੂ ਨਸ਼ਿਆਂ ਦਾ ਸੇਵਨ, ਲੱਖਾਂ ਕਰੋੜਾਂ ਰੁਪਈਆ ਹਰ ਸਾਲ ਬਰਬਾਦ ਕਰਕੇ, ਹਾਦਸਿਦਆਂ ਵਿੱਚ ਗਰੀਬਾਂ ਦੀਆਂ ਝੁੱਗੀਆਂ ਤੇ ਕਿਰਸਾਨਾਂ ਦੀਆਂ ਅਨਾਜ ਨਾਲ ਭਰੀਆਂ ਫਸਲਾਂ ਸਾੜਨ ਦਾ ਕਾਰਨ ਬਣਨਾ ਦੀਵਾਲੀ ਮਨਾਉਣੀ ਹੈ।

## ਗੁਰੂ ਸਾਹਿਬਾਨਾਂ ਦਾ ਪ੍ਰਕਾਸ਼ ਦਿਵਸ

# ਗੁਰਗੱਦੀ ਤੇ ਜੋਤੀ-ਜੋਤਿ ਦਿਵਸ ਕਿਵੇਂ ਮਨਾਈਏ



ਮਾਸਟਰ ਨਿਰਮਲ ਸਿੰਘ ਲਾਲੀ
1-530-777-0955

ਜਦੋਂ ਇਸ ਸ੍ਰਿਸ਼ਟੀ ਉਤੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਦੀ ਹਨੇਰੀ ਝੁੱਲ ਪਵੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਅਤੇ ਸਵਾਰਥ ਵਿਚ ਮਨੁੱਖੀ ਕਦਰਾਂ ਕੀਮਤਾਂ ਭੁੱਲ ਜਾਣ ਤਾਂ ਪ੍ਰਮਾਤਮਾ ਵੱਲੋਂ ਕਿਸੇ ਮਹਾਂਪੁਰਖ ਦਾ ਇਸ ਸ੍ਰਿਸ਼ਟੀ ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ ਜਦੋਂ ਸਮਾਜ ਦੇ ਹਰ ਖੇਤਰ ’ਚ ਭ੍ਰਿਸ਼ਟਾਚਾਰ, ਜ਼ਬਰ, ਜ਼ੁਲਮ ਤੇ ਅਨਿਆਂ ਸਿਖਰਾਂ ’ਤੇ ਪਹੁੰਚ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਵੀ ਉਨ੍ਹਾ ਨੇ ਫੁਰਮਾਇਆ ਸੀ:-

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।

ਸਾਰੀ ਲੋਕਾਈ ਵਹਿਮਾਂ ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਤੇ ਕਮਜ਼ੋਰ, ਅਮੀਰ ਤੇ ਤਕੜੇ ਦੀ ਧੱਕੇਸ਼ਾਹੀ ਦੇ ਸ਼ਿਕਾਰ ਸਨ। ਸਮਾਜ ਦੀ ਰਾਜਨੀਤਿਕ ਦਸ਼ਾ ਵੀ ਬਹੁਤ ਭੈੜੀ ਸੀ, ਰਾਜੇ ਕਿਵੇਂ ਆਪਣੀ ਪਰਜਾ ਤੇ ਅੱਤਿਆਚਾਰ ਕਰਦੇ ਸਨ, ਭਾਵ ਲੋਕਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ ਜਾਂਦਾ ਸੀ। ਇਸ ਦਸ਼ਾ ਨੂੰ ਦੇਖ ਕੇ ਕਬੀਰ ਜੀ ਨੇ ਫੁਰਮਾਇਆ ਸੀ:

’’ਅਵੱਲ ਅੱਲਾਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ
ਏਕ ਨੂਰ ਸੇ ਸਭ ਜੱਗ ਉਪਜਿਆ
ਕਉਨ ਭਲੇ ਕਉਨ ਮੰਦੇ।’’

ਗੁਰੂ ਨਾਨਕ ਦੇਵ ਜੀ ਸਿਰਫ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰ ਨੇ ਭਾਰਤ ਤੇ ਹਮਲਾ ਕੀਤਾ ਤਾਂ ਬਿਨਾਂ ਕਿਸੇ ਡਰ ਤੋਂ ਉਨ੍ਹਾਂ ਨੇ ਬਾਬਰ ਨੂੰ ਲਲਕਾਰਿਆ ਸੀ:

ਰਾਜੇ ਸ਼ੀਂਹ ਮੁਕੱਦਮ ਕੁੱਤੇ।

ਉਨ੍ਹਾਂ ਨੂੰ ਇੰਨਾ ਜ਼ੁਲਮ ਹੁੰਦਾ ਦੇਖ ਕੇ ਇਹ ਵੀ ਕਹਿਣਾ ਪਿਆ ਸੀ ਕਿ:

ਏਤੀ ਮਾਰ ਪਈ ਕੁਰਲਾਣੈ,
ਤੈ ਕੀ ਦਰਦ ਨਾ ਆਇਆ।।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ:

“ਸਤਿਗੁਰੂ ਨਾਨਕੁ ਪ੍ਰਗਟਿਆ ਮਿੱਟੀ ਧੁੰਧੁ ਜਗਿ ਚਾਨਣੁ ਹੋਆ।।
ਜਿਉ ਕਰ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ।।’’

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਿਆ। ਉਨ੍ਹਾਂ ਨੇ ਭ੍ਰਿਸ਼ਟ ਪਾਖੰਡੀਆਂ ਦਾ ਸੁਧਾਰ ਕੀਤਾ। ਇਸ ’ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸਿੱਖਿਆਵਾਂ, ਉਦੇਸ਼ਾਂ ਤੇ ਉਪਦੇਸ਼ਾਂ ਦਾ ਲੋਕਾਂ ਤੇ ਕਾਫੀ ਪ੍ਰਭਾਵ ਪਿਆ।

ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਧਰਮ ਦਾ ਮੁੱਢਲਾ ਸਿਧਾਂਤ ਸੀ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ।

ਨਾਮ ਜਪਣ ਦੇ ਨਾਲ ਨਾਲ ਸ਼ੁੱਭ ਕਰਮਾਂ ’ਤੇ ਵੀ ਜ਼ੋਰ ਦਿੱਤਾ ਕਿਉਂਕਿ ਸ਼ੁੱਭ ਕਰਮਾਂ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਨ੍ਹਾਂ ਨੇ ਉੱਚਾ ਤੇ ਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ ਜਿਵੇਂ ਉਨ੍ਹਾਂ ਨੇ ਫੁਰਮਾਇਆ ਹੈ:

“ਗਲੀ ਅਸੀਂ ਚੰਗੀਆ ਅਚਾਰੀ ਬੁਰੀਆਹਿ।’’

ਮਜ਼ਲੂਮਾਂ, ਨਿਰਧਨ, ਨਿਰਦੋਸ਼ਾਂ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ਼ ਹੈ, ਦੀ ਸਿੱਖਿਆ ਦਿੰਤੀ। ਉਨ੍ਹਾਂ ਨੇ ਅਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ:

ਮਿੱਠਤੁ ਨੀਵੀਂ ਨਾਨਕਾ,
ਗੁਣ ਚੰਗਿਆਈਆਂ ਤੱਤ।।

ਉਨ੍ਹਾ ਨੇ ਕਿਰਤ ਕਰਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ। ਛਲ ਫਰੇਬ ਕਰਕੇ ਕਮਾਏ ਧਨ ਦਾ ਖੰਡਨ ਕੀਤਾ। ਜਿਵੇਂ ਉਨ੍ਹਾਂ ਨੇ ਫੁਰਮਾਇਆ:

“ਹੱਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ।।’’

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ। ਕਿਉਂਕਿ
ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ।।

ਪਰ ਦੇਖਣ ਦੀ ਗੱਲ ਇਹ ਹੈ ਕਿ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ ਭਾਵ ਮਨੁੱਖੀ ਸੋਚ ਵਿਚ ਕੋਈ ਪਰਿਵਰਤਨ ਆਇਆ ਹੈ? ਮਨੁੱਖੀ ਕਦਰਾਂ ਕੀਮਤਾਂ ਅਜੇ ਵੀ ਓਹੀ ਹਨ, ਸਗੋਂ ਨੈਤਿਕਤਾ ਪੱਖੋਂ ਦਿਨ-ਬ-ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ ਕੀਮਤਾਂ ਫਿਰ ਬਦਲ ਰਹੀਆਂ ਹਨ।

ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਕ ਸਾਂਝ ਨਹੀਂ ਰਹੀ। ਪਰ ਮਨੁੱਖ ਸਵਾਰਥੀ ਤੇ ਪਦਾਰਥਵਾਦੀ ਬਣਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ ਰਾਜਨੀਤੀ ਤੇ ਵਿਦਿਅਕ ਸਭ ਖੇਤਰਾਂ ਵਿਚ ਨਿਘਾਰ ਆ ਚੁੱਕਾ ਹੈ। ਪਹਿਲੀਆਂ ਕਦਰਾਂ ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ ਕੀਮਤਾਂ ਵੱਧ ਰਹੀਆਂ ਹਨ। ਗੁਰੂ ਘਰ ਦੀ ਕੀ ਦਸ਼ਾ ਹੈ? ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਕੋਰਟਾਂ ’ਚ ਚੱਲ ਰਹੇ ਹਨ। ਇਹ ਕਮਜ਼ੋਰੀਆਂ ਅਤੇ ਬੁਰਾਈਆਂ ਜਿਹੜੀਆਂ ਸਮਾਜ ’ਚ ਆਈਆਂ, ਇਹਨਾਂ ਦੇ ਪਿੱਛੇ ਕੀ ਕਾਰਨ ਹਨ? ਇਨ੍ਹਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਨ੍ਹਾ ਨੂੰ ਆਪਣੇ ਜੀਵਨ ਦਾ ਆਧਾਰ ਨਹੀਂ ਬਣਾਇਆ। ਗੁਰਬਾਣੀ ਪੜ੍ਹਨ ਤੇ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ ਉਤੇ ਅਮਲ ਨਹੀਂ ਹੋਇਆ।

ਸ਼ੁੱਭ ਅਮਲਾਂ ਬਿਨਾਂ ਕੁਝ ਵੀ ਨਹੀਂ। ਸਾਡੇ ਪ੍ਰਚਾਰਕ, ਧਾਰਮਿਕ ਆਗੂ, ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ। ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਨ੍ਹਾਂ ਨੂੰ ਅਤੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਪਰ ਇੰਨਾ ਹੀ ਕਾਫੀ ਨਹੀਂ। ਜਿੰਨੀ ਦੇਰ ਅਸੀਂ ਉਹਨਾਂ ਦੇ ਪੂਰਨਿਆਂ ਤੇ ਨਹੀਂ ਚੱਲਦੇ ਅਤੇ ਉਹਨਾਂ ਦੀਆਂ ਸਿੱਖਿਆਵਾਂ ਤੇ ਨਹੀਂ ਚੱਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ।

ਉਨ੍ਹਾਂ ਦੇ ਪ੍ਰਕਾਸ਼ ਉਤਸਵ ਮਨਾਏ ਬੇਅਰਥ ਹਨ। ਇਸ ਲਈ ਜਿੰਨੀ ਦੇਰ ਮਨੁੱਖੀ ਕਿਰਦਾਰ ਉੱਚਾ ਤੇ ਸੁੱਚਾ ਨਹੀਂ ਹੁੰਦਾ ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੁੱਖ ਆਪਣੇ ਅੰਦਰ ਝਾਤੀ ਮਾਰੇ ਕਿ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ ਤੇ ਚੱਲ ਰਿਹਾ ਹਾਂ?

# ਨਗਰ ਕੀਰਤਨ



ਹਰਭਜਨ ਸਿੰਘ ਢੇਰੀ, ਯੂਬਾ ਸਿਟੀ (530) 755-6011

ਯੂਬਾ ਸ਼ਹਿਰ ਦਾ ਨਗਰ ਕੀਰਤਨ, ਗੁਰ ਚਰਨੀ ਸੀਸ ਨਿਵਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਮੁਕਾ ਦਿੱਤੀ ਪਰੰਪਰਾ ਦੇਹ-ਧਾਰੀ ਦੀ, ਚਾਰ ਪੁੱਤਾਂ ਦੇ ਦਾਨੀ ਨੇ।
ਹਜ਼ੂਰ ਸਾਹਿਬ ਨਾਦੇੜ ਦੀ ਧਰਤੀ, ਫਰਮਾਇਆ ਅੰਮ੍ਰਿਤ ਬਾਨੀ ਨੇ।
ਗੁਰੂ ਗਰੰਥ ਜੀ ਗੁਰੂ ਹੋਣਗੇ, ਸਬਦ-ਗੁਰੂ ਦਾ ਦਿਨ ਮਨਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਭਗਤਾਂ ਭੱਟਾਂ ਦੀ ਵਿੱਚ ਇਸ ਦੇ, ਛੇ ਗੁਰੂਆਂ ਦੀ ਅੰਮ੍ਰਿਤ ਬਾਣੀ।
ਜੰਮਣਾ ਮਰਨਾ ਹੈ ਵੱਸ ਜਿਸ ਦੇ, ਉਸ 'ਇੱਕ’ ਦੀ ਅਕੱਥ ਕਹਾਣੀ।
ਗੁਰ ਗੱਦੀ ਦਿਵਸ ਹੈ ਗੁਰੂ ਗਰੰਥ ਦਾ, ਗੁਰਬਾਣੀ ਮਨ ਵਸਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਅਥਾਹ ਭਰੋਸਾ ਗੁਰੂ ਤੇ ਕਰ ਕੇ, ਭਾਈ ਲਹਿਣਾ ਅੰਗਦ ਬਣਿਆ ਸੀ।
ਅਮਰੂ ਨਿਥਾਵਾਂ ਕਰ ਕੇ ਸੇਵਾ, ਨਿਧਿਰਿਆਂ ਦੀ ਧਿਰ ਬਣਿਆ ਸੀ।
ਸ਼ਰਧਾ ਪਿਆਰ ਨਾਲ ਕਰ ਸੇਵਾ, ਗੁਰੂ ਆਪਾਂ ਵੀ ਭਰਮਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਆਗਿਆ ਦੇ ਵਿੱਚ ਤਾਕਤ ਐਸੀ, ਜਿਸ ਕਾਗੋਂ ਹੰਸ ਬਣਾ ਦਿੱਤੇ।
ਲਗਦਾ ਭਾਣਾ ਮਿੱਠਾ ਤੇਰਾ, ਤੱਤੀਆਂ ਤਵੀਆਂ ਉਪਰ ਜਪਾ ਦਿੱਤੇ।
ਭੁਲਾ ਕੇ ਗਿਲੇ-ਸ਼ਿਕਵਿਆਂ ਨੂੰ, ਜਗਤ ਗੁਰੂ ਦਾ ਦਿਨ ਮਨਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਪਹਿਨ ਕੇ ਦੋ ਕਿਰਪਾਨਾਂ ਸਤਿਗੁਰ, ਮੀਰੀ-ਪੀਰੀ ਰਸਮ ਚਲਾ ਦਿੱਤੀ।
ਬਾਣੀ ਦਾ ਸਤਿਕਾਰ ਕਿੰਝ ਕਰੀਏ, ਹਰ ਰਾਇ ਰਮਜ਼ ਸਮਝਾ ਦਿੱਤੀ।
ਅਰਥ ਕਰਾ ਲਏ ਗੂੰਗੇ ਕੋਲੋਂ, ਆਓ ਆਪਣੀ ਹਾਉਮੇ ਲਾਹ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਤੇਗ ਬਹਾਦੁਰ ਜੱਗ ਦੀ ਚਾਦਰ, ਦਿੱਲੀ ਦਾ ਸੀਸ ਨਿਵਾਇਆ ਸੀ।
ਹਿੰਦੂ ਧਰਮ ਸੀ ਜਾਂਦਾ ਡੁੱਬਦਾ, ਬਾਂਹ ਫੜ ਕੇ ਗੁਰਾਂ ਬਚਾਇਆ ਸੀ।
ਦੀਨ ਦੀ ਰਾਖੀ ਕਰਨ ਦੀਆਂ ਅੱਜ, ਕਸਮਾਂ ਮੁੜ ਦੁਹਰਾਅ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਛਕਾ ਕੇ ਅਮ੍ਰਿਤ ਇੱਕ ਬਾਟੇ 'ਚੋਂ, ਉਚ ਨੀਚ ਦਾ ਫਰਕ ਮਿਟਾ ਦਿੱਤਾ।
ਸਵਾ ਲੱਖ ਨਾਲ ਇੱਕ ਲੜਾਇਆ, ਸਿੰਘ ਗਿੱਦੜੋਂ ਸ਼ੇਰ ਬਣਾ ਦਿੱਤਾ।
ਸੰਤ-ਸਿਪਾਹੀ ਬਣਿਆ ਖਾਲਸਾ, ਆਓ ਸ਼ਰਧਾ ਦੇ ਫੁੱਲ ਚੜ੍ਹਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਅਜੀਤ ਜੁਝਾਰ ਦਾ ਡੁੱਲਦਾ ਖੂਨ, ਬਾਜਾਂ ਵਾਲੇ ਨੇ ਅੱਖੀਂ ਤੱਕਿਆ ਸੀ।
ਫਤਿਹ ਜੋਰਾਵਰ ਨੂੰ ਕੰਧਾਂ ਵਿੱਚ, ਮਾਤਾ ਗੁਜ਼ਰੀ ਚਿਣਦੇ ਤੱਕਿਆ ਸੀ।
ਸਰਬੰਸ-ਦਾਨੀ ਦਾ ਧਰ ਕੇ ਧਿਆਨ, ਆਪਾਂ ਫਤਿਹ ਬੁਲ੍ਹਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਭਲਾ ਸਰਬੱਤ ਦਾ ਖਾਲਸਾ ਮੰਗਦਾ, ਕਰਦਾ ਵਕਤ ਦੋਵੇਂ ਅਰਦਾਸ।
ਦਸਵੰਦ ਕੱਢੇ ਨਾਲੇ ਕਰਦਾ ਸਿਮਰਨ, ਬਣ ਕੇ ਸਾਧ-ਸੰਗਤ ਦਾ ਦਾਸ।
ਧੂੜੀ ਸਾਧ-ਸੰਗਤ ਦੀ ਆਪਾਂ, ਵੀਰੋ ਆਪਣੇ ਮਸਤਕ ਲਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਪੰਜ ਪਿਆਰੇ ਕਰਨ ਅਗਵਾਈ, ਅੱਜ ਗੁਰੂ ਗਰੰਥ ਦੀ ਵੱਖਰੀ ਸ਼ਾਨ।
ਪਾਲਕੀ ਵਿੱਚ ਸ਼ਸੋਭਤ ਸਤਿਗੁਰ, ਨਗਰ ਕੀਰਤਨ ਨੂੰ ਕਰਨ ਮਹਾਨ।
ਸਰਧਾ ਪਿਆਰ ਨਾਲ ਟੇਕਣ ਮੱਥੇ, ਪਟਿਆਲੇ ਦਰਸ਼ਨ ਪਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।
ਨਗਰ ਕੀਰਤਨ ਸ਼ਹਿਰ ਯੂਬਾ ਦਾ, ਗੁਰ ਚਰਨੀ ਸੀਸ ਨਿਵਾ ਆਈਏ।
ਭੁੱਲਣਹਾਰ ਹਾਂ ਆਪਾਂ ਸਾਰੇ, ਅਭੁੱਲਹਾਰ ਤੋਂ ਭੁੱਲ ਬਖਸ਼ਾ ਆਈਏ।

# ਚੋਣਾਂ ਸਮੇਂ ਫਿਰ ਯਾਦ ਆਇਆ ਰਾਮ ਮੰਦਰ

ਚੰਦਰ ਨੂੰ ਆਮ ਇਨਸਾਨ ਮੰਨਦੇ ਹਨ। ਉਹਨਾਂ ਅਨੁਸਾਰ ਜਿਹੜਾ ਮਾਂ ਦੇ ਗਰਭ ’ਚੋਂ ਪੈਦਾ ਹੋਇਆ ਤੇ ਆਖਰ ਇੱਕ ਦਿਨ ਮਰ ਗਿਆ ਉਹ ਪ੍ਰਮਾਤਮਾ ਕਿਸ ਤਰ੍ਹਾਂ ਹੋ ਸਕਦਾ ਹੈ? ਰਾਮ ਵੀ ਚਲਾ ਗਿਆ, ਰਾਵਣ ਵੀ ਚਲਾ ਗਿਆ ਤੇ ਉਸਦਾ ਪਰਿਵਾਰ ਵੀ। ਗੁਰੂ ਜੀ ਫੁਰਮਾਉਂਦੇ ਹਨ :-

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ।।
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ।।
ਸ਼ਲੋਕ ਪੰਨਾ 1429

ਰਸਾਇਣੀ ਰਾਮ ਦੀ ਗੱਲ ਕਰਦਿਆਂ ਬਾਬਾ ਨਾਮਦੇਵ ਜੀ ਫੁਰਮਾਉਂਦੇ ਹਨ:-

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ।।
ਰਾਮ ਬਿਨਾ ਕੋ ਬੋਲੈ ਰੇ।।
ਆਦਿ ਗ੍ਰੰਥ ਪੰਨਾ 988, ਰਾਗ ਮਾਲੀ ਗਉੜਾ

ਦਸਰਥ ਦਾ ਪੁੱਤਰ ਰਾਮ ਅੱਜ ਕੱਲ੍ਹ ਭਗਵਾਨ ਦੇ ਰੂਪ ਵਿੱਚ ਲੋਕਾਂ ਦੇ ਮਨਾਂ ਵਿੱਚ ਵਸਿਆ ਹੋਇਆ ਹੈ। ਇਸ ਤਰ੍ਹਾਂ ਸਦਾ ਤੋਂ ਨਹੀਂ ਸੀ। ਅਕਬਰ ਦੇ ਸਮੇਂ ਕਵੀ ਤੁਲਸੀ ਦਾਸ ਨੇ 'ਰਾਮ ਚਰਿਤ ਮਾਨਸ’ ਲਿਖੀ ਅਤੇ ਇਸ ਵਿੱਚ ਰਾਮ ਨੂੰ ਪ੍ਰਮਾਤਮਾ ਬਣਾ ਕੇ ਪੇਸ਼ ਕਰ ਦਿੱਤਾ। ਇਸ ਲਿਖਤ ਨਾ.ਲ ਉਸਦੀ ਰਚਨਾ ਵੀ ਅਮਰ ਹੋ ਗਈ ਅਤੇ ਰਾਮ ਵੀ ਲੋਕਾਂ ਦੇ ਮਨ ਮਸਤਕ ’ਤੇ ਛਾ ਗਿਆ। ਅੱਜ ਰਾਮ ਬਾਰੇ ਥੋੜ੍ਹੀ ਜਿਹੀ ਉਲਟੀ ਗੱਲ ਸੁਣਨ ’ਤੇ ਲੋਕ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਹਨ। ਉੱਤਰ ਪ੍ਰਦੇਸ਼ ਦੇ ਕਸਬੇ ਅਯੁੱਧਿਆ ਦਾ ਚੈਨ ਇਸੇ ਕਰਕੇ ਹੀ ਲੁੱਟਿਆ ਹੋਇਆ ਹੈ। ਉੱਥੇ ਬਣੀ ਬਾਬਰੀ ਮਸਜਿਦ ਨੂੰ ਵੱਡੀ ਗਿਣਤੀ ਵਿੱਚ ਅਯੁੱਧਿਆ ਪਹੁੰਚੇ ਰਾਮ ਮੰਦਰ ਦੇ ਕਾਰ ਸੇਵਕਾਂ ਨੇ 6 ਦਸੰਬਰ 1992 ਨੂੰ ਗਿਰਾ ਦਿੱਤਾ ਸੀ। ਉਸ ਸਮੇਂ ਉੱਤਰ ਪ੍ਰਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ। ਭਾਜਪਾ ਇਸ ਸੰਬੰਧੀ ਆਪਣੀ ਪਿੱਠ ਥਾਪੜਦਿਆਂ ਇਸ਼ਾਰਾ ਕਰਦੀ ਹੈ ਕਿ ਉਹਨਾਂ ਦੀ ਪਾਰਟੀ ਨੇ ਰਾਮ ਦੀ ਖਾਤਰ ਆਪਣੀ ਸਰਕਾਰ ਵੀ ਦਾਅ ’ਤੇ ਲਗਾ ਦਿੱਤੀ।

ਜਦੋਂ ਰਾਮ ਦੇ ਨਾਂਅ ’ਤੇ ਨਫ਼ਰਤ ਫੈਲਦੀ ਹੈ ਤਾਂ ਕੁੱਝ ਲੋਕ ਇਹ ਸਵਾਲ ਕਰਦੇ ਹਨ ਕਿ ਇਸ ਦਾ ਕੀ ਸਬੂਤ ਹੈ ਕਿ ਰਾਮ ਦਾ ਜਨਮ ਇਸੇ ਜਗ੍ਹਾ ਹੀ ਹੋਇਆ ਸੀ?

ਜਦੋਂ ਕਿ ਅਯੁੱਧਿਆ ਵਿੱਚ ਕਿੰਨੇ ਹੀ ਮੰਦਰ ਹਨ ਜਿੰਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇੱਥੇ ਰਾਮ ਦਾ ਜਨਮ ਹੋਇਆ ਹੈ। ਰਾਮ ਦੇ ਜਨਮ ਸਥਾਨ ਦਾ ਕੋਈ ਪੱਕਾ ਪਤਾ ਕਿਸੇ ਨੂੰ ਵੀ ਨਹੀਂ ਹੈ। ਕੁੱਝ ਲੋਕ ਅਯੁੱਧਿਆ ਨੂੰ ਰਾਮ ਦਾ ਜਨਮ ਸਥਾਨ ਆਖਦੇ ਹਨ ਅਤੇ ਕੁੱਝ ਲੋਕ ਪੰਜਾਬ ਦੇ ਪਟਿਆ.ਲਾ ਜ਼ਿਲ੍ਹੇ ਦੇ ਪਿੰਡ ਘੁੜਾਮ ਨੂੰ ਜਨਮ ਸਥਾਨ ਆਖਦੇ ਹਨ। ਉਹਨਾਂ ਅਨੁਸਾਰ ਰਾਮ ਦੀ ਮਾਤਾ ਕੌਸ਼ੱਲਿਆ ਦਾ ਇਹ ਪੇਕਾ ਪਿੰਡ ਸੀ।

ਕਿਸੇ ਲੜਕੀ ਦੇ ਪਹਿਲੇ ਬੱਚੇ ਦਾ ਜਨਮ ਨਾਨਕੇ ਪਿੰਡ ਹੁੰਦਾ ਹੋਣ ਕਾਰਨ ਕੁੱਝ ਲੋਕ ਘੁੜਾਮ ਨੂੰ ਰਾਮ ਦਾ ਜਨਮ ਸਥਾਨ ਆਖਦੇ ਹਨ। ਇੱਥੇ ਇੱਕ ਮੰਦਰ ਵੀ ਬਣਿਆ ਹੋਇਆ ਹੈ ਜਿੱਥੇ ਰਾਮ ਦੀ ਆਪਣੀ ਮਾਤਾ ਕੌਸ਼ੱਲਿਆ ਦੀ ਝੋ.ਲੀ ਵਿੱਚ ਬੈਠੇ ਦੀ ਮੂਰਤੀ ਵੀ ਲੱਗੀ ਹੋਈ ਹੈ। ਪਰ ਇਹਨਾਂ ਦਾਅਵਿਆਂ ਦੇ ਹਮਾਇਤੀ ਬਹੁਤ ਘੱਟ ਹਨ। ਜਦੋਂ ਰਾਮ ਵੋਟਾਂ ਦਾ ਮਸਲਾ ਬਣ ਜਾਂਦਾ ਹੋਵੇ ਤਾਂ ਇਹਨਾਂ ਲੋਕਾਂ ਦੀ ਸੁਣੇਗਾ ਕੌਣ?

ਚਲੋ ਇਹ ਤਾਂ ਹਿੰਦੂਆਂ ਦੀ ਆਸਥਾ ਹੈ ਜਾਂ ਵੋਟ ਮਸਲਾ। ਸਿੱਖਾਂ ਨੂੰ ਤਾਂ ਸਮਝ ਚਾਹੀਦੀ ਹੈ। ਸਿੱਖਾਂ ਨੂੰ ਸਮਝਾਉਣ ਵਾ.ਲੇ ਵੀ ਬਹੁਤੇ ਅੰਨ੍ਹੇ ਲੋਕ ਹੀ ਹਨ ਜਿਹੜੇ ਨਿਰਗੁਣ ਤੇ ਸਰਗੁਣ ਰਾਮ ਵਿੱਚ ਕੋਈ ਫ਼ਰਕ ਨਹੀਂ ਕਰਦੇ ਤੇ ਰਸਾਇਣੀ ਰਾਮ ਦੀ ਜਗ੍ਹਾ ਦਸਰਥ ਦੇ ਪੁੱਤਰ ਰਾਮ ਨੂੰ ਆਪਣਾ ਰਹਿਬਰ ਮੰਨੀ ਜਾਂਦੇ ਹਨ। ਗੁਰੂ ਅੰਗਦ ਦੇਵ ਜੀ ਅਜਿਹੇ ਅਕਲਾਂ ਦੇ ਅੰਨ੍ਹਿਆਂ ਨੂੰ ਸਮਝਾਉਂਦਿਆਂਖਦੇ ਹਨ :

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ।।
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ।।
ਅੰਧੇ ਏਹਿ ਨ ਆਖੀਅਹਿ ਜਿਨ ਮੁਖਿ ਲੋਇਣ ਨਾਹਿ।।
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ।।
ਸਲੋਕ ਮਹਲਾ 2, ਪੰਨਾ 954

# ਸਰਬਜੀਤ ਸਿੰਘ ਮਰਵਾਹ ਬਣੇ ਪਹਿਲੇ ਸਰਦਾਰ ਕੈਨੇਡੀਅਨ ਸੈਨੇਟਰ

(ਸਫਾ 1 ਦੀ ਬਾਕੀ)

ਪਹਿਲਾਂ ਉਪ ਪ੍ਰਧਾਨ ਬਣ ਕੇ ਸੇਵਾਮੁਕਤ ਹੋਏ ਹਨ। ਇਸ ਤੋਂ ਇਲਾਵਾ ਉਹ ਸੀਡੀ ਹੌਵੀ, ਰੌਇਲ ਓਂਟਾਰੀਓ ਮਿਊਜ਼ੀਅਮ, ਯੂਨਾਈਟਿਡ ਵੇਅ ਕੈਂਪੇਨ, ਟੋਰਾਂਟੋ ਫਿਲਮ ਫੈਸਟੀਵਲ ਤੇ ਸਿੱਕ ਕਿਡਜ਼ ਹਸਪਤਾਲ ਵਰਗੀਆਂ ਕਈ ਗੈਰ ਮੁਨਾਫ਼ਾ ਸੰਸਥਾਵਾਂ ਦੇ ਬੋਰਡ ਵਿੱਚ ਕੰਮ ਕਰਦੇ ਰਹੇ ਹਨ ਅਤੇ ਸਿੱਖ ਫਾਊਂਡੇਸ਼ਨ ਦੇ ਬਾਨੀ ਮੈਂਬਰ ਹਨ। ਅਰਥ ਸ਼ਾਸਤਰ ਦੀ ਐਮਏ ਤੇ ਐਮਬੀਏ (ਵਿੱਤ) ਸ੍ਰੀ ਮਰਵਾਹ ਨੂੰ ਟੋਰਾਂਟੋ ਦੀ ਰਾਇਰਸਨ ‘ਵਰਸਿਟੀ ਨੇ ਆਨਰੇਰੀ ਡਾਕਰਰੇਟ ਦੀ ਉਪਾਧੀ ਨਾਲ ਨਿਵਾਜਿਆ ਹੈ। ਉਹ ਟਰੂਡੋ ਵੱਲੋਂ ਨਾਮਜ਼ਦ ਛੇ ਨਵੇਂ ਆਜ਼ਾਦ ਸੈਨੇਟਰਾਂ ਵਿੱਚ ਸ਼ਾਮਲ ਹੋਣਗੇ, ਜਿਨ੍ਹਾਂ ਨੂੰ ਓਂਟਾਰੀਓ ਸੂਬੇ ਦੀ ਪ੍ਰਤੀਨਿਧਤਾ ਵਾਸਤੇ ਆਏ 30 ਨਾਵਾਂ ਵਿੱਚੋਂ ਅਤੇ ਪੂਰੇ ਮੁਲਕ ਦੇ 2700 ਉਮੀਦਵਾਰਾਂ ਵਿੱਚੋਂ ਮੈਰਿਟ ਦੇ ਆਧਾਰ ’ਤੇ ਚੁਣਿਆ ਗਿਆ ਹੈ। ਪਿਛਲੇ ਹਫ਼ਤੇ ਟਰੂਡੋ ਨੇ ਪੰਜ ਔਰਤਾਂ ਸਮੇਤ ਨੌਂ ਵਿਅਕਤੀਆਂ ਨੂੰ ਸੈਨੇਟਰ ਬਣਾਇਆ ਸੀ ਅਤੇ ਆਉਂਦੇ ਹਫ਼ਤਿਆਂ ਤੱਕ ਕੁੱਲ 21 ਖਾਲੀ ਸੀਟਾਂ ਭਰਨ ਲਈ ਛੇ ਹੋਰ ਸੈਨੇਟਰ ਨਿਯੁਕਤ ਕੀਤੇ ਜਾਣੇ ਹਨ।

# ਮੱਧਮ ਹੋ ਰਹੀਆਂ ਨੇ ਚੌਥਾ ਫਰੰਟ ਬਣਨ ਦੀਆਂ ਸੰਭਾਵਨਾਵਾਂ

ਪੱਧਰ ’ਤੇ ਉਮੀਦਵਾਰ ਐਲਾਨਣ ਦੀ ਤਿਆਰੀ ਖਿੱਚ ਲਈ ਹੈ। ਆਪਣਾ ਪੰਜਾਬ ਪਾਰਟੀ ਦੀ ਮੀਡੀਆ ਟੀਮ ਦੇ ਇੰਚਾਰਜ ਕਰਨਲ ਜੇ.ਐਸ. ਗਿੱਲ ਨੇ ਕਿਹਾ ਕਿ ਹੋਰ ਧਿਰਾਂ ਦੀ ਬਹੁਤ ਉਡੀਕ ਕਰ ਲਈ ਹੈ ਅਤੇ ਪਾਰਟੀ ਇਕ-ਅੱਧੇ ਦਿਨ ਵਿੱਚ ਆਪਣੇ ਘੱਟੋ-ਘੱਟ 10 ਉਮੀਦਵਾਰਾਂ ਦਾ ਐਲਾਨ ਕਰ ਦੇਵੇਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸੀਪੀਆਈ ਤੇ ਸੀਪੀਆਈ (ਐਮ) ਨਾਲ ਗੱਲ ਹੋਈ ਹੈ ਅਤੇ ਉਨ੍ਹਾਂ ਦੀਵਾਲੀ ਤੋਂ ਬਾਅਦ ਗੱਲ ਅੱਗੇ ਵਧਾਉਣ ਦੇ ਸੰਕੇਤ ਦਿੱਤੇ ਸਨ। ਡਾ. ਗਾਂਧੀ ਵੱਲੋਂ ਬਣਾਈ ਸਟੀਅਰਿੰਗ ਕਮੇਟੀ ਦੇ ਬੁਲਾਰੇ ਪ੍ਰੋ. ਮਨਜੀਤ ਸਿੰਘ ਨੇ ਦੱਸਿਆ ਕਿ 4 ਨਵੰਬਰ ਨੂੰ ਸਾਰੀਆਂ ਹਮਖਿਆਲ ਧਿਰਾਂ ਦੀ ਸਾਂਝੀ ਮੀਟਿੰਗ ਕਰ ਕੇ ਚੌਥੇ ਫਰੰਟ ਦੀ ਉਸਾਰੀ ਲਈ ਯਤਨ ਕੀਤੇ ਜਾਣਗੇ। ਮੀਟਿੰਗ ਵਿੱਚ ਖੱਬੀਆਂ ਧਿਰਾਂ ਸਮੇਤ ਨਵੇਂ ਬਣੇ ਅਖੰਡ ਅਕਾਲੀ ਦਲ ਨੂੰ ਵੀ ਸੱਦਿਆ ਗਿਆ ਹੈ। ਦੱਸਣਯੋਗ ਹੈ ਕਿ ‘ਆਪ’ ਵਿੱਚੋਂ ਨਿਕਲ ਕੇ ਸਵਰਾਜ ਇੰਡੀਆ ਪਾਰਟੀ ਬਣਾਉਣ ਵਾਲੇ ਯੋਗੇਂਦਰ ਯਾਦਵ ਨੇ ਵੀ ਇਸ ਫਰੰਟ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ’ਆਪ’ ਬਾਕੀ ਬਚਦੇ 56 ਉਮੀਦਵਾਰਾਂ ਦੀ ਚੋਣ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਅੰਤਮ ਰੂਪ ਦੇ ਰਹੀ ਹੈ। ਪਾਰਟੀ ਵੱਲੋਂ ਵਿਧਾਨ ਸਭਾ ਹਲਕਿਆਂ ਵਿੱਚ ਉਮੀਦਵਾਰਾਂ ਲਈ ਵੋਟਿੰਗ ਕਰਵਾਉਣ ਦੀ ਪ੍ਰਕਿਰਿਆ ਚਲਾਈ ਜਾ ਰਹੀ ਹੈ।

### ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ

## ਜਾਪੁ ਸਾਹਿਬ

# ਪ੍ਰਭੂ ਦੇ ਨਿਰਗੁਣ ਸਰੂਪ ਦਾ ਬੇਹਤਰੀਨ ਵਰਣਨ

ਜਦ ਕੋਈ ਪਿਆਰਾ ਵਿਅਕਤੀ ਜਾਂ ਕੋਈ ਪਿਆਰਾ ਜੀਵ ਜਾਂ ਕੋਈ ਪਿਆਰੀ ਵਸਤੂ ਕਿਸੇ ਤੋਂ ਦੂਰ ਹੋ ਜਾਵੇ, ਜਾਂ ਜਦ ਕਿਸੇ ਦਾ ਕਿਸੇ ਵਿਅਕਤੀ, ਕਿਸੇ ਜੀਵ, ਕਿਸੇ ਵਸਤੂ, ਕਿਸੇ ਸਥਾਨ ਨਾਲ ਇੰਨਾ ਲਗਾਉ ਹੋ ਜਾਵੇ ਕਿ ਉਸਨੂੰ ਉਠਦਿਆਂ, ਬਹਿੰਦਿਆਂ, ਸੌਂਦਿਆਂ, ਚਲਦਿਆਂ, ਫਿਰਦਿਆਂ ਉਸਦੀ ਹੀ ਯਾਦ ਆਉਂਦੀ ਰਹੇ, ਉਸਦੇ ਹੀ ਖਿਆਲ ਮਨ ਵਿੱਚ ਆਉਂਦੇ ਰਹਿਣ, ਉਸਦਾ ਹੀ ਨਾਂ ਬਾਰ ਬਾਰ ਜ਼ੁਬਾਨ ਉਤੇ ਆਉਂਦਾ ਰਹੇ ਤਾਂ ਉਸਨੂੰ ਜਾਪ ਦੀ ਅਵਸਥਾ ਆਖਦੇ ਹਨ। ਜਦ ਕੋਈ ਵਿਅਕਤੀ ਬਾਰ ਬਾਰ ਕਿਸੇ ਗੱਲ ਨੂੰ ਦੁਹਰਾਵੇ ਤਾਂ ਦੂਸਰੇ ਵਿਅਕਤੀ ਆਖਣ ਲਗਦੇ ਹਨ -ਉਤੂੰ ਕੀ ਜਾਪ ਕਰੀ ਜਾਂਦਾ ਏਂ?" ਦੂਸਰੇ ਵਿਅਕਤੀਆਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਸ ਵਿਅਤੀ ਦੇ ਮਨ ਦੀ ਕੀ ਹਾਲਤ ਹੈ।ਜਿਸ ਗੱਲ ਨੂੰ ਉਹ ਵਿਅਕਤੀ ਦੁਹਰਾਅ ਰਿਹਾ ਹੈ, ਉਸ ਨਾਲ ਉਸਦਾ ਕਿੰਨਾ ਲਗਾਵ ਹੈ। ਉਹ ਕਿਹੜੀ ਅਵਸਥਾ ਵਿੱਚੋਂ ਵਿਚਰ ਰਿਹਾ ਹੈ। ਦੂਸਰੇ ਵਿਅਕਤੀ ਉਸਨੂੰ ਟੈਂਨਸ਼ਨ ਦਾ ਮਰੀਜ਼ ਕਹਿਣ ਲੱਗ ਜਾਂਦੇ ਹਨ। ਪਾਗਲ ਕਹਿਣ ਲੱਗ ਜਾਂਦੇ ਹਨ। ਨਾਮ ਖ਼ੁਮਾਰੀ ਵਿੱਚ ਮਸਤ ਹੋ ਕੇ ਵਿਚਰਨ ਵਾਲਿਆਂ ਨੂੰ ਅਕਸਰ ਲੋਕ ਪਾਗਲ ਹੀ ਸਮਝਦੇ ਅਤੇ ਆਖਣ ਲੱਗ ਜਾਂਦੇ ਹਨ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚੀ ਗਈ ਜਾਪੁ ਸਾਹਿਬ ਦੀ ਸਿਰਮੌਰ ਬਾਣੀ ਵੀ ਨਾਮ ਖ਼ੁਮਾਰੀ ਦੀ ਅਵਸਥਾ ਵਾਲੀ ਬਾਣੀ ਹੈ।

ਆਮ ਤੌਰ 'ਤੇ ਸਿੱਖ ਧਰਮ ਵਿੱਚ ਤਿੰਨ ਵੇਲੇ - ਅੰਮ੍ਰਿਤ ਵੇਲੇ, ਸ਼ਾਮ ਵੇਲੇ ਅਤੇ ਸੌਣ ਵੇਲੇ- ਗੁਰਬਾਣੀ ਦਾ ਨਿਤਨੇਮ ਕਰਨ ਦੀ ਰਵਾਇਤ ਹੈ। ਅੰਮ੍ਰਿਤ ਵੇਲੇ ਜਪੁ ਜੀ ਸਾਹਿਬ, ਸ਼ਾਮ ਵੇਲੇ ਰਹਿਰਾਸ ਸਾਹਿਬ ਅਤੇ ਸੌਣ ਵੇਲੇ ਕੀਰਤਨ ਸੋਹਿਲਾ ਸਾਹਿਬ। ਕੁਝ ਨਾਮ-ਅਭਿਆਸੀ ਸਿੱਖ ਅੰਮ੍ਰਿਤ ਵੇਲੇ ਦੇ ਸਿਮਰਨ ਵਿੱਚ ਪੰਜ ਬਾਣੀਆਂ - ਜਪੁ ਜੀ ਸਾਹਿਬ, ਜਾਪੁ ਸਾਹਿਬ, ਤਵ ਪ੍ਰਸਾਦਿ ਸਵੱਯੇ, ਚੌਪਈ ਸਾਹਿਬ ਅਤੇ ਅਨੰਦੁ ਸਾਹਿਬ - ਦਾ ਪਾਠ ਕਰਦੇ ਹਨ। ਅੰਮ੍ਰਿਤ ਤਿਆਰ ਕਰਨ ਅਤੇ ਛਕਾਉਣ ਵਾਲੇ ਸਿੱਖਾਂ ਲਈ ਇਨ੍ਹਾਂ ਪੰਜਾਂ ਬਾਣੀਆਂ ਦਾ ਰੋਜ਼ਾਨਾ ਜਾਪ ਕਰਨਾ ਜ਼ਰੂਰੀ ਹੈ ਅਤੇ ਇਹ ਪੰਜੇ ਬਾਣੀਆਂ ਉਨ੍ਹਾਂ ਨੂੰ ਜ਼ੁਬਾਨੀ ਕੰਠ ਹੋਣੀਆਂ ਚਾਹੀਦੀਆਂ ਹਨ। ਕੁਝ ਫੁਰਸਤ ਵਾਲੇ ਨਾਮ-ਅਭਿਆਸੀ ਸਿੱਖ ਇਨ੍ਹਾਂ ਪੰਜਾਂ ਬਾਣੀਆਂ ਦੇ ਨਾਲ ਨਾਲ ਸ਼੍ਰੀ ਸੁਖਮਨੀ ਸਾਹਿਬ ਦੀ ਬਾਣੀ ਦਾ ਵੀ ਨਿਤਾ-ਪ੍ਰਤੀ ਸਵੇਰ ਵੇਲੇ ਜਾਪ ਕਰਦੇ ਹਨ। ਹਾਲਾਂ ਕਿ ਅਜਿਹੀ ਕੋਈ ਬੰਦਿਸ਼ ਨਹੀਂ ਹੈ ਕਿ ਇਨ੍ਹਾਂ ਬਾਣੀਆਂ ਦਾ ਜਾਪ ਕੇਵਲ ਸਵੇਰ ਵੇਲੇ ਹੀ ਕਰਨਾ ਹੁੰਦਾ ਹੈ, ਪਰ ਅੰਮ੍ਰਿਤ ਵੇਲਾ ਨਾਮ-ਅਭਿਆਸ ਲਈ ਵਧੇਰੇ ਢੁਕਵਾਂ ਹੋਣ ਕਰਕੇ ਇਸ ਵੇਲੇ ਦੇ ਜਾਪ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਫਿਰ ਅੰਮ੍ਰਿਤ ਵੇਲਾ ਇਕਾਂਤ ਦਾ ਵੇਲਾ ਹੁੰਦਾ ਹੈ ਅਤੇ ਮਨ ਦੀ ਇਕਾਗਰਤਾ ਲਈ ਢੁਕਵਾਂ ਹੁੰਦਾ ਹੈ।



ਸੰਤੋਖ ਸਿੰਘ ਸੰਧੂ
(+64) 022 071 0935

ਇਹ ਤਾਂ ਨਾਮ-ਅਭਿਆਸ ਦੀ ਗੱਲ ਹੈ, ਪਰ ਪੰਜ ਬਾਣੀਆਂ ਦੇ ਜਾਪ ਦੀ ਆਪਣੀ ਹੀ ਇੱਕ ਮਹਾਨਤਾ ਹੈ। ਪਹਿਲੀ ਬਾਣੀ ਜਪੁ ਜੀ ਸਾਹਿਬ ਤੋਂ ਭਾਵ ਹੈ ਕਿ ਪ੍ਰਭੂ ਦੇ ਨਾਮ ਦਾ ਜਪ ਕਰਨਾ। ਦੂਜੀ ਬਾਣੀ ਜਾਪੁ ਸਾਹਿਬ ਤੋਂ ਭਾਵ ਹੈ ਕਿ ਪ੍ਰਭੂ ਦੇ ਨਾਮ ਨੂੰ ਜਾਪ ਬਣਾ ਲੈਣਾ। ਤੀਜੀ ਬਾਣੀ ਤਵ ਪ੍ਰਸਾਦਿ ਸਵੱਯੇ ਰਾਹੀਂ ਪ੍ਰਭੂ ਮਿਲਾਪ ਲਈ ਮਨ ਵਿੱਚ ਬਿਰਹਾ/ਵਿਰਾਗ/ਪਿਆਰ ਪੈਦਾ ਕਰਨਾ ਹੈ। ਗੁਰੂ ਜੀ ਕਹਿੰਦੇ ਹਨ:

"ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥"

ਚੌਥੀ ਬਾਣੀ ਚੌਪਈ ਸਾਹਿਬ ਦੀ ਬਾਣੀ ਹੈ, ਜਿਸ ਰਾਹੀਂ ਨਾਮ-ਅਭਿਆਸੀ ਵਿਅਕਤੀ ਪ੍ਰਭੂ-ਮਿਲਾਪ ਲਈ ਬੇਨਤੀ ਕਰਦਾ ਹੈ। ਪੰਜਵੀਂ ਬਾਣੀ ਹੈ ਅਨੰਦੁ ਸਾਹਿਬ। ਭਾਵ ਪਹਿਲੀਆਂ ਅਵਸਥਾਵਾਂ ਵਿੱਚੋਂ ਲੰਘ ਕੇ ਪੰਜਵੀਂ ਅਵਸਥਾ ਵਿੱਚ ਪੁੱਜਣ ਨੂੰ ਅਨੰਦ ਦੀ ਅਵਸਥਾ ਕਿਹਾ ਜਾਂਦਾ ਹੈ। ਇਸ ਅਵਸਥਾ ਨੂੰ ਸਹਿਜ ਅਵਸਥਾ ਵੀ ਆਖਦੇ ਹਨ। ਜਪੁ ਜੀ ਸਾਹਿਬ ਵਿੱਚ ਇਸ ਅਵਸਥਾ ਨੂੰ ਸਚ ਖੰਡ ਦਾ ਨਾਂ ਦਿੱਤਾ ਗਿਆ ਹੈ।

### ਜਾਪੁ ਸਾਹਿਬ ਦੀ ਮਹਾਨਤਾ

ਸਿੱਖ ਧਰਮ ਵਿੱਚ ਅੰਮ੍ਰਿਤ ਵੇਲੇ ਦੀਆਂ ਪੰਜ ਬਾਣੀਆਂ ਦੇ ਜਾਪ ਵਿੱਚ ਜਾਪੁ ਸਾਹਿਬ ਦੀ ਬਾਣੀ ਨੂੰ ਦੂਸਰਾ ਸਥਾਨ ਦਿੱਤਾ ਗਿਆ ਹੈ। ਸ਼੍ਰੀ ਦਸਮ ਗ੍ਰੰਥ ਸਾਹਿਬ ਦੀਆਂ ਬਾਣੀਆਂ ਦੀ ਸ਼ੁਰੂਆਤ ਜਾਪੂ ਸਾਹਿਬ ਦੀ ਬਾਣੀ ਤੋਂ ਕੀਤੀ ਗਈ ਹੈ। ਸ਼੍ਰੀ ਦਸਮ ਗ੍ਰੰਥ ਸਾਹਿਬ ਦੇ ਅੰਗ 1 ਤੋਂ 32 ਵਿੱਚ ਇਹ ਬਾਣੀ ਦਰਜ ਹੈ। ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਵਿੱਚੋਂ ਸਿਰਮੌਰ ਕਵੀ ਭਾਈ ਨੰਦ ਲਾਲ ਜੀ ਵੱਲੋਂ ਲਿਖੇ ਗਏ ਰਹਿਤਨਾਮੇ ਵਿੱਚ ਲਿਖਿਆ ਗਿਆ ਹੈ ਕਿ ਸਿੱਖਾਂ ਨੂੰ ਜਪੁ ਜੀ ਸਾਹਿਬ ਦੀ ਬਾਣੀ ਦੇ ਪਾਠ ਦੇ ਨਾਲ ਜਾਪੁ ਸਾਹਿਬ ਦੀ ਬਾਣੀ ਦਾ ਵੀ ਪਾਠ ਕਰਨਾ ਚਾਹੀਦਾ ਹੈ। ਭਾਈ ਚੌਪਾ ਸਿੰਘ ਛਿੱਬਰ ਦੇ ਰਹਿਤਨਾਮੇ ਵਿੱਚ ਕਿਹਾ ਗਿਆ ਹੈ ਕਿ ਸਿੱਖਾਂ ਨੂੰ ਆਪਣੇ ਨਿਤਾ-ਪ੍ਰਤੀ ਜਾਪ ਵਿੱਚ ਜਾਪੂ ਸਾਹਿਬ ਦੀ ਬਾਣੀ ਦਾ ਵੀ ਜਾਪ ਕਰਨਾ ਚਾਹੀਦਾ ਹੈ।

### ਜਾਪੁ ਸਾਹਿਬ ਦੀ ਬਣਤਰ

ਜਾਪੁ ਸਾਹਿਬ ਦੀ ਬਾਣੀ ਦੀ ਰਚਨਾ ਛੰਦਾਂ ਵਿੱਚ ਕੀਤੀ ਗਈ ਹੈ। ਇਸ ਬਾਣੀ ਵਿੱਚ ਕੁੱਲ 199 ਛੰਦ ਦਰਜ ਹਨ। ਇਸ ਬਾਣੀ ਵਿੱਚ ਦਸ ਪ੍ਰਕਾਰ ਦੇ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਹ ਛੰਦ ਹਨ - 1. ਛਪੈ ਛੰਦ, 2, ਭੁਜੰਗ ਪ੍ਰਯਾਤ ਛੰਦ, 3. ਚਾਚਰੀ ਛੰਦ, 4. ਚਰਪਟ ਛੰਦ, 5. ਰੂਆਲ ਛੰਦ, 6. ਮਧਭਾਰ ਛੰਦ, 7. ਭਗਵਤੀ ਛੰਦ, 8. ਰਸਾਵਲ ਛੰਦ, 9. ਹਰਿਬੋਲਮਨਾ ਛੰਦ, 10. ਏਕ ਅਛਰੀ ਛੰਦ। ਛਪੈ ਛੰਦ ਦੀ ਵਰਤੋਂ ਇੱਕ ਵਾਰ, ਭੁਜੰਗ ਪ੍ਰਯਾਤ ਛੰਦ ਦੀ ਵਰਤੋਂ 6 ਵਾਰ, ਚਾਚਰੀ ਛੰਦ ਦੀ ਵਰਤੋਂ ਪੰਜ ਵਾਰ, ਚਰਪਟ ਛੰਦ ਦੀ ਵਰਤੋ ਦੋ ਵਾਰ, ਮਧੁਭਾਰ ਛੰਦ ਦੀ ਵਰਤੋਂ ਦੋ ਵਾਰ, ਭਗਵਤੀ ਛੰਦ ਦੀ ਵਰਤੋਂ ਦੋ ਵਾਰ, ਰਸਾਵਲ ਛੰਦ ਦੀ ਵਰਤੋਂ ਇੱਕ ਵਾਰ, ਹਰਿਬੋਲਮਨਾ ਛੰਦ ਦੀ ਵਰਤੋਂ ਇੱਕ ਵਾਰ ਅਤੇ ਏਕ ਅਛਰੀ ਛੰਦ ਦੀ ਵਰਤੋਂ ਇੱਕ ਵਾਰ ਕੀਤੀ ਗਈ ਹੈ। ਬਾਣੀ ਦੀ ਭਾਸ਼ਾ ਸੰਸਕ੍ਰਿਤ, ਬ੍ਰਿਜ ਭਾਸ਼ਾ ਤੇ ਫਾਰਸੀ ਹੈ ਅਤੇ ਇਸ ਵਿੱਚ ਤਿੰਨਾ ਭਾਸ਼ਾਵਾਂ ਦਾ ਸੁੰਦਰ ਸੁਮੇਲ ਹੈ।

ਛੰਦਾਂ ਦੀ ਰਚਨਾ ਉਸ ਸਮੇਂ ਦੇ ਪ੍ਰਚਲਤ ਨਿਯਮਾਂ ਅਨੁਸਾਰ ਕੀਤੀ ਗਈ ਹੈ। ਬਾਣੀ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਗੁਰੂ ਸਾਹਿਬ ਨੇ ਇਸਨੂੰ ਪ੍ਰਭੂ ਦੀ ਕ੍ਰਿਪਾ ਨਾਲ ਰਚੀ ਗਈ ਬਾਣੀ ਕਿਹਾ ਹੈ। ਜਿਵੇਂ ਕਿ ਬਾਣੀ ਦਾ ਸ਼ੁਰੂਆਤੀ ਛੰਦ ਹੈ -ਛਪੈ ਛੰਦ। ਤਵ ਪ੍ਰਸਾਦਿ। ਆਮ ਤੌਰ 'ਤੇ ਸਾਰੇ ਛੰਦ ਚਾਰ ਸਤਰਾਂ ਜਾਂ ਚਾਰ ਪਦਿਆਂ ਜਾਂ ਚਾਰ ਸ਼ਬਦਾਂ ਵਿੱਚ ਲਿਖੇ ਗਏ ਹਨ। ਪਰ ਛਪੈ ਛੰਦ ਛੇ ਸਤਰਾਂ ਵਿੱਚ ਲਿਖਿਆ ਗਿਆ ਹੈ ਅਤੇ ਇਸ ਸ਼ਬਦ ਦੀ ਵਰਤੋਂ ਵੀ ਬਾਣੀ ਵਿੱਚ ਇੱਕ ਵਾਰ ਹੀ ਕੀਤੀ ਗਈ ਹੈ:

ਉਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ॥1॥" (ਦ. ਗ੍ਰੰ. ਅੰਗ -1)

ਚਾਰ ਸਤਰਾਂ ਵਾਲੇ ਛੰਦਾਂ ਵਿੱਚ ਰੂਆਲ ਛੰਦ ਅਤੇ ਭੁਜੰਗ ਪ੍ਰਯਾਤ ਛੰਦ ਦੀ ਰਚਨਾ ਕੀਤੀ ਗਈ ਹੈ, ਜਿਸਦੀ ਵੱਖ ਵੱਖ ਭਾਸ਼ਾਵਾਂ ਦੇ ਸੁੰਦਰ ਸੁਮੇਲ ਦੇ ਨਾਲ ਨਾਲ ਕਾਵਿ-ਰਵਾਨਗੀ ਅਤੇ ਕਾਵਿ-ਸਰਲਤਾ ਬੜੀ ਕਮਾਲ ਦੀ ਹੈ, ਜਿਵੇਂ:

ਉਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ॥
ਸ਼ਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥
ਸ਼ਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥
ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ॥79॥"
(ਦ. ਗ੍ਰੰ. ਅੰਗ 13)

ਭੁਜੰਗ ਪ੍ਰਯਾਤ ਛੰਦਾਂ ਦੀ ਰਚਨਾ ਚਾਰ ਪਦਿਆਂ ਵਿੱਚ ਵੀ ਕੀਤੀ ਗਈ ਹੈ। ਗੁਰੂ ਸਾਹਿਬ ਨੇ ਇਨ੍ਹਾਂ ਛੰਦਾਂ ਦੀ ਰਚਨਾ ਵਿੱਚ ਵੀ ਆਪਣੀ ਕਮਾਲ ਦੀ ਕਾਵਿ-ਪ੍ਰਤਿਭਾ ਦਾ ਪ੍ਰਮਾਣ ਦਿੱਤਾ ਹੈ। ਜਿਵੇਂ:

ਉਨਮਸਤੰ ਅਗੰਜੇ ॥ ਨਮਸਤੰ ਅਭੰਜੇ॥
ਨਮਸਤੰ ਅਨਾਮੇ॥ ਨਮਸਤੰ ਅਠਾਮੇ॥4॥"
(ਦ. ਗ੍ਰੰਥ. ਅੰਗ -2)

ਚਰਪਟ ਛੰਦ ਦੀ ਰਚਨਾ ਵੀ ਚਾਰ ਪਦਿਆਂ ਵਾਲੀ ਹੈ। ਜਿਵੇਂ:

ਉਅੰਮ੍ਰਿਤ ਕਰਮੇ॥ ਅੰਬ੍ਰਿਤ ਧਰਮੇ॥ ਅਖੱਲ ਜੋਗੇ॥ ਅਚੱਲ ਭੋਗੇ॥74॥"
(ਦ. ਗ੍ਰੰ. ਅੰਗ - 12)

ਭੁਜੰਗ ਪ੍ਰਯਾਤ ਛੰਦ ਅਤੇ ਚਰਪਟ ਛੰਦ ਦੀ ਰਚਨਾ ਵਿੱਚ ਫਰਕ ਇਹ ਹੈ ਕਿ ਭੁਜੰਗ ਪ੍ਰਯਾਤ ਛੰਦ ਦੇ ਚਹੁੰਆਂ ਪਦਿਆਂ ਵਿੱਚ ਸ਼ੁਰੂ ਦਾ ਅੱਖਰ ਨਮਸਤੰ, ਭਾਵ ਇੱਕ ਹੀ ਹੈ ਜਦ ਕਿ ਚਰਪਟ ਛੰਦ ਵਿੱਚ ਅਜਿਹੀ ਕੋਈ ਬੰਦਿਸ਼ ਨਹੀਂ ਹੈ। ਭੁਜੰਗ ਪ੍ਰਯਾਤ ਛੰਦ ਵਿੱਚ ਵੀ ਕਿਤੇ ਇਹ ਬੰਦਿਸ਼ ਟੁੱਟ ਜਾਂਦੀ ਹੈ, ਜਿਵੇਂ:

ਉਨਮੋ ਜੀਵ ਜੀਵੰ॥ ਨਮੋ ਬੀਜ ਬੀਜੇ॥
ਅਖਿੱਜੇ ਅਭਿੱਜੇ॥ ਸਮਸਤੰ ਪ੍ਰਸਿੱਜੇ॥72॥"
(ਦ. ਗ੍ਰੰਥ. ਅੰਗ - 12) ਅਤੇ

"ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ॥
ਸ਼ਦਾ ਸਰਬਦਾ ਰਿੱਧਿ ਸਿੱਧੰ ਨਿਵਾਸੀ॥73॥"
(ਦ. ਗ੍ਰੰ. ਅੰਗ - 12)

ਚਾਰ ਸ਼ਬਦਾਂ ਵਾਲੇ ਛੰਦਾਂ ਵਿੱਚ ਏਕ ਅਛਰੀ ਛੰਦ ਦੀ ਰਚਨਾ ਕੀਤੀ ਗਈ ਹੈ। ਜਾਪੁ ਸਾਹਿਬ ਦੀ ਬਾਣੀ ਵਿੱਚ ਇਸ ਛੰਦ ਦੀ ਵਰਤੋਂ ਇੱਕ ਵਾਰ ਹੀ ਕੀਤੀ ਗਈ ਹੈ। ਇਹ ਛੰਦ ਇਸ ਤਰ੍ਹਾਂ ਹੈ:

"ਅਜੈ॥ ਅਲੈ॥ ਅਭੈ॥ ਅਬੈ॥189॥"
(ਦ. ਗ੍ਰੰ. ਅੰਗ -31)



ਚਾਚਰੀ ਛੰਦ ਵਿੱਚ ਅਕਸਰ ਇੱਕ ਸਤਰ ਵਿੱਚ ਦੋ ਅੱਖਰ ਹੁੰਦੇ ਹਨ। ਕਾਫੀਆ ਦੋ ਦੋ ਸਤਰਾਂ ਦਾ ਮਿਲਾਇਆ ਜਾਂਦਾ ਹੈ ਅਤੇ ਉਹ ਵੀ ਸਤਰ ਦੇ ਪਹਿਲੇ ਜਾਂ ਦੂਜੇ ਅੱਖਰ ਨਾਲ ਅਤੇ ਪਹਿਲਾ ਜਾਂ ਦੂਸਰਾ ਅੱਖਰ ਬਰਾਬਰ ਇੱਕ ਹੀ ਹੁੰਦਾ ਹੈ। ਕਿਤੇ ਰੁਬਾਈ ਵਾਂਗ ਪਹਿਲੀ, ਦੂਜੀ ਅਤੇ ਚੌਥੀ ਸਤਰ ਦਾ ਕਾਫੀਆ ਮਿਲਾਇਆ ਜਾਂਦਾ ਹੈ। ਜਿਵੇਂ:

ਉਅਰੂਪ ਹੈਂ॥ ਅਨੂਪ ਹੈਂ॥ ਅਜੂ ਹੈਂ॥ ਅਭੂ ਹੈਂ॥29॥"
(ਦ. ਗ੍ਰੰ. ਅੰਗ - 6)

ਉਨ ਸੱਤ੍ਰੈ॥ ਨ ਮਿੱਤ੍ਰੈ॥ ਨ ਭਰਮੰ॥ ਨ ਭਿੱਤ੍ਰੈ॥99॥" (ਦ. ਗ੍ਰੰ. ਅੰਗ -17)

ਕਿਤੇ ਇਹ ਬੰਦਿਸ਼ ਤੋੜ ਕੇ ਚੌਹਾਂ ਸਤਰਾਂ ਵਿੱਚ ਦੋ ਸਤਰਾਂ ਦਾ ਕਾਫੀਆ ਮਿਲਾਇਆ ਜਾਂਦਾ ਹੈ। ਜਿਵੇਂ:

"ਅਨੀਲ ਹੈਂ। ਅਨਾਦਿ ਹੈਂ॥ ਅਜੇ ਹੈਂ॥ ਅਜਾਦਿ ਹੈਂ॥33॥"
(ਦ. ਗ੍ਰੰ. ਅੰਗ -6)

ਚਾਚਰੀ ਛੰਦ ਦਾ ਇੱਕ ਰੂਪ ਇੱਕ ਅੱਖਰੀ ਸਤਰ ਵਾਲਾ ਵੀ ਹੁੰਦਾ ਹੈ ਜੋ ਕਿ ਏਕ ਅਛਰੀ ਛੰਦ ਨਾਲ ਲਗਭਗ ਮਿਲਦਾ ਜੁਲਦਾ ਹੈ। ਜਿਵੇਂ:

"ਗੁਬਿੰਦੇ ॥ ਮੁਕੰਦੇ॥ ਉਦਾਰੇ॥ ਅਪਾਰੇ॥94॥"
(ਦ. ਗ੍ਰੰ. ਅੰਗ -17)

ਮਧੁਭਾਰ ਛੰਦ ਵਿੱਚ ਕਾਫੀਏ ਦੀ ਬੰਦਿਸ਼ ਬੜੀ ਕਠਿਨ ਹੁੰਦੀ ਹੈ। ਅਜਿਹੇ ਛੰਦ ਦੀ ਰਚਨਾ ਕਰਨੀ ਬੜੀ ਮੁਸ਼ਕਿਲ ਹੁੰਦੀ ਹੈ। ਅਜਿਹੇ ਛੰਦ ਦੀ ਰਚਨਾ ਉੱਚ-ਕੋਟੀ ਦੀ ਕਾਵਿ-ਪ੍ਰਤਿਭਾ ਵਾਲਾ ਵਿਅਕਤੀ ਹੀ ਕਰ ਸਕਦਾ ਹੈ। ਇਹ ਪ੍ਰਤਿਭਾ ਗੁਰੂ ਗੋਬਿੰਦ ਸਿੰਘ ਜੀ ਵਿੱਚ ਬੜੀ ਕਮਾਲ ਦੀ ਹੈ। ਇਸ ਛੰਦ ਦੀ ਇੱਕ ਸਤਰ ਵਿੱਚ ਤਿੰਨ ਅੱਖਰ ਹੁੰਦੇ ਹਨ ਅਤੇ ਇੱਕ ਸਤਰ ਦੇ ਤਿੰਨਾ ਅੱਖਰਾਂ ਦਾ ਕਾਫੀਆ ਦੂਸਰੀ ਸਤਰ ਦੇ ਤਿੰਨਾ ਅੱਖਰਾਂ ਨਾਲ ਕ੍ਰਮਵਾਰ ਮਿਲਾਇਆ ਜਾਂਦਾ ਹੈ। ਜਿਵੇਂ:

ਉਮੁਨਿ ਮਨਿ ਪ੍ਰਨਾਮ॥ ਗੁਨਿ ਗਨ ਮੁਦਾਮ॥
ਅਰਿ ਬਰ ਅਗੰਜ॥ ਹਰਿ ਨਰ ਪ੍ਰਭੰਜ॥161॥"
(ਦ. ਗ੍ਰੰ. ਅੰਗ - 26)

ਹਰਿਬੋਲਮਨਾ ਛੰਦ ਵਿੱਚ ਤਿੰਨ-ਅੱਖਰੀ ਸਤਰ ਹੁੰਦੀ ਹੈ। ਵਿਚਕਾਰਲੇ ਅੱਖਰ ਨਾਲ ਕਾਫੀਆ ਮਿਲਾਇਆ ਜਾਂਦਾ ਹੈ। ਸਤਰ ਦਾ ਅਖੀਰਲਾ ਅੱਖਰ ਬਰਾਬਰ ਇੱਕ ਹੀ ਰਹਿੰਦਾ ਹੈ। ਜਿਵੇਂ:

"ਸਰਬੰ ਭਰ ਹੈਂ॥ ਸਰਬੰ ਕਰ ਹੈਂ॥
ਸ਼ਰਬ ਪਾਸਿਯ ਹੈਂ॥ ਸਰਬ ਨਾਸਿਯ ਹੈਂ॥174॥"
(ਦ. ਗ੍ਰੰ. ਅੰਗ - 28)

ਨਿਸਚੈ ਹੀ ਛੰਦ ਰਚਨਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਕਾਵਿ-ਪ੍ਰਤਿਭਾ ਬੜੀ ਉੱਚ-ਕੋਟੀ ਦੀ ਅਤੇ ਕਮਾਲ ਦੀ ਹੈ। ਪ੍ਰਮਾਤਮਾ ਦੀਆਂ ਮਨੁੱਖਤਾਵਾਦੀ ਵਿਸ਼ੇਸ਼ਤਾਵਾਂ ਬਿਆਨ ਕਰਨ ਬਾਰੇ ਲਿਖੇ ਗਏ ਸਾਰੇ ਮੱਧ-ਯੁਗੀ ਸਾਹਿੱਤ ਵਿੱਚ ਜਾਪੁ ਸਾਹਿਬ ਦੀ ਰਚਨਾ ਦੀ ਕੋਈ ਬਰਾਬਰੀ ਨਹੀਂ ਹੈ। ਸਮੁੱਚੇ ਉਤਰ-ਭਾਰਤੀ ਸਾਹਿੱਤ ਵਿੱਚ ਆਪਣੀ ਪ੍ਰਤਿਭਾ, ਗੌਰਵਤਾ ਅਤੇ ਸ਼ੋਭਾ ਸਦਕਾ ਜਾਪੁ ਸਾਹਿਬ ਨੂੰ ਪ੍ਰਮੁੱਖ ਸਾਹਿੱਤ ਦਾ ਰੁਤਬਾ ਹਾਸਿਲ ਹੈ। ਇਸ ਰਚਨਾ ਵਿੱਚ ਪ੍ਰਭੂ ਦੇ ਨਿਰਗੁਣ ਸਰੂਪ ਦਾ ਬਿਹਤਰੀਨ ਵਰਣਨ ਕਰਦਿਆਂ ਗੁਰੂ ਜੀ ਕਹਿੰਦੇ ਹਨ:

"ਜਿਸਦਾ ਕੋਈ ਚਿੰਨ੍ਹ, ਚਕ੍ਰ, ਵਰਨ, ਜਾਤ ਅਤੇ ਗੋਤ ਨਹੀਂ ਹੈ। ਜਿਸਦੇ ਰੂਪ, ਰੰਗ, ਰੇਖ, ਭੇਖ ਬਾਰੇ ਕੋਈ ਕੁਝ ਕਹਿ ਨਹੀਂ ਸਕਦਾ। ਉਹ ਅਚਲ ਸਰੂਪੀ, ਸਵੈਮ ਗਿਆਨ ਦਾ ਪ੍ਰਕਾਸ਼ਕ ਅਤੇ ਅਸੀਮ ਸ਼ਕਤੀ ਵਾਲਾ ਹੈ। ਉਹ ਕਰੋੜਾਂ ਇੰਦ੍ਰਾਂ ਦਾ ਇੰਦ੍ਰ ਅਤੇ ਸ਼ਹਿਨਸ਼ਾਵਾਂ ਦਾ ਸ਼ਹਿਨਸ਼ਾਹ ਹੈ। ਉਸਨੂੰ ਤ੍ਰੈ ਲੋਕਾਂ (ਸਵਰਗ, ਮਾਤ ਅਤੇ ਪਾਤਾਲ) ਦੇ ਰਾਜੇ, ਦੇਵਤੇ, ਮਨੁੱਖ, ਦੈਂਤ, ਵਣ ਅਤੇ ਤਿਣਕੇ ਬੇਅੰਤ ਬੇਅੰਤ ਆਖਦੇ ਹਨ। ਹੇ ਪ੍ਰਭੂ ਤੇਰੇ ਸਾਰੇ ਨਾਵਾਂ ਤੇ ਗੁਣਾ ਦਾ ਵਰਣਨ ਕੌਣ ਕਰ ਸਕਦਾ ਹੈ।ਬਸ ਕੁਝ ਕੁ ਚੰਗੀ ਮੱਤ ਵਾਲਿਆਂ ਨੇ ਤੇਰੇ ਪਰਉਪਕਾਰੀ ਨਾਵਾਂ ਤੇ ਗੁਣਾ ਦਾ ਵਰਣਨ ਕੀਤਾ ਹੈ।"

ਪ੍ਰਭੂ ਦੇ ਉਪਰੋਕਤ ਗੁਣਾਂ ਦੀ ਵਿਆਖਿਆ ਸਦਕਾ ਸਭ ਧਰਮਾਂ ਦੇ ਲੋਕਾਂ ਨੇ ਗੁਰਬਾਣੀ ਨੂੰ ਸਰਵਵਿਆਪੀ ਬਾਣੀ ਵਜੋਂ ਸਵੀਕਾਰ ਕੀਤਾ ਹੈ। ਬਹੁਤ ਸਾਰੇ ਨਾਮ-ਅਭਿਆਸੀ, ਭਾਵੇਂ ਉਹ ਕਿਸੇ ਵੀ ਧਰਮ/ਮੱਤ ਨਾਲ ਸਬੰਧਿਤ ਹਨ, ਗੁਰਬਾਣੀ ਦਾ ਬੜੀ ਸ਼ਰਧਾ ਨਾਲ ਜਾਪ ਕਰਦਦੇ ਹਨ। ਜਾਪੁ ਸਾਹਿਬ ਦੀ ਬਾਣੀ ਦਾ ਇੱਕ ਦੂਸਰਾ ਗੁਣ ਇਹ ਹੈ ਕਿ ਇਸ ਵਿੱਚ ਭਗਤੀ ਅਤੇ ਸ਼ਕਤੀ ਦੋਵੇਂ ਨਾਲ ਨਾਲ ਉਭਰਦੇ ਹਨ।

---

# ਗੁਜ਼ਰ ਚੁੱਕੇ ਰੁੱਖ

ਬਲਵੀਰ ਮੰਨਣ
ਖੋਜਾਰਥੀ (ਪੰਜਾਬੀ ਵਿਭਾਗ)
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ
ਫਗਵਾੜਾ।
91-94173-45485



ਕਿਸੇ ਥਾਂ 'ਪੁਰ ਰੁੱਖਾਂ ਦੀ ਝਿੜੀ (ਝੁੰਡ) ਹੋਵੇ, ਵੱਡਿਆਂ ਛੋਟਿਆਂ ਦੀ, ਤਾਂ ਓਹਦੇ ਨੇੜਿਓਂ ਰੋਜ਼ਾਨਾ ਜਾਂ ਅਕਸਰ ਲੰਘਣ ਵਾਲੇ ਮਨੁੱਖ ਦੇ ਜ਼ਿਹਨ 'ਤੇ ਉਸ ਹਰੇ-ਭਰੇ ਥਾਂ ਦੀ ਇੱਕ ਛਾਪ ਜਿਹੀ ਬਣ ਜਾਂਦੀ ਹੈ।ਕਿਸੇ ਹੋਰ ਦਿਨ ਆਪਣੇ ਉਸੇ ਰਸਤੇ ਤੋਂ ਲੰਘਦਿਆਂ ਜਦੋਂ ਮਨੁੱਖ ਨੂੰ ਉਹ ਝਿੜੀ ਦਿਖਾਈ ਨਹੀਂ ਦਿੰਦੀ (ਸਾਰੇ ਰੁੱਖ ਵੱਢ ਦਿੱਤੇ ਜਾਂਦੇ ਹਨ) ਤਾਂ ਉਸਦੇ ਜ਼ਿਹਨ ਦੀ ਸਕਰੀਨ ਨੂੰ, ਜਿੱਥੇ ਉਸ ਝਿੜੀ ਦੀ ਛਾਪ ਬਣੀ ਹੋਈ ਸੀ, ਉਹ ਥਾਂ ਖ਼ਾਲੀ ਖ਼ਾਲੀ ਲਗਦਾ ਹੈ, ਬੇਰੰਗ ਜਿਹਾ।ਪਰ ਇਹ ਅਨੁਭਵ ਉਸੇ ਨੂੰ ਹੀ ਹੁੰਦਾ ਹੈ ਜਿਸਨੇ ਉਹ ਝਿੜੀ ਪਹਿਲਾਂ ਡਿੱਠੀ ਹੋਈ ਹੋਵੇ।ਉਸ ਰਸਤੇ ਤੋਂ ਪਹਿਲੀ ਵਾਰ ਲੰਘ ਰਹੇ ਮਨੁੱਖ ਨੂੰ (ਜਿਸਨੇ ਉਹ ਝਿੜੀ ਪਹਿਲਾਂ ਕਦੇ ਵੀ ਨਹੀਂ ਦੇਖੀ) ਅਜਿਹਾ ਕੋਈ ਅਹਿਸਾਸ ਨਹੀਂ ਹੁੰਦਾ।ਉਸ ਲਈ ਤਾਂ ਸਾਰਾ ਕੁਝ ਹੀ ਅਜੇ ਨਵਾਂ ਨਜ਼ਾਰਾ ਹੈ।

ਕਿਸੇ ਬੰਦੇ ਦੇ ਸਮਕਾਲੀ, ਜੋ ਉਸਦੇ ਜੀਵਨ ਵਿੱਚ ਬੜੇ ਸਬੰਧ ਨਾਲ ਵਿਚਰਦੇ ਹਨ, ਉਸਦੇ ਸੰਸਾਰ ਤੋਂ ਜਾਣ ਮਗਰੋਂ, ਉਸਦੀ ਥਾਂ, ਖਾਲ਼ੀ ਖ਼ਾਲੀ ਮਹਿਸੂਸ ਕਰਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿੱਚ ਕੋਈ ਖੱਪਾ ਜਿਹਾ ਪੈਂਦਾ ਹੈ।ਪਰ ਜਿਹੜੇ ਉਨ੍ਹਾਂ (ਸਮਕਾਲੀਆਂ) ਦੇ ਜੀਵਨ-ਪਿੜ ਵਿੱਚ ਨਵੇਂ ਇਨਸਾਨ ਆਉਂਦੇ ਹਨ ਉਹ ਜਾ ਚੁੱਕੇ ਬਾਰੇ ਕੁਝ ਨਹੀਂ ਜਾਣਦੇ।ਉਨ੍ਹਾਂ ਦੀਆਂ ਨਜ਼ਰਾਂ ਵਿੱਚ ਅਜਿਹਾ ਕੋਈ ਖੱਪਾ ਨਹੀਂ ਪੈਂਦਾ।

ਕੁਝ ਰੁੱਖ ਜਾਂ ਪੌਦੇ ਅਜਿਹੇ ਹੁੰਦੇ ਹਨ ਜੋ ਜੜ੍ਹੋਂ ਵੀ ਕਿਉਂ ਨਾ ਪੁੱਟ ਦਿੱਤੇ ਜਾਣ, ਉਨ੍ਹਾਂ ਦੇ ਨਿਸ਼ਾਨ ਵੀ ਭਾਵੇਂ ਕਿਉਂ ਨਾ ਪੂਰ ਦਿੱਤੇ ਜਾਣ, ਫਿਰ ਵੀ ਉਨ੍ਹਾਂ ਦੀ ਹਵਾ ਵਿੱਚ ਘੁਲੀ ਹੋਈ, ਮਿਲੀ ਹੋਈ ਖ਼ੁਸ਼ਬੂ ਉਸ ਥਾਂ 'ਤੇ ਆਏ ਕਿਸੇ ਨਵੇਂ ਨੂੰ ਵੀ ਲੱਦ ਚੁੱਕੇ ਰੁੱਖ ਦੀ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ।ਨਵਾਂ ਆਇਆ ਵੀ ਸੋਚਣ ਵਿੱਚ ਖ਼ੁਸ਼ੀ ਪ੍ਰਾਪਤ ਕਰਦਾ ਹੈ ਕਿ ਇੱਥੇ ਕਿਸੇ ਵੇਲ਼ੇ ਕੋਈ ਚੰਗਾ ਜਿਉ ਕੇ ਗਿਆ ਹੈ, ਮਹਿਕ ਕੇ ਗਿਆ ਹੈ, ਮਹਿਕਾਂ ਵੰਡ ਕੇ ਗਿਆ ਹੈ।

ਕੋਈ ਐਸਾ ਹੀ ਮਨੁੱਖ ਕਿਸੇ ਥਾਂ 'ਤੇ ਰਸ ਕੇ ਗਿਆ ਹੋਵੇ, ਵਸ ਕੇ ਗਿਆ ਹੋਵੇ, ਕਿਸੇ ਨੂੰ ਸੌਖਾ ਕਰ ਕੇ ਗਿਆ ਹੋਵੇ ਤਾਂ ਉਸਦੀ ਰਸਾਈ ਧਰਤੀ 'ਤੇ, ਮਗਰੋਂ ਕੋਈ ਨਵਾਂ, ਕਿਸੇ ਬਹਾਨੇ ਆਵੇ ਤਾਂ ਉਹ ਜਾ ਚੁੱਕੇ ਦੀ ਹਸਤੀ ਦਾ ਖੱਪਾ ਜ਼ਰੂਰ ਮਹਿਸੂਸ ਕਰੇਗਾ।ਅਸੀਂ ਸਾਂਭਦੇ ਹਾਂ ਨਾ ਕਈ ਜਾ ਚੁੱਕਿਆਂ ਦੀਆਂ ਨਿਸ਼ਾਨੀਆਂ, ਭਾਲ਼ਦੇ ਹਾਂ ਨਾ? ਸਾਂਭਣ ਦੀ ਕੋਸ਼ਿਸ਼ ਕਰਦੇ ਹਾਂ ਉਨ੍ਹਾਂ ਦੀ ਵਿਰਾਸਤ।

ਅਸੀਂ ਅਕਸਰ ਕਹਿੰਦਿਆਂ ਸੁਣਦੇ ਹਾਂ, 'ਹਰ ਮਨੁੱਖ, ਲਾਵੇ ਇੱਕ ਰੁੱਖ।' ਹੁਣ ਉਸ ਤੋਂ ਵੀ ਗੱਲ ਅੱਗੇ ਵਧੀ, 'ਹਰ ਮਨੁੱਖ ਲਾਵੇ ਤੇ ਪਾਲ਼ੇ ਇੱਕ ਰੁੱਖ।' ਹੁਣ ਸਾਨੂੰ ਇਸ ਤੋਂ ਵੀ ਅਗਾਂਹ ਤੁਰਨਾ ਹੋਵੇਗਾ, 'ਹਰ ਮਨੁੱਖ, ਬਣ ਜਾਵੇ ਇੱਕ ਰੁੱਖ।' ਐਸਾ ਰੁੱਖ, ਜਿਸਦੀ ਮਹਿਕ ਉਸਦੇ ਤੁਰ ਜਾਣ ਤੋਂ ਬਾਅਦ ਵੀ ਫ਼ਿਜ਼ਾ ਵਿੱਚ ਚਿਰ ਤੱਕ ਆਉਂਦੀ ਰਹੇ ਤਾਂ ਜੋ ਉਸ ਜਾ ਚੁੱਕੇ ਦੀ ਮਹਿਕ ਨੂੰ ਮਹਿਸੂਸ ਕਰਨ ਵਾਲੇ ਉਸ ਮਹਿਕ ਦਾ ਅੱਗੋਂ ਹੋਰ ਵਿਸਤਾਰ ਕਰਨ ਤੇ ਇਸ ਧਰਤੀ ਦੇ ਬਾਸ਼ਿੰਦਿਆਂ ਦਾ ਜੀਵਨ ਮਹਿਕਾਂ ਨਾਲ ਭਰਪੂਰ ਹੋ ਜਾਵੇ।

# ਜਨਾਬ ਆਜ਼ਾਦ ਜਾਲੰਧਰੀ ਦੀਆਂ ਕੁਝ ਧਾਰਮਿਕ ਰਚਨਾਵਾਂ

## ਬਾਬਾ ਨਾਨਕ ਗੀਤ

ਕਲਯੁਗ ਦਾ ਅਵਤਾਰ ਬਾਬਾ ਨਾਨਕ
ਕਰਦਾ ਬੇੜੇ ਪਾਰ ਬਾਬਾ ਨਾਨਕ।

ਧਰਤੀ ਦੇ ਦੁੱਖ ਦੂਰ ਕਰਨ ਲਈ
ਨਨਕਾਣੇ ਵਿਚ ਆਇਆ।

ਕਲਯੁਗ ਅੰਦਰ ਬੇਦੀ ਕੁਲ ਵਿਚ
ਗੁਰੂ ਨਾਨਕ ਪਰਗਟਾਇਆ।

ਬੋਲੇ ਸਤਿਕਰਤਾਰ ਬਾਬਾ ਨਾਨਕ
ਕਰਦਾ ਬੇੜੇ ਪਾਰ ਬਾਬਾ ਨਾਨਕ।।

ਮੋਢੇ ਭੂਰੀ, ਹੱਥ ਵਿਚ ਸੋਟੀ
ਮੁੱਖ ਤੇ ਨੂਰ ਨਿਰਾਲਾ।

ਛੇੜੂ ਬਣਕੇ ਮੱਝੀਆਂ ਚਾਰੇ
ਦੁਨੀਆਂ ਦਾ ਰਖਵਾਲਾ।

ਧਰਤੀ ਦਾ ਸ਼ਿੰਗਾਰ ਬਾਬਾ ਨਾਨਕ
ਕਰਦਾ ਬੇੜੇ ਪਾਰ ਬਾਬਾ ਨਾਨਕ।

ਹੱਥ ਵਿਚ ਧਰਮ ਤਰਾਜੂ ਫੜਿਆ
ਜਗ ਦੀਆਂ ਪੀੜਾਂ ਤੋਲੇ।

ਇਕੋ ਅੱਖਰ ਬੁਹਲਾਂ ਉਤੇ
ਤੇਰਾ ਤੇਰਾ ਬੋਲੇ।

ਸੱਚਾ ਕਰੇ ਵਪਾਰ ਬਾਬਾ ਨਾਨਕ
ਕਰਦਾ ਬੇੜੇ ਪਾਰ ਬਾਬਾ ਨਾਨਕ।

ਨੈਣਾਂ 'ਚੋਂ ਮੱਸਤੀ ਛੱਲਕਾ ਕੇ
ਗਰਮ ਕੜਾਹੇ ਠਾਰੇ।।

ਕੌਡ ਜਹੇ ਆਜ਼ਾਦ ਹਜ਼ਾਰਾਂ
ਗੁਰੂ ਨਾਨਕ ਨੇ ਤਾਰੇ।

ਭੁੱਲਾਂ ਬਖ਼ਸ਼ਣਹਾਰ ਬਾਬਾ ਨਾਨਕ
ਕਰਦਾ ਬੇੜੇ ਪਾਰ ਬਾਬਾ ਨਾਨਕ।।

## ਬੇਬੇ ਨਾਨਕੀ ਰੁਬਾਈ

ਦੂਰ ਵਸੇਂਦਿਆ ਵੀਰਾ ਆਜਾ
ਵੇ ਤੈਂ ਕਾਹਨੂੰ ਦੇਰੀਆਂ ਲਾਈਆਂ।

ਢੁੱਲਿਆ ਫੁਲਕਾ ਦੇਖ ਤਬੇ ਤੇ
ਮੈਨੂੰ ਤੇਰੀਆਂ ਯਾਦਾਂ ਆਈਆਂ।

ਨਾ ਕੋਈ ਸੁੱਖ ਸੁਨੇਹਾ ਘੱਲਿਆ
ਨਾ ਲਿਖ ਚਿੱਠੀਆਂ ਪਾਈਆਂ।

ਆ ਮਿਲ ਜਾ ਇਕ ਬਾਰ ਵੀਰਨਾ
ਵੇ ਮੈਂ ਫਿਰ ਦੀ ਵਾਂਗ ਸੁਦਾਈਆਂ।

ਗੀਤ
ਹੋਈ ਭੈਣ ਅੱਜ ਤੇਰੀ ਦਿਲਗੀਰ ਨਾਨਕਾ
ਸੋਹਣਾ ਮੁੱਖੜਾ ਦਿਖਾ ਜਾ ਮੇਰੇ ਵੀਰ ਨਾਨਕਾ।

ਆਵੇ ਯਾਦ ਜਦੋਂ ਤੇਰੀ ਵੇ ਕਲੇਜਾ ਫਟਦਾ
ਕਿਵੇਂ ਹੋਵੇਂਗਾ ਉਜਾੜਾਂ ਵਿਚ ਰਾਤਾਂ ਕੱਟਦਾ।
ਘਰ ਬਾਰ ਛੱਡ ਹੋ ਗਿਆਂ ਫਕੀਰ ਨਾਨਕਾ। ਸੋਹਣਾ.....

ਜਦੋਂ ਤਬੇ ਉਤੇ ਕਦੇ ਫੁਲਕਾ ਏ ਫੁਲਦਾ
ਮੇਰੇ ਦੀਦਿਆਂ 'ਚੋਂ ਸੈਣ ਵਾਂਗੂੰ ਨੀਰ ਡੁਹਲਦਾ
ਦੇਖਾਂ ਹੰਝੂਆਂ 'ਚੋਂ ਤੇਰੀ ਤਸਵੀਰ ਨਾਨਕ।
ਸੋਹਣਾ ਮੁੱਖੜਾ ਦਿਖਾ ਜਾ .....

ਜਿਹਦੇ ਵਿਚ ਬਹਿਕੇ ਤੇਰਾ ਤੇਰਾ ਹੈ ਸੀ ਬੋਲਦਾ
ਮੋਦੀ ਖਾਨਾ ਏ ਉਦਾਸ ਤੈਨੂੰ ਫਿਰੇ ਟੋਲਦਾ
ਵਗੇ ਤੱਕੜੀ ਦੀ ਅੱਖੀਆਂ 'ਚੋਂ ਨੀਰ ਨਾਨਕਾ। ਸੋਹਣਾ....

ਕਦੇ ਕਾਗਾਂ ਨੂੰ ਉਡਾਵਾਂ ਕੁੱਟ ਪਾਵਾਂ ਚੂਰੀਆਂ
ਕਦੇ ਤਾਰਿਆਂ ਨੂੰ ਦੱਸਾਂ ਵੇ ਮੈਂ ਮਜਬੂਰੀਆਂ।
ਦਿਲ ਇਕ ਪੱਲ ਬਹਨਦਾ ਨਹੀ ਧੀਰ ਨਾਨਕਾ। ਸੋਹਣਾ .....

ਆਜਾ ਵੀਰਾ ਤੈਨੂੰ ਵਾਸਤਾ 'ਆਜ਼ਾਦ' ਰੱਬ ਦਾ
ਤੰਦ ਰਖੜੀ ਦਾ ਤੇਰੀ ਵੇ ਕਲਾਈ ਲੱਭਦਾ
ਮੁਆਫ ਕਰ ਜੇ ਕੋਈ ਹੋ ਗਈ ਤਕਸੀਰ ਨਾਨਕਾ। ਸੋਹਣਾ ....

## ਕਿਸ ਤਰਹ ਸਿਫਤਾਂ ਕਰਾਂ ਨਾਨਕ ਮੈਂ ਤੇਰੇ ਦਰ ਦੀਆਂ ਗਜ਼ਲ



ਕਿਸ ਤਰਹ ਸਿਫਤਾਂ ਕਰਾਂ ਨਾਨਕ
ਮੈਂ ਤੇਰੇ ਦਰ ਦੀਆਂ।

ਵੱਡੀਆਂ ਵੱਡੀਆਂ ਹੱਸਤੀਆਂ
ਏਥੇ ਨੇ ਸੱਜਦੇ ਕਰਦੀਆਂ।

ਰਾਤ ਦਿਨ ਜਿੱਥੇ ਹੈ
ਗੁਰਬਾਣੀ ਦਾ ਅਮ੍ਰਤ ਬੱਰਸਦਾ।

ਸਵੱਰਗ ਤੋਂ ਵੱਧ ਸੋਹਣੀਆਂ
ਗਲੀਆਂ ਨੇ ਅਮ੍ਰਤਸਰ ਦੀਆਂ।

ਅੰਗ ਲਾਕੇ ਦਾਤਿਆ ਅੰਗਦ
ਬਣਾ ਦਿਤਾ ਸੀ ਤੈਂ।

ਬਖਸ਼ਿਸ਼ਾਂ ਲਹਿਣੇ ਤੇ ਹੋਈਆਂ
ਸੱਨ ਜਾਂ ਤੇਰੇ ਘੱਰਦੀਆਂ।

ਤੇਰੀ ਕੁਦਰੱਤ ਦਾ ਕਰਿਸ਼ਮਾ
ਦੇਖਿਆ ਸੰਸਾਰ ਨੇ।

ਠੀਕ ਸੱਨ ਫਸਲਾਂ ਮਗਰ
ਮੱਝੀਆਂ ਵੀ ਸੱਨ ਵਿਚ ਚੱਰਦੀਆਂ।

ਤੇਰਾ ਤੇਰਾ ਬੋਲ ਕੇ ਜਦ
ਮੋਦੀਖਾਨਾ ਤੋਲਿਆ।

ਝੋਲੀਆਂ ਖਾਲੀ ਹਜ਼ਾਰਾਂ
ਦੇਖੀਆਂ ਸੱਨ ਭਰੱਦੀਆਂ।

ਭਟਕਦੇ ਸਿੱਧਾਂ ਨੂੰ ਸਿੱਧਾ
ਰਾਹ ਦਿਖਾਇਆ ਸੀ ਕਦੇ।

ਤਾਕਤਾਂ ਵਲੀਆਂ ਦੀਆਂ ਸੱਨ
ਕੀਤੀਆਂ ਬੇਪੱਰਦੀਆਂ।

ਮੁੱਲ ਪੈਂਦਾ ਏ ਤੇਰੇ ਦਰ ਤੇ
ਹਮੇਸ਼ਾ ਪਿਆਰ ਦਾ।

ਕੀਮਤਾਂ ਨਹੀਂ ਪੈਂਦੀਆਂ
ਆਜ਼ਾਦ ਏਥੇ ਜ਼ਰ ਦੀਆਂ।।

## ਗੀਤ


ਗੁਰੂ ਨਾਨਕ ਦੀ ਬਾਣੀ ਆਖੇ
ਸਭ ਨਾਲ ਪਿਆਰ ਕਰੋ।

ਘਰ ਆਏ ਮਹਿਮਾਨਾਂ ਦਾ
ਆਦਰ ਸਤਿਕਾਰ ਕਰੋ। ਗੁਰੂ ਨਾਨਕ...

ਇਹ ਬਾਣੀ ਅਰਸ਼ਾਂ ਤੋਂ ਉਤਰੀ ਗੁਰੂ ਨਾਨਕ
ਨੇ ਗਾਈ
ਇਸ ਬਾਣੀ ਨੇ ਲੱਖਾਂ ਰੂਹਾਂ ਦੀ ਹੈ ਪਿਆਸ
ਬੁਝਾਈ
ਏਸ ਇਲਾਹੀ ਬਾਣੀ ਦਾ ਘਰ ਘਰ ਪ੍ਰਚਾਰ
ਕਰੋ
ਗੁਰੂ ਨਾਨਕ ਦੀ ਬਾਣੀ ਆਖੇ
ਸਭ ਨਾਲ ਪਿਆਰ ਕਰੋ।।

ਹਿੰਦੂ ਮੁਸਲਿਮ ਸਿੱਖ ਈਸਾਈ
ਸਭ ਕੁਦਰਤ ਦੇ ਬੰਦੇ।
ਇਕ ਨੂਰ ਤੋਂ ਸਭ ਜਗ ਉਪਜਿਆ
ਕੌਣ ਭਲੇ ਕੌਣ ਮੰਦੇ
ਬਾਣੀ ਪੜ੍ਹਕੇ ਸੁਤੀਆਂ ਰੂਹਾਂ ਨੂੰ ਬੇਦਾਰ ਕਰੋ।
ਗੁਰੂ ਨਾਨਕ ....
ਪੜ੍ਹ ਪੜ੍ਹ ਗਡੀਆਂ ਲੱਦੀ ਜਾਈਏ
ਪੱਲੇ ਕੁਝ ਨਹੀਂ ਪੈਣਾ
ਪੜ੍ਹ ਪੜ੍ਹ ਖਾਤੇ ਦੱਬੀ ਜਾਈਏ
ਪੱਲੇ ਕੁਝ ਨਈਂ ਪੈਣਾ
ਇਕ ਅੱਖਰ ਹਿਰਦੇ ਚਿ: ਬਸਾਕੇ
ਭਵਜਲ ਪਾਰ ਕਰੋ। ਗੁਰੂ ਨਾਨਕ...

ਕੁੱਲ ਦੁਨੀਆਂ ਦੀਆਂ ਖੈਰਾਂ ਮੰਗੋ
ਸਭ ਦਾ ਭਲਾ ਮਨਾਓ
ਭੁੱਲਕੇ ਭੀ ਆਜ਼ਾਦ ਕਿਸੇ ਦਾ
ਦਿਲ ਨਾ ਕਦੇ ਦੁਖਾਓ
ਜੋ ਕੁਝ ਬਾਣੀ ਕੈਹਿਦੀ ਏ
ਉਸਤੇ ਇਤਵਾਰ ਕਰੋ। ਗੁਰੂ ਨਾਨਕ ....



## ਗ਼ਜ਼ਲ

ਤੇਰੇ ਦਰ ਤੇ ਨਾਨਕ ਜੋ ਮੰਨਜ਼ੂਰ ਹੋ ਗਏ
ਉਹ ਗੁੰਮਨਾਮ ਰਹਿਕੇ ਵੀ ਮਸ਼ਹੂਰ ਹੋ ਗਏ।

ਤੇਰੇ ਦਰ ਤੇ ਝੋਲੀ ਬਿਛਾਈ ਜਿਨਹਾਂ ਨੇ
ਫਕੀਰਾਂ ਦੇ ਦਾਮਨ ਨੇ ਭਰਪੂਰ ਹੋ ਗਏ।

ਤੇਰੇ ਨਾਮ ਦਾ ਮਿਲ ਗਿਆ ਜਿਸਨੂੰ ਦਾਰੂ
ਔਹਦੀ ਜਿੰਦਗੀ ਦੇ ਨੇ ਦੁੱਖ ਦੂਰ ਹੋ ਗਏ।

ਜਿਨਹਾਂ ਕੀਤੀ ਮਿਹਨਤ ਤੇ ਹੱਕ ਦੀ ਕਮਾਈ
ਤੇਰੇ ਦਰ ਤੇ ਪੱਰਵਾਨ ਮੱਜ਼ਦੂਰ ਹੋ ਗਏ।

ਲਹੂ ਬਣ ਗਏ ਮਾਹਲ ਪੁਤੇ ਸੀ ਔਹਦੇ
ਮਲਕ ਭਾਗੋ ਵਰਗੇ ਜੋ ਮਗਰੂਰ ਹੋ ਗਏ।

ਤੈਂ ਮਸਤੀ ਚਿ ਸਤਿਗੁਰ ਜੋ ਫੁਰਮਾਇਆ ਮੱਖੋਂ
ਬਚਨ ਤੇਰੇ ਦੁਨੀਆਂ ਦਾ ਦਸਤੂਰ ਹੋ ਗਏ।

ਜੋ ਆਜ਼ਾਦ ਕਦਮਾਂ ਨਾਂ ਛੂਹ ਗਏ ਨੇ ਤੇਰੇ
ਔਹ ਧੱਰਤੀ ਦੇ ਜ਼ੱਰੇ ਕੋਹੇ ਤੂਰ ਹੋ ਗਏ।

## ਗੁਰਬਾਣੀ : ਗਿਆਨ ਦਾ ਸਾਗਰ

ਗੁਰਬਾਣੀ ਹੈ ਗਿਆਨ ਦਾ ਸਾਗਰ, ਜੋ ਖੋਜੇ ਸੋ ਪਾਵੇ।
ਨਾਮ ਦੇ ਸੁੱਚੇ ਮੋਤੀ ਮਿਲਦੇ, ਜੇ ਕੋਈ ਚੁੱਭੀਆਂ ਲਾਵੇ।
ਬਾਣੀ ਸੱਚ ਦਾ ਮਾਰਗ ਦਸਦੀ, ਕਾਗੋਂ ਹੰਸ ਬਣਾਵੇ।
ਸ਼ਰਧਾ ਨਾਲ 'ਆਜ਼ਾਦ' ਜੋ ਪੜ੍ਹਦਾ, ਉਹਦਾ ਜਨਮ ਮਰਨ ਕੱਟ ਜਾਵੇ।

**– ਜਨਾਬ ਆਜ਼ਾਦ ਜਲੰਧਰੀ**

## ਗੁਰੂ ਨਾਨਕ ਜੀ ਦੇ ਘਰ ਸਭ ਕੁਝ ਮਿਲਦਾ

- ਜੁਗਿੰਦਰ ਧਾਮੀ, ਪਿੱਪਲਾਂਵਾਲੀਆ, ਯੂਬਾ ਸਿਟੀ
530-844-0987

ਗੁਰੂ ਨਾਨਕ ਜੀ ਦੇ ਘਰ ਸਭ ਕੁਝ ਮਿਲਦਾ
ਕਰ ਅਰਦਾਸਾ ਤੇ ਝੋਲੀਆਂ ਭਰ ਲੈ ਤੂੰ
ਗੁਰਬਾਣੀ ਨਾਲ ਮੰਨ ਸਾਡਾ ਨਿਰਮਲ ਹੁੰਦਾ
ਤੇ ਇਸ ਮੰਨ ਨੂੰ ਨਿਰਮਲ ਕਰ ਲੈ ਤੂੰ
ਗੁਰੂ ਨਾਨਕ ਜੀ ਦੇ ਘਰ ਸਭ ਕੁਝ ਮਿਲਦਾ
ਕਰ ਅਰਦਾਸਾ ਤੇ ਝੋਲੀਆਂ ਭਰ ਲੈ ਤੂੰ ...

ਤੂੰ ਪੈਸੇ ਬਹੁਤ ਕਮਾ ਲਏ ਨੇ
ਤੇ ਵੱਡੇ ਵੱਡੇ ਮਹਿਲ ਬਣਾ ਲਏ ਨੇ
ਇੱਜਤ ਮਾਣ ਰੱਬ ਨੇ ਤੈਨੂੰ ਬੜਾ ਦਿੱਤਾ
ਤੇ ਵੱਡੇ-ਵੱਡੇ ਤੂੰ ਰੁਤਬੇ ਪਾ ਲਏ ਨੇ
ਜਿਸ ਮਾਲਕ ਨੇ ਤੈਨੂੰ ਇਹ ਸਭ ਕੁਝ ਦਿੱਤਾ
ਕਦੇ ਉਸ ਨੂੰ ਵੀ ਚੇਤੇ ਕਰ ਲੈ ਤੂੰ
ਗੁਰੂ ਨਾਨਕ ਜੀ ਦੇ ਘਰ ਸਭ ਕੁਝ ਮਿਲਦਾ
ਕਰ ਅਰਦਾਸਾ ਤੇ ਝੋਲੀਆਂ ਭਰ ਲੈ ਤੂੰ ....

ਕਲਯੁਗ ਇਹ ਦਲਦਲ ਡੂੰਘੀ ਬਾਹਲੀ
ਜੇ ਮਨਮੁਖ ਬਣਿਆ ਤਾਂ ਧੱਸ ਜਾਏਂਗਾ
ਖਾਲੀ ਹੱਥੀਂ ਤੂੰ ਇਸ ਜੱਗ ਤੇ ਆਇਆ
ਤੇ ਖਾਲੀ ਹੱਥੀਂ ਏਥੋਂ ਤੁਰ ਜਾਵੇਂਗਾ
ਨਾਮ ਤੇ ਨੇਕੀ ਕਹਿੰਦੇ ਨਾਲ ਜਾਂਦੇ
ਤੇ ਇਹੋ ਰੱਜ ਕੇ ਕੱਠੇ ਕਰ ਲੈ ਤੂੰ
ਗੁਰੂ ਨਾਨਕ ਜੀ ਦੇ ਘਰ ਸਭ ਕੁਝ ਮਿਲਦਾ
ਕਰ ਅਰਦਾਸਾ ਤੇ ਝੋਲੀਆਂ ਭਰ ਲੈ ਤੂੰ ...

ਮਾੜੇ ਰਾਹਾਂ 'ਤੇ ਤੁਰਨਾ ਬੜਾ ਸੌਖਾ ਏ
ਤੇ ਚੰਗੇ ਰਾਹਾਂ ਤੇ ਤੁਰਨਾ ਜ਼ਰਾ ਔਖਾ ਏ
ਚੱਲ ਗੁਰੂ ਨਾਨਕ ਜੀ ਦੇ ਰਹਾ ਤੁਰ ਪੈ
ਤੇਰੇ ਕੋਲ ਅਜੇ ਵੀ ਮੌਕਾ ਏ
ਤੇਰਾ ਜਿਉਣਾ ਮਰਨਾ ਸਫਲ ਹੋ ਜਾਊ
ਰਸਤਾ ਗੁਰੂ ਨਾਨਕ ਦੇ ਘਰ ਦਾ ਫੜ ਲੈ ਤੂੰ
ਗੁਰੂ ਨਾਨਕ ਜੀ ਦੇ ਘਰ ਸਭ ਕੁਝ ਮਿਲਦਾ
ਕਰ ਅਰਦਾਸਾ ਤੇ ਝੋਲੀਆਂ ਭਰ ਲੈ ਤੂੰ....

ਜੇ ਮਿਹਰ ਦਾਤੇ ਦੀ ਹੋ ਜਾਵੇ
ਫੇ ਭੁੱਜੇ ਦਾਣੇ ਵੀ ਕਹਿੰਦੇ ਜੰਮ ਜਾਂਦੇ
ਉਹਦੀ ਮਿਹਰ ਨਾਲ ਸੁੱਖ ਸਾਰੇ ਮਿਲਦੇ ਨੇ
ਤੇ ਉਹਦੀ ਮਿਹਰ ਨਾਲ ਦੁੱਖ ਸਾਰੇ ਥੰਮ ਜਾਂਦੇ



ਉਹ ਤਾਂ ਮਿਹਰਾਂ ਸਭ ਤੇ
ਕਰਦਾ ਏ
ਹੱਥ ਜੋੜ ਬੇਨਤੀਆਂ ਕਰ
ਲੈ ਤੂੰ
ਗੁਰੂ ਨਾਨਕ ਜੀ ਦੇ ਘਰ
ਸਭ ਕੁਝ ਮਿਲਦਾ
ਕਰ ਅਰਦਾਸਾ ਤੇ ਝੋਲੀਆਂ ਭਰ ਲੈ ਤੂੰ ...

ਇਸ ਜ਼ਿੰਦਗੀ ਦਾ ਕੀ ਭਰੋਸਾ ਏ
ਇਕ ਦਿਨ ਤਾਂ ਤੁਰ ਹੀ ਜਾਵਾਂਗੇ
ਜਦੋਂ ਲੇਖਾ ਜੋਖਾ ਹੋਣਾ ਉਥੇ
ਫੇ ਸ਼ਾਇਦ ਰੋਵਾਂਗੇ ਪਛਤਾਵਾਂਗੇ
'ਧਾਮੀ' ਹਉਮੈ ਵਿਚ ਕੁਝ ਨਹੀਂ ਲੱਭਣਾ
ਜੋੜੇ ਸਾਫ ਸੰਗਤ ਦੇ ਕਰ ਲੈ ਤੂੰ
ਗੁਰੂ ਨਾਨਕ ਜੀ ਦੇ ਘਰ ਸਭ ਕੁਝ ਮਿਲਦਾ
ਕਰ ਅਰਦਾਸਾ ਤੇ ਝੋਲੀਆਂ ਭਰ ਲੈ ਤੂੰ
ਗੁਰਬਾਣੀ ਨਾਲ ਮਨ ਨਿਰਮਲ ਹੁੰਦਾ
ਤੇ ਇਸ ਮਨ ਨੂੰ ਨਿਰਮਲ ਕਰ ਲੈ ਤੂੰ
ਗੁਰੂ ਨਾਨਕ ਦੇ ਘਰ ਸਭ ਕੁਝ ਮਿਲਦਾ।

## ਨਿਰਗੁਣ ਇਕ ਅਕਾਲ ਹੈ

ਪਰਮਿੰਦਰ ਸਿੰਘ ਖਾਨਖਾਨਾ

ਨਿਰਗੁਣ ਇਕ ਅਕਾਲ ਹੈ ਬ੍ਰਹਿ ਮੰਡੀ ਲੋਆ
ਬਾਬੇ ਨਾਨਕ ਵਿਚ ਆਣ ਕੇ ਜਗ ਪ੍ਰਗਟ ਹੋਆ
ਸੱਚਾ ਤਖ਼ਤ ਅਕਾਲ ਦਾ ਬੈਹਿ ਆਸਣ ਲਾਇਆ
ਗੁਰਗੱਦੀ ਅਟੱਲ ਥਾਪਤੀ ਸੱਚਾ ਪੰਥ ਚਲਾਇਆ
ਗੁਰਗੱਦੀ ....

ਸੂਈ ਨੱਕੇ ਵਿੱਚੋਂ ਕੱਢ ਕੇ ਗੱਦੀ ਦੂਜੀ ਚੱਲੀ
ਓਸੇ ਹੀ ਅਕਾਲ ਨੇ ਇਹ ਜੋਤ ਸੀ ਘੱਲੀ
ਲੜੀ ਵਾਰ ਗੁਰਾਂ ਜਗ ਨੂੰ ਡੁੱਬਦਾ ਬਚਾਇਆ
ਗੁਰਗੱਦੀ .....

ਤੀਜੀ ਚੌਥਾ ਜੋਤ ਪੰਜਵੀਂ ਵੀ ਬਚਨੀਂ ਤਾਰੇ
ਮੁਗਧ ਮੂਰਖ ਜੋ ਅੰਤ ਦੇ ਗੁਰਾਂ ਛੇਵੇਂ ਸੁਧਾਰੇ
ਸੱਤਵੀਂ ਅੱਠਵੀਂ ਜੋਤ ਤੇ ਕੋਈ ਚੜ੍ਹ ਨਾ ਪਾਇਆ
ਗੁਰਗੱਦੀ ....



ਨੌਵੀਂ ਦਸਵੀਂ ਗੱਦੀ ਨੇ ਖੰਡੇ ਖੜਕਾਏ
ਅੰਤ ਜੋ ਜ਼ੁਲਮੀਂ ਬਚੇ ਸੀ ਉਹ ਮਾਰ ਮੁਕਾਏ
ਸਭ ਜਗ ਤੇ ਅਕਾਲ ਦਾ ਜੈਕਾਰ ਕਰਾਇਆ
ਗੁਰਗੱਦੀ .....

ਅੰਤ ਗੁਰਾਂ ਕਿਹਾ ਬਾਣੀ ਹੀ ਚਾਣਣ ਮੁਨਾਰਾ
ਇਸ ਦੇ ਅੰਦਰ ਹਰਿ ਵਸੈ ਕਰੂ ਪਾਰ ਉਤਾਰਾ
'ਰਾਏ' ਗੁਰੂ ਹੁਣ ਗ੍ਰੰਥ ਹੈ ਇਸ ਦਿਨ ਫੁਰਮਾਇਆ
ਆਪ ਵੀ ਸੀਸ ਨਿਭਾ ਕੇ ਜਗ (ਪੰਥ) ਚਰਨੀਂ ਪਾਇਆ
ਦੇਹਧਾਰੀ ਗੁਰੂ ਠੱਪ ਕੇ ਗ੍ਰੰਥ ਗੁਰੂ ਸਜਾਇਆ
ਸ਼ਬਦ ਗੁਰੂ ਨੂੰ ਸਾਜ ਕੇ ਜੈਕਾਰਾ ਲਾਇਆ।

## ਡਾਕੀਆ

ਕਸ਼ਮੀਰ ਘੇਸਲ
91-94636 560 47



ਸਾਡੇ ਪਿੰਡ ਦਾ ਡਾਕੀਆ ਆਇਆ ।
ਚਿੱਠੀਆਂ ਦਾ ਥੱਬਾ ਲੈ ਕੇ ਆਇਆ ।
ਗਲੀ ਗਲੀ ਤੇ ਘਰ ਘਰ ਜਾਵੇ।
ਗ਼ਮੀਆਂ ਖ਼ੁਸ਼ੀਆਂ ਦੇ ਖ਼ਤ ਪਹੁੰਚਾਵੇ।
ਕਿਸੇ ਕਿਸੇ ਦਾ ਰਸਾਲਾ ਲੈ ਆਇਆ ।
ਸਾਡੇ ਪਿੰਡ ਦਾ-- ।
ਪ੍ਰੀਤੋ ਦਾ ਮਨੀ-ਆਰਡਰ ਲੈ ਆਇਆ ।
ਫਾਰਮ ਉੱਤੇ ਅੰਗੂਠਾ ਲਗਵਾਇਆ ।
ਪੰਜ ਸੌ ਦਾ ਨੋਟ ਉਸ ਦੇ ਹੱਥ ਫੜਾਇਆ ।
ਸਾਡੇ ਪਿੰਡ ਦਾ- -।
ਰਾਮੂ ਨੂੰ, ਨੌਕਰੀ ਦੀ ਚਿੱਠੀ ਪਕੜਾਈ ।
ਉਸ ਦੇ ਚਿਹਰੇ 'ਤੇ ਰੌਣਕ ਆਈ।
ਫਿਰ ਉਸ ਜਾ ਅਗਲਾ ਬੂਹਾ ਖੜਕਾਇਆ ।
ਸਾਡੇ ਪਿੰਡ ਦਾ- - ।
ਖ਼ਾਕੀ ਵਰਦੀ, ਮੋਢੇ ਥੈਲਾ ਲਟਕਾ ਕੇ ।
ਚਿੱਠੀ ਲੈ ਲਓ ਕਹਿਦਾ ਹੈ ਆ ਕੇ।
ਤੂੰ ਵੀ ਪੈਨਸ਼ਨ ਲੈ ਲੈ ਤਾਇਆ ।
ਸਾਡੇ ਪਿੰਡ ਦਾ- - ।
ਇਤੰਜ਼ਾਰ ਵਿੱਚ ਭੋਲੀ ਖੜ੍ਹੀ ਹੈ।
ਫੌਜੀ ਦੇ ਖ਼ਤ ਲਈ ਬੇਕਰਾਰ ਬੜੀ ਹੈ।
ਦੂਰੋਂ ਹੀ ਉਸ ਨੇ ਸਿਰ ਹਿਲਾਇਆ ।
ਸਾਡੇ ਪਿੰਡ ਦਾ--।
ਗਰਮੀ-ਠੰਢ-ਮੀਂਹ ਵਿੱਚ ਵੀ ਆਵੇ।
ਜਨਤਾ ਦਾ ਉਹ ਸੇਵਕ ਕਹਾਵੇ ।
'ਘੇਸਲ' ਕਦੇ ਨਾ ਉਸ ਨੇ ਨਾਗਾ ਪਾਇਆ ।
ਸਾਡੇ ਪਿੰਡ ਦਾ ---।

## ਗ਼ਜ਼ਲ

ਡਾ. ਬਲਰਾਜ ਸਿੰਘ ਜੱਖੂ



ਐਨਾ ਕੂੜ ਪਸਾਰਾ ਕਿਉਂ ਹੈ?
ਜੀਵਨ ਵਿਚ ਖਲਾਰਾ ਕਿਉਂ ਹੈ?

ਕਿਰਤ ਦੀ ਕਦਰ ਕਿਉਂ ਨਾ ਪੈਂਦੀ,
ਕਿਰਤੀ ਰੁਲੇ ਵਿਚਾਰਾ ਕਿਉਂ ਹੈ?

ਸੱਚ ਦੇ ਹੱਥੀਂ ਹੱਥਕੜੀਆਂ ਨੇ,
ਲੈਂਦਾ ਝੂਠ ਨਜ਼ਾਰਾ ਕਿਉਂ ਹੈ?

ਰੋਜ਼ ਸਕੈਂਡਲ ਅਤੇ ਘੁਟਾਲੇ,
ਇਹ ਚਲਦਾ ਵਰਤਾਰਾ ਕਿਉਂ ਹੈ?

ਕਾਨੂੰਨ ਦਵਾ ਹੈ ਕਿਸ ਮਰਜ਼ ਦੀ
ਹੱਸਦਾ ਫਿਰੇ ਹੱਤਿਆਰਾ ਕਿਉਂ ਹੈ?

ਨਿਆਂ ਦੀ ਤੱਕੜੀ 'ਚ ਹੈ ਪਾਸਕ,
ਇਹ ਸੰਵਿਧਾਨ ਵਿਚਾਰਾ ਕਿਉਂ ਹੈ?

ਆਪਣੇ ਦੇਸ਼ ਦਾ ਅੰਨਦਾਤਾ ਵੀ,
ਭੁੱਖ ਨੰਗ ਦਾ ਮਾਰਾ ਕਿਉਂ ਹੈ?

ਵਿਹਲੜਾਂ ਦੇ ਪੰਜ ਤਾਰੇ ਹੋਟਲ,
ਤੇ ਕਾਮੇ ਲਈ ਢਾਰਾ ਕਿਉਂ ਹੈ?

ਕੀ ਨੇਤਾ ਲਈ ਰੋਟੀ ਨਹੀਂ ਹੈ,
ਪਸ਼ੂਆਂ ਦਾ ਖਾਂਦਾ ਚਾਰਾ ਕਿਉਂ ਹੈ?

ਵੈਰੀ ਨਾਲ ਤੂੰ ਜੱਫੀਆਂ ਪਾਵੇਂ,
ਗਲ ਗੂਠਾ ਮੇਰੇ ਯਾਰਾ ਕਿਉਂ ਹੈ?

ਗੀਤ, ਨਸ਼ੇ ਤੇ ਲੱਚਰ ਚੈਨਲ,
ਦੇਸ਼ 'ਚ ਇਹ ਗੰਦ ਸਾਰਾ ਕਿਉਂ ਹੈ?

ਸੂਝ, ਸਿਆਣਪ ਹਿੰਮਤ ਹੁੰਦਿਆਂ,
'ਜੱਖੂ' ਬੇ-ਸਹਾਰਾ ਕਿਉਂ ਹੈ?

## ਗ਼ਜ਼ਲ



ਕਮਲ ਬੰਗਾ ਸੈਕਰਾਮੈਂਟੋ
916-897-8570

ਗਜ਼ਲਾਂ ਅੰਦਰ ਲਿਖਦੇ ਗੁੱਝੀਆਂ ਗੱਲਾਂ ਦਿਲ ਦੀਆਂ।
ਗਜ਼ਲਾਂ ਅੰਦਰ ਪੁਰਾਣੇ ਜ਼ਖਮ ਯਾਦਾਂ ਛਿਲਦੀਆਂ।

ਗਜ਼ਲਾਂ ਅੰਦਰ ਇਸ ਕਲੰਦਰ ਵੀ ਪਲਦਾ ਸੱਜਣੋ,
ਗਜ਼ਲਾਂ ਅੰਦਰ ਵਿਛੜੀਆਂ ਤੇ ਰੁੱਸੀਆਂ ਰੂਹਾਂ ਮਿਲਦੀਆਂ।

ਗਜ਼ਲਾਂ ਅੰਦਰ ਲਿਖੇ ਹੁੰਦੇ, ਗਿਲੇ ਸ਼ਿਕਵੇ, ਤੋੜ ਵਿਛੋੜੇ,
ਗਜ਼ਲਾਂ ਅੰਦਰ ਹੁੰਦੀਆਂ, ਘਸੀਆਂ ਰਮਜ਼ਾਂ ਦਿਲ ਦੀਆਂ।

ਗਜ਼ਲਾਂ ਅੰਦਰ ਕਦੇ ਕਦੇ, ਮੈਂ-ਮੈਂ, ਤੂੰ-ਤੂੰ ਵੀ ਦਿੱਸਦੀ।
ਗਜ਼ਲਾਂ ਅੰਦਰ ਚਾਵਾਂ ਦੀਆਂ ਵੀ ਢੇਰੀਆਂ ਢਿਲਦੀਆਂ।

ਗਜ਼ਲਾਂ ਅੰਦਰ ਛੁਪੇ ਹੁੰਦੇ ਨੇ, ਰੂਪ ਮੁਹੱਬਤਾਂ ਦੇ ਲੋਕੋ,
ਗਜ਼ਲਾਂ ਅੰਦਰ ਲਿਖੀਆਂ ਹੁੰਦੀਆਂ, ਸਿਫਤਾਂ ਕਾਲੇ ਤਿਲਦੀਆਂ।

ਗਜ਼ਲਾਂ ਅੰਦਰ ਅਕਸਰ ਮਰ ਗਏ, ਲੁੱਟੇ ਗਏ ਵੀ ਦੇਖੀ ਦੀ,
ਗਜ਼ਲਾਂ ਅੰਦਰ ਕਈਆਂ ਦੀਆਂ ਮੋਹ ਕੰਧਾਂ ਹਿੱਲਦੀਆਂ।

ਗਜ਼ਲਾਂ ਅੰਦਰ ਕਈਆਂ ਦੇ ਦਿਲ 'ਕਮਲ' ਮੁਰਝਾਏ ਹੁੰਦੇ।
ਗਜ਼ਲਾਂ ਅੰਦਰ ਕਈਆਂ ਦੀਆਂ, ਦਿਲ ਕਲੀਆਂ ਖਿੱਲਦੀਆਂ।

## ਦੀਵੇ

- ਰਾਠੇਸ਼ਵਰ ਸਿੰਘ ਸੁਰਾਪੁਰੀ



ਅੰਬਰ ਉੱਤੇ ਉੱਠਦਾ ਧੂਆਂ,
ਕੁਦਰਤ ਨੂੰ ਮਨਜ਼ੂਰ ਨੀ ਹੋਣਾ।
ਲੱਖਾਂ ਦੀਵੇ ਬਾਲ਼ੀਏ ਭਾਵੇਂ,
ਇੰਜ ਹਨ੍ਹੇਰਾ ਦੂਰ ਨੀ ਹੋਣਾ।
ਢਿੱਡੀਂ ਪੈਂਦਾ ਅੰਨ ਨਹੀਂ ਹੈ,
ਸਿਰ ਦੇ ਉੱਤੇ ਛੰਨ ਨਹੀਂ ਹੈ,
ਬੱਚਿਆਂ ਪੈਣਾ ਭੁੱਖਿਆਂ ਸੌਣਾ।
ਲੱਖਾਂ ਦੀਵੇ ਬਾਲ਼ੀਏ ਭਾਵੇਂ,
ਇੰਜ ਹਨ੍ਹੇਰਾ ਦੂਰ ਨੀ ਹੋਣਾ।
ਬੇਰੁਜ਼ਗਾਰੀ ਝੱਲਦੇ ਨੇ ਜੋ,
ਸੜਕਾਂ ਜਾ ਕੇ ਮੱਲਦੇ ਨੇ ਜੋ,
ਕੌਣ ਸੁਣੇਗਾ ਉਨ੍ਹਾਂ ਦਾ ਰੋਣਾ।
ਲੱਖਾਂ ਦੀਵੇ ਬਾਲ਼ੀਏ ਭਾਵੇਂ,
ਇੰਜ ਹਨ੍ਹੇਰਾ ਦੂਰ ਨੀ ਹੋਣਾ।
ਫ਼ਓਮਪ;ਾਹੇ ਲੈ ਕਰ ਮਰਦੇ ਜੇੜ੍ਹੇ,
ਲੋਕਾਂ ਦਾ ਢਿਡ ਭਰਦੇ ਜੇੜ੍ਹੇ,
ਕਰਜ਼ੇ ਦਾ ਪਊ ਜੂ਼ਲਾ ਲੌਣ੍ਹਾ।
ਲੱਖਾਂ ਦੀਵੇ ਬਾਲ਼ੀਏ ਭਾਵੇਂ,
ਇੰਜ ਹਨ੍ਹੇਰਾ ਦੂਰ ਨੀ ਹੋਣਾ।
ਨਸ਼ਿਆਂ ਕੋਲ਼ੋਂ ਬਚਕੇ ਰੈਣ੍ਹਾ,
ਸਾਦਾ ਜੀਵਨ ਜੀਉਣਾ ਪੈਣਾ,
ਤਾਂ 'ਰਾਠੀ' ਜੱਗ ਨੇ ਰੁਸ਼ਨੌਣਾ।
ਲੱਖਾਂ ਦੀਵੇ ਬਾਲ਼ੀਏ ਭਾਵੇਂ,
ਇੰਜ ਹਨ੍ਹੇਰਾ ਦੂਰ ਨੀ ਹੋਣਾ।

## ਫਾਰਗ ਤੇ ਮੁਤਵਾਜ਼ੀ?



ਤਰਲੋਚਨ ਸਿੰਘ
'ਦੁਪਾਲਪੁਰ'
001-408-915-1268

ਸ਼ੀਆ-ਸੁੰਨੀ ਮੁਸਲਿਮ 'ਦੋ' ਹੀ ਪਰ ਸਿੱਖੀ ਬਹੁ-ਭਾਂਤੀ।
ਅੱਖਾਂ ਦੇ ਵਿਚ ਹੰਝੂ ਆਉਂਦੇ ਦੇਖ ਕੇ ਹਾਲਤ ਤਾਜੀ।
ਸਾਡਾ ਡੇਰਾ ਸਾਡੇ ਮਾਹਰਾਜ ਏਹੀ ਆਉਦ ਆਵਾਜ਼ਾਂ,
ਸ੍ਰੀ ਕੇਸ ਗੜ੍ਹ ਭੁੱਲਿਆ ਸਾਨੂੰ ਇਕੋ ਕੌਮ ਸੀ ਸਾਜੀ।
ਧਰਮ ਸੀਸ 'ਤੇ ਸਿਆਸਤ ਪੈਰੀਂ ਕਹੇ ਫਲਸਫਾ ਸਾਡਾ
ਸਿਆਸਤ ਚਾਬਕ ਲੈ ਕੇ ਫਿਰਦੀ ਧਰਮ ਨੂੰ ਮੋਹਰੇ ਲਾ ਜੀ।
ਥਾਂ ਥਾਂ 'ਤੇ ਪ੍ਰਧਾਨ ਸਕੱਤਰ ਮੰਗ-ਪੱਤਰ ਨੇ ਹੱਥੀਂ,
ਸ਼ੇਰ ਸਦਾਉਂਦੀ ਕੌਮ ਦੇ ਉਤੇ ਕੈਸੇ ਦਿਨ ਗਏ ਆ ਜੀ।
ਹੁੰਦਾ 'ਨਾਟਕ' ਰਾਏ ਲੈਣ ਦਾ ਕਰਕੇ ਜੁੰਡਲੀ 'ਕੱਠੀ,
ਪਲਾਂ ਵਿਚ ਅਧਿਕਾਰ ਸੌਂਪਦੇ ਬਣਕੇ ਮੂਜੀ-ਪਾਜੀ।
ਧਰਮੀਂ ਅਤੇ ਸਿਆਸੀ ਆਗੂ ਕਰਦੇ ਸੀ ਅਗਵਾਈ
ਪੰਜ ਪਿਆਰੇ ਹੁਣ 'ਫਾਰਗ' ਨੇ ਜਥੇਦਾਰ 'ਮੁਤਵਾਜ਼ੀ'!

## "ਗੁਰੂ ਗਰੰਥ - ਸ਼ਬਦ ਗੁਰੂ"



ਗੁਰੂ ਗਰੰਥ ਨੂੰ ਜਿਸ ਦਿਨ ਗੁਰਿਆਈ ਮਿਲੀ,
ਉਸ ਦਿਨ ਦੀਆਂ ਵਧਾਈਆਂ ਸਾਰੇ ਰਹੇ ਨੇ ਦੇ।

ਗੁਰੂ ਗਰੰਥ ਦੇ ਚਰਨੀ ਸਿੱਖਾ ਸਦਾ ਲੱਗਾ ਰਹਿ।
ਉਸ ਤੋਂ ਉਸ ਦੀ ਹਰ ਬਖਸ਼ਿਸ਼ ਨੂੰ ਸਿਖਾ ਤੂੰ ਲੈ।

ਸ਼ਬਦ ਗੁਰੂ ਨਾਲ ਜੋੜਿਆ ਸੀ ਗੁਰਾਂ ਨੇ ਤੈਨੂੰ,
ਤੂੰ ਵੀ ਸ਼ਬਦ ਗੁਰੂ ਨਾਲ ਸਦਾ ਈ ਜੁੜਿਆ ਰਹਿ।

ਗੁਰਬਾਣੀ ਕਰੇ ਸਾਡੇ ਮਨਾਂ ਦੇ ਵਿਚ ਚਾਨਣ,
ਲੈ ਉਸ ਤੋਂ ਚਾਨਣ ਅਤੇ ਉਸ ਚਾਨਣ ਵਿਚ ਰਹਿ।

ਅੰਮ੍ਰਿਤ ਦੀ ਬਖਸ਼ਿਸ਼ ਸੀ ਗੁਰਾਂ ਤੇਰੇ ਤੇ ਕੀਤੀ,
ਉਸ ਅਮੁਲੇ ਅੰਮ੍ਰਿਤ ਤੋਂ ਸਿੱਖਾ,ਤੂੰ ਵਾਂਝਾ ਨਾ ਰਹਿ।

ਸੰਤ ਸਿਪਾਹੀ ਦੀ ਰਹਿਤ ਸੀ ਸਿੰਘਾ ਤੈਨੂੰ ਦਿੱਤੀ,
ਉਸ ਰਹਿਤ ਦੀ ਪਾਲਣਾ ਸਿੰਘਾਂ ਤੂੰ ਕਰਦਾ ਰਹਿ।

ਗੁਰੂਆਂ ਨੇ ਸੀ ਸਿਖਾਇਆ ਜੀਣਾ ਅਨਖ ਨਾਲ,
ਹੰਕਾਰ ਨਾ ਕਰ ਕਦੀ,ਸਦਾ ਨਿਮਰਤਾ ਵਿਚ ਰਹਿ।

ਭਰਮਾਂ ਵਿਚੋਂ ਮੁਸ਼ਕਲ ਨਾਲ ਸੀ ਕਢਿਆ ਤੈਨੂੰ,
ਓਹਨਾਂ ਭਰਮਾਂ ਵਿਚ ਸਿੱਖਾ,ਤੂੰ ਨਾ ਮੁੜ੍ਹਕੇ ਪੈ।

ਜੇ ਕੋਈ ਆਕਿਰਤਘਨ, ਕਿਤੇ ਮਿਲ ਜਾਏ ਤੈਨੂੰ,
ਉਸ ਦੇ ਨਾਲ ਨਾ ਸਿੱਖਾ ਤੂੰ, ਕਦੀ ਭੁਲ ਕੇ ਵੀ ਖਹਿ।

ਜੇ ਜਾਪੇ ਕੁਝ ਘੱਟ ਮਿਲਿਆ, ਓਹਦਾ ਗਮ ਨਾ ਕਰ,
ਜੋ ਮਿਲਿਆ ਉਸ ਤੋਂ ਹੀ ਮਿਲਿਆ, ਸ਼ੁਕਰੀਆ ਕਹਿ।

ਸ਼ਬਦ ਗੁਰੂ ਨਾਲ ਉਸ ਜੋੜਿਆ ਤੈਨੂੰ, 'ਜਗਿਆਸੂ'
ਤੂੰ ਸ਼ਬਦ ਗੁਰੂ ਨਾਲ ਹੀ, ਸਦਾ ਲਈ ਜੁੜਿਆ ਰਹਿ।

ਹਰਬੰਸ ਸਿੰਘ ਜਗਿਆਸੂ
530-933-2204

# ਹੁਣ ਕਿਸੇ-ਕਿਸੇ ਘਰ ਹੀ ਵੱਟੀਆਂ ਜਾਂਦੀਆਂ ਨੇ ਘੜਿਆਂ 'ਤੇ 'ਸੇਵੀਆਂ'

ਪਹਿਲੇ ਸਮਿਆਂ ਵਿੱਚ ਸੇਵੀਆਂ ਪੰਜਾਬੀਆਂ ਦੀ ਬਹੁਤ ਪਿਆਰੀ ਸਵੀਟ ਡਿਸ਼ ਹੁੰਦੀ ਸੀ। ਸੇਵੀਆ ਕਦੇ-ਕਦੇ ਜਾਂ ਪ੍ਰਾਹੁਣੇ ਆਇਆ 'ਤੇ ਬਣਾਈਆਂ ਜਾਂਦੀਆਂ ਸਨ। ਸੇਵੀਆਂ ਘਰ-ਘਰ ਬਣਾਈਆਂ ਜਾਂਦੀਆਂ ਸਨ। ਜਿਸ ਦਿਨ ਸੇਵੀਆਂ ਬਣਾਈਆਂ ਜਾਂਦੀਆਂ ਸਨ, ਉਸ ਦਿਨ ਸਾਰੇ ਟੱਬਰ ਨੂੰ ਗੋਡੇ-ਗੋਡੇ ਚਾਅ ਚੜ੍ਹ ਜਾਂਦਾ ਸੀ। ਸੇਵੀਆਂ ਗੁੱਗਾ ਨੌਮੀ ਦੇ ਤਿਉਹਾਰ ਤੌ ਪਹਿਲਾਂ ਵੱਟੀਆਂ ਜਾਂਦੀਆਂ ਸਨ, ਵਿਚਾਰ ਕੀਤਾ ਜਾਂਦਾ ਸੀ ਕਿ ਗੁੱਗਾ ਨੌਮੀ ਤੋ ਪਹਿਲਾਂ-ਪਹਿਲਾਂ ਵੱਟ ਲਈਆਂ ਜਾਣ। ਪਹਿਲੇ ਸਮਿਆਂ ਵਿੱਚ ਸੇਵੀਆਂ ਦੇ ਤਰ੍ਹਾਂ ਵੱਟੀਆਂ ਜਾਂਦੀਆਂ ਸਨ। ਸੇਵੀਆਂ ਵੱਟਣ ਦਾ ਪਹਿਲਾਂ ਢੰਗ ਘੜੇ ਜਾਂ ਚਾਟੀ ਨੂੰ ਮੂਧਾ (ਪੁੱਠਾ) ਮਾਰ ਕੇ ਉਸ ਉੱਪਰ ਗੁੰਨ੍ਹਿਆਂ ਮੈਦਾ ਰੱਖ ਕੇ, ਦੂਜਾ ਢੰਗ ਦੋਵਾਂ ਹੱਥਾਂ ਵਿੱਚ ਥੋੜ੍ਹਾਂ-ਥੋੜ੍ਹਾਂ ਆਟਾ ਫੜ ਕੇ ਅਤੇ ਉਨਾਂਗਲੀਆਂ ਤੇ ਅੰਗੂਠੇ ਦੀ ਦਾਬ ਨਾਲ ਵੱਟੀਆਂ ਜਾਂਦੀਆਂ ਸਨ। ਜਿਨ੍ਹਾਂ ਨੂੰ ਜੋਨਾਂ ਸੇਵੀਆਂ ਕਿਹਾ ਜਾਂਦਾ ਸੀ। ਸੇਵੀਆਂ ਆਮ ਤੌਰ 'ਤੇ ਆਂਢਣਾਂ-ਗੁਆਂਢਣਾਂ 'ਕੱਠੀਆਂ ਹੋ ਕੇ ਰਲ ਕੇ ਇਕ-ਦੂਜੇ ਦੀਆਂ ਵੱਟਦੀਆਂ ਸਨ। ਸਾਰੀਆਂ ਜ਼ਨਾਨੀਆਂ ਨੇ ਇਕੋ ਘਰ ਆਟਾ ਚੁੱਕ ਲਿਆਉਣਾ ਤੇ ਗੱਲਾਂ ਕਰਦੀਆਂ-ਕਰਦੀਆਂ ਨੇ ਕਦੋ ਸੇਵੀਆਂ ਵੱਟ ਲੈਣੀਆਂ, ਪਤਾ ਹੀ ਨਾ ਲੱਗਦਾ। ਪੁਰਾਣੇ ਪੰਜਾਬ ਦੀਆਂ ਸਾਰੀਆਂ ਜ਼ਨਾਨੀਆਂ ਸੇਵੀਆਂ ਵੱਟ ਲੈਂਦੀਆਂ ਸਨ। ਸੇਵੀਆਂ ਵੱਟਣ ਵਾਸਤੇ ਮੁੱਢਲੀ ਚੀਜ਼ ਮੈਦਾ ਹੁੰਦਾ ਸੀ। ਪਹਿਲਾ ਮੈਦਾ ਚੱਕੀ ਜਾਂ ਖਰਾਸ ਰਾਹੀਨਾਂ ਪੀਹ ਲਿਆ ਜਾਂਦਾ ਸੀ ਜਾਂ ਬਾਜ਼ਾਰ ਵਿਚੋ ਖਰੀਦਿਆਂ ਜਾਂਦਾ ਸੀ। ਫਿਰ ਇਸ ਪੀਸੇ ਹੋਏ ਮੈਦੇ ਨੂੰ ਕੱਪੜ- ਸਾਣ ਕਰਕੇ ਬਰੀਕ ਮੈਦਾ ਪ੍ਰਾਪਤ ਕਰ ਲਿਆ ਜਾਂਦਾ। ਇਸ ਤਰ੍ਹਾਂ ਲੋੜ ਜੋਗਾ ਮੈਦਾ ਤਿਆਰ ਕਰ ਲਿਆ ਜਾਂਦਾ ਸੀ। ਫਿਰ ਇਸ ਸੁੱਕੇ ਮੈਦੇ ਨੂੰ ਚੰਗੀ ਤਰ੍ਹਾਂ ਗੁੰਨ੍ਹ ਕੇ ਜ਼ਨਾਨੀਆਂ ਬੜਾ ਪੇੜਾ ਬਣਾ ਲੈਨਾਂਦੀਆਂ ਸਨ। ਪੇੜੇ ਨੂੰ ਸੁੱਕਣ ਤੋ ਬਚਾਉਣ ਲਈ ਸਰੋ ਦਾ ਤੇਲ ਲਾ ਕੇ



ਪੌਣੇ ਨਾਲ ਢਕ ਦਿੰਦੇ ਸਨ। ਜੋ ਸੇਵੀਆਂ ਬਣਾਉਣ ਲਈ ਜ਼ਨਾਨੀਆਂ ਇਸ ਬੜੇ ਪੇੜੇ ਵਿਚੋ ਥੋੜ੍ਹਾਂ-ਥੋੜ੍ਹਾਂ ਆਟਾ ਲੈ ਕੇ ਅੰਗੂਠੇ ਤੇ ਉਨਾਂਗਲੀਆਂ ਦੀ ਦਾਬ ਨਾਲ ਸੇਵੀਆਂ ਵੱਟਦੀਆਂ ਸਨ। ਸੇਵੀਆਂ ਵੱਟਣ ਦੀ ਵੀ ਕਲਾ ਹੁੰਦੀ ਸੀ। ਇਹ ਸੇਵੀਆਂ ਥੋੜ੍ਹੀ ਲੰਬਾਈ ਦੀਆਂ ਬਣਦੀਆਂ ਸਨ। ਲੰਮੀਆਂ ਸੇਵੀਆਂ ਥਿੰਦੀ ਚਾਟੀ ਜਾਂ ਥਿੰਦੇ ਘੜੇ ਨੂੰ ਮੂਧਾ ਮਾਰ ਕੇ ਉਸ ਉੱਪਰ ਗੁੰਨ੍ਹਿਆ ਮੈਦਾ ਰੱਖ ਕੇ ਸੱਜੇ ਹੱਥ ਨਾਲ ਵਲ੍ਹੇਟ ਕੇ ਵੱਟੀਆਂ ਜਾਂਦੀਆਂ ਸਨ। ਜਦ ਇਹ ਗਜ਼-ਗਜ਼ ਲੰਮੀਆਂ ਹੋ ਜਾਂਦੀਆਂ ਤਾਂ ਇਹਨਾਂ ਨੂੰ ਕਿੱਕਰ ਜਾਂ ਕਰੀਰ ਦੀਆਂ ਝਿੰਗਾਂ ਉੱਤੇ ਸੁੱਟ ਦਿੱਤਾ ਜਾਂਦਾ। ਉਨ੍ਹਾਂ ਸਮਿਆਂ ਵਿਚ ਕਿੱਕਰਾਂ ਜਾਂ ਕਰੀਰ ਦੇ ਰੁੱਖ ਆਮ ਹੁੰਦੇ ਸਨ। ਫਿਰ ਸੇਵੀਆਂ ਵੱਟਣ ਵਾਲੀਆਂ ਮਸ਼ੀਨਾਂ ਆ ਗਈਆਂ, ਇਹ ਮਸ਼ੀਨ ਪਿੰਡ ਵਿੱਚ ਦੋ-ਚਾਰ ਘਰਾਂ ਕੋਲ ਹੀ ਹੁੰਦੀ ਸੀ ਤੇ ਹਰ ਰੋਜ਼ ਕੋਈ ਨਾ ਕੋਈ ਉਨ੍ਹਾਂ ਘਰ ਮਸ਼ੀਨ ਮੰਗਣ ਤੁਰਿਆ ਹੀ ਰਹਿੰਦਾ ਸੀ। ਕਈ ਵਾਰ ਤਾਂ ਜਿਹੜਾ ਮਸ਼ੀਨ ਲੈ ਕੇ ਗਿਆ ਹੁੰਦਾ, ਉਨ੍ਹਾਂ ਘਰੋ ਕਿਸੇ ਹੋਰ ਨੇ ਅੱਗੋ ਉਨ੍ਹਾਂ ਘਰੋ ਕਿਸੇ ਹੋਰ ਨੇ ਲੈ ਜਾਣੀ ਤੇ ਅਖੀਰ ਬੜੀ ਮੁਸ਼ਕਲ ਨਾਲ ਮਿਲਦੀ। ਇਸ ਮਸ਼ੀਨ ਨੂੰ ਮੰਜ਼ੇ ਦੀ ਬਾਹੀ ਨਾਲ ਚੰਗੀ ਤਰ੍ਹਾਂ ਕੱਸਿਆ ਜਾਂਦਾ ਸੀ। ਇਕ ਜ਼ਨਾਨੀ ਮੰਜ਼ੇ 'ਤੇ ਬੈਠ ਕੇ ਮਸ਼ੀਨ ਨੂੰ ਗੇੜਾ ਦਿੰਦੀ ਸੀ, ਦੂਜੀ ਜ਼ਨਾਨੀ ਇਸ ਦੇ ਛੇਕ (ਮੂੰਹ) ਵਿਚ ਆਟਾ ਤੁੰਨਦੀ ਸੀ। ਗੇੜਾ ਦੇਣ ਨਾਲ 25-30 ਸੇਵੀਆਂ ਦੀ ਲੜੀ ਬਾਹਰ ਆ ਜਾਂਦੀ। ਜੇਕਰ ਮੋਟੀਆਂ ਸੇਵੀਆਂ ਚਾਹੀਦੀਆਂ ਹੁੰਦੀਆਂ ਤਾਂ ਮੋਟੀ ਛਾਨਣੀ ਫਿੱਟ ਕਰ ਲਈ ਜਾਂਦੀ ਤੇ ਬਰੀਕ ਸੇਵੀਆਂ ਵਾਸਤੇ ਬਰੀਕ ਛਾਨਣੀ ਫਿੱਟ ਕਰ ਲਈ ਜਾਂਦੀ ਸੀ।

ਨਿਕਲਦੀਆਂ ਸੇਵੀਆਂ ਨੂੰ ਮਸ਼ੀਨ ਮੁੱਢੋ ਤੋੜ ਕੇ ਕਰੀਰ ਜਾਂ ਕਿੱਕਰ ਦੀਆਂ ਝਿੰਗਾ ਉੱਪਰ ਪਾ ਕੇ ਧੁੱਪੇ ਸੁੱਕਾ ਲੈਂਦੇ ਸਨ। ਸੇਵੀਆਂ ਨੂੰ ਸੁੱਕਣ ਪਿਛੋ ਕੱਪੜੇ ਵਿੱਚ 'ਕੱਠੀਆਂ ਕਰ ਲੈਨਾਂਦੇ ਸਨ। ਫਿਰ ਇਨ੍ਹਾਂ ਸੇਵੀਆਂ ਨੂੰ ਕਿਸੇ ਟੁੱਟੇ ਚਾਟੀ ਜਾਂ ਘੜੇ ਦੇ ਥੱਲੇ ਵਿੱਚ ਪਾ ਕੇ ਚੁਰ ਦੀ ਅੱਗ ਉੱਪਰ ਰੱਖ ਕੇ ਭੁੰਨ ਲਿਆ ਜਾਂਦਾ ਸੀ। ਭੁੱਜੀਆਂ ਹੋਈਆਂ ਸੇਵੀਆਂ ਨੂੰ ਦੁੱਧ ਵਿਚ ਉਬਾਲ ਕੇ ਬਣਾਇਆ ਜਾਂਦਾ ਸੀ। ਇਹਨਾਂ ਦਾ ਆਪਣਾ ਹੀ ਸਵਾਦ ਹੁੰਦਾ ਸੀ। ਕਈ ਸ਼ੌਕੀਨ ਜ਼ਨਾਨੀਆਂ ਰਸ ਪਾ ਕੇ ਵੀ ਆਟਾ ਗੁੰਨ੍ਹਦੀਆਂ ਸਨ। ਜਿਸ ਨਾਲ ਰੰਗ-ਬਰੰਗੀਆਂ ਸੇਵੀਆਂ ਦੇਖਣ 'ਚ ਬਹੁਤ ਹੀ ਸੋਹਣੀਆਂ ਲੱਗਦੀਆਂ ਸਨ। ਸੇਵੀਆਂ ਨੂੰ ਪੋਲੀਆ ਬਣਾਉਣ ਲਈ ਕਈ ਪਰਿਵਾਰ ਮੈਦੇ ਵਿਚ ਥੋੜੀ ਸੂਜੀ ਪਾ ਕੇ ਵੀ ਸੇਵੀਆਂ ਵੱਟ ਲੈਂਦੇ ਸਨ। ਪਹਿਲੇ ਸਮਿਆਂ ਵਿਚ ਜਦ ਭਾਈ ਆਪਣੀਆਂ ਭੈਣਾਂ ਨੂੰ ਸਹੁਰੀ ਮਿਲਣ ਜਾਂਦੇ ਸਨ ਤਾਂ ਉਹ ਕੱਚੀਆਂ ਸੇਵੀਆਂ ਆਪਣੀਆਂ ਭੈਣਾਂ ਨੂੰ ਜਰੂਰ ਲੈ ਕੇ ਜਾਂਦੇ ਸਨ ਤਾਹੀਓ ਤਾਂ ਇਸ ਦਾ ਜਿਕਰ ਗੀਤਾਂ ਵਿਚ ਆਉਦਾ ਹੈ÷

ਹੱਥ ਛੱਤਰੀ ਰੁਮਾਲ ਪੱਲੇ ਸੇਵੀਆਂ,
ਭੈਣ ਕੋਲ ਭਾਈ ਚੱਲਿਆ।

ਹੁਣ ਸੇਵੀਆਂ ਵੱਟਣ ਵਾਲੀਆਂ ਡੀਜ਼ਲ ਇੰਜਣ ਤੇ ਬਿਜਲੀ ਨਾਲ ਚੱਲਣ ਵਾਲੀਆਂ ਮਸੀਨਾਂ ਆ ਗਈਆਂ ਨੇ ਜਿਨ੍ਹਾਂ ਸੇਵੀਆਂ ਵੱਟਣ ਵਾਲੀਆਂ ਸੁਆਣੀਆਂ ਦਾ ਕੰਮ ਕੁਝ ਕੁ ਸੁਖਾਲਾ ਬਣਾ ਦਿੱਤਾ ਹੈ।'ਹੁਣ ਬਾਹਾਂ ਦਾ ਬਹੁਤਾ ਜੋਰ ਲਾਉਣ ਦੀ ਜਰੂਰਤ ਨਹੀ ਰਹਿ ਗਈ। ਹੁਣ ਕੋਈ ਨਾਂਟਾਂਵਾਂ-ਟਾਂਵਾਂ ਘਰ ਹੀ ਚਾਟੀ,ਘੜੇ 'ਤੇ ਸੇਵੀਆਂ ਵੱਟਦਾ ਹੈ। ਕੋਈ ਪੁਰਾਣੀ ਬੁੜ੍ਹੀ ਠੇਰੀ ਹੀ ਆਪਣਾ ਸ਼ੌਕ ਪੂਰਾ ਕਰਨ ਲਈ ਹੁਣ ਹੱਥ ਨਾਲ ਸੇਵੀਆਂ ਵੱਟਦੀ ਹੈ। ਹੁਣ ਮਿੱਠੀਆਂ ਸੇਵੀਆਂ ਖਾਣ ਦਾ ਰਿਵਾਜ ਤੇ ਹੱਥੀ ਵੱਟਣ ਦਾ ਰਿਵਾਜ ਦਿਨੋ-ਦਿਨ ਘਟਦਾ ਜਾ ਰਿਹਾ ਹੈ।



ਤਸਵਿੰਦਰ ਸਿੰਘ ਬੜੈਚ
91-98763-22677


# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ




ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।

**ਅਖੰਡ ਪਾਠ ਸਾਹਿਬ ਦੀ ਲੜੀ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 17 ਸਤੰਬਰ ਤੋਂ ਸ਼ੁਰੂ ਹੈ, ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ 4 ਨਵੰਬਰ (ਸ਼ੁੱਕਰਵਾਰ) ਤੋਂ ਆਰੰਭ ਹੋ ਕੇ 6 ਨਵੰਬਰ ਦਿਨ ਐਤਵਾਰ ਨੂੰ ਸਵੇਰੇ 8 ਵਜੇ ਭੋਗ ਪੈਣਗੇ।


ਸਰਬਜੀਤ ਸਿੰਘ (ਸਰਬ ਥਿਆੜਾ)

**ਬੇਨਤੀ ਕਰਤਾ ਸੰਗਤ ਦੇ ਦਾਸ**

# ਸਰਬ ਥਿਆੜਾ


ਸਰਬ ਥਿਆੜਾ, ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਦੇ ਨਾਲ

# ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ





## ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ




Prop: Jasbir Singh Takhar
510-755-2132

**We Do Complete Engine Transmission, Body and Paint Work We Sell Used Cars at a Good Price**

Free Estimates Free Towing

**510- 733- 2222**

1421 Industrial PKWY West#F Hayward, CA 94544



Harmandeep Singh

**AAA AUTO AND BODY WORKS**

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



# TANDOOR
**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532



# L.A. MERCHANDISE
**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

## ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ






# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।

Raja
RAJA SWEETS & CATERING
WORK (510) 489-9100
CELL (510) 715-1619



ਗਿਆਨੀ ਰਵਿੰਦਰ ਸਿੰਘ

ਮੱਖਣ ਸਿੰਘ ਬੈਂਸ




# ਗੁਰਗੱਦੀ ਦਿਵਸ, ਬੰਦੀ ਛੋੜ ਦਿਵਸ ਅਤੇ ਯੂਬਾ ਸਿਟੀ ਦੇ 37 ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਟਾਇਰਾ ਬਿਉਨਾ (ਯੂਬਾ ਸਿਟੀ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 6 ਨਵੰਬਰ 2016 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਗੁਰੂ ਪਿਆਰੀ ਸਾਧ-ਸੰਗਤ ਜੀ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ।






## ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਦਾ ਪਰਿਵਾਰ